ਕੈਨੇਡਾ ਦਰਪਣ

ਸਤੰਬਰ 30, 1983

September 30, 1983

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

EAST INDIAN COMMUNITY NEWSPAPER　　ਹਫ਼ਤੇਵਾਰ　　SECOND CLASS MAIL — Reg. No. 5991

ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1
Vol. 2 No. 19　Weekending Sep. 30, 1983
PHONE: 324-6111
ਕੀਮਤ 25¢

ਲੁਧਿਆਣੇ ਦੇ ਐਸ. ਐਸ. ਪੀ. ਭੱਟੀ ਨੂੰ ਕਤਲ ਕਰਨ ਦੀ ਕੋਸ਼ਿਸ਼

ਜਵਾਬੀ ਗੋਲੀ ਵਿਚ ਇਕ ਵਿਅਕਤੀ ਦੀ ਮੌਤ

ਲੁਧਿਆਣੇ ਵਿਚ ਕੱਲ੍ਹ ਉਸ ਸਮੇਂ ਸਨਸਨੀ ਫੈਲ ਗਈ ਜਦੋਂ ਲੁਧਿਆਣਾ ਦੇ ਐਸ. ਐਸ. ਪੀ. ਸ਼੍ਰੀ ਭੱਟੀ ਉਤੇ ਕਿਸੇ ਅਗਿਆਤ ਵਿਅਕਤੀ ਨੇ ਗੋਲੀ ਚਲਾ ਕੇ ਉਨ੍ਹਾਂ ਨੂੰ ਮਾਰਨ ਦਾ ਯਤਨ ਕੀਤਾ। ਖਬਰ ਅਨੁਸਾਰ ਸ਼੍ਰੀ ਭੱਟੀ ਉਸ ਸਮੇਂ ਪੁਲਸ ਟੁਕੜੀਆਂ ਵਲੋਂ ਸਲਾਮੀ ਲੈ ਰਹੇ ਸਨ। ਗੋਲੀ ਚਲਣ ਕਾਰਨ ਹਫੜਾ ਦਫੜੀ ਫੈਲ ਗਈ। ਇਕ ਖਬਰ ਅਨੁਸਾਰ ਪੁਲਸ ਵਲੋਂ ਜਵਾਬੀ ਗੋਲੀ ਚਲਾਈ ਗਈ। ਜਿਸ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ ਹੈ। ਪੱਤਰ ਪਰੇਰਕ ਅਨੁਸਾਰ ਚੰਡੀਗੜ੍ਹ ਤੋਂ ਹੋਰ ਪੁਲੀਸ ਲੁਧਿਆਣੇ ਬੁਲਾ ਲਈ ਗਈ ਹੈ।

ਯਾਦ ਰਹੇ ਕਿ ਪਿਛਲੇ ਮਹੀਨਿਆਂ ਵਿਚ ਕਈ ਧਮਕੀ ਪੱਤਰ ਸ਼੍ਰੀ ਭੱਟੀ ਨੂੰ ਮਿਲਦੇ ਰਹੇ ਹਨ। ਕਈ ਵਾਰ ਇਹ ਖਬਰਾਂ ਵੀ ਆਉਂਦੀਆਂ ਰਹੀਆਂ ਹਨ ਕਿ ਉਹ ਧਮਕੀ ਦੇਣ ਵਾਲਿਆਂ ਦੇ ਚਰਨੀ ਵੀ ਜਾ ਲੱਗੇ ਹਨ। ਨਿਰੰਕਾਰੀ ਕੁਲਵੰਤ ਸਿੰਘ ਭਾਟੀਆ ਦੇ ਕਤਲ ਤੋਂ ਪਿੱਛੋਂ ਇਹ ਘਟਨਾ ਪੰਜਾਬ ਵਿਚ ਅਹਿਮ ਘਟਨਾ ਵਜੋਂ ਗਿਣੀ ਜਾ ਰਹੀ ਹੈ। ਕੁਝ ਸੂਤਰਾਂ ਅਨੁਸਾਰ ਇਹ ਵੀ ਦਸਿਆ ਗਿਆ ਹੈ ਕਿ ਸ਼੍ਰੀ ਭੱਟੀ ਦੇ ਸਬੰਧ ਵੀ ਨਿਰੰਕਾਰੀ ਫਿਰਕੇ ਨਾਲ ਹਨ।

ਹੜ੍ਹਾਂ ਨੇ ਭਾਰਤ ਵਿਚ ਤਬਾਹੀ ਲਿਆ ਦਿੱਤੀ

223 ਵਿਅਕਤੀ ਹੜ੍ਹਾਂ ਵਿਚ ਰੁੜ ਗਏ

ਨਵੀਂ ਦਿੱਲੀ—ਆਸਾਮ ਅਤੇ ਮਹਾਂਰਾਸ਼ਟਰਾ ਵਿਚ ਹੜ੍ਹਾਂ ਦੀਆਂ ਭਿਆਨਕ ਖਬਰਾਂ ਮਿਲੀਆਂ ਹਨ। ਇਕੱਲੇ ਮਹਾਂਰਾਸ਼ਟਰਾ ਵਿਚ 66 ਮੌਤਾਂ ਡੁੱਬਣ ਕਾਰਨ ਹੋਈਆਂ ਹਨ। ਆਸਾਮ ਦੇ ਕਈਆਂ ਜ਼ਿਲਿਆਂ ਵਿਚ ਪਾਣੀ ਹੀ ਪਾਣੀ ਫਿਰ ਰਿਹਾ ਹੈ। ਹੜ੍ਹਾਂ ਦੇ ਸ਼ਿਕਾਰ ਲੋਕਾਂ ਨੂੰ ਮਦਦ ਲਈ ਹੈਲੀਕੌਪਟਰ ਅਤੇ ਕਿਸ਼ਤੀਆਂ ਰਾਹੀਂ ਮਦਦ ਪਹੁੰਚਾਈ ਜਾ ਰਹੀ ਹੈ। ਫੌਜ ਬੁਲਾ ਲਈ ਗਈ ਹੈ। ਅਤੇ ਹਜ਼ਾਰਾਂ ਲੋਕਾਂ ਨੂੰ ਰਸਦ ਪਹੁੰਚਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਉਤਰੀ ਪੂਰਬੀ ਆਸਾਮ ਬਾਕੀ ਸਾਰੇ ਭਾਰਤ ਨਾਲੋਂ ਹੜ੍ਹਾਂ ਕਾਰਨ ਕੱਟਿਆ ਗਿਆ ਹੈ।

ਬੈਰੂਤ ਦੂਜਾ ਵੀਅਤਨਾਮ ਬਣਨ ਲੱਗਾ

ਅਮਰੀਕਾ ਆਪਣਾ ਅਸਲੀ ਰੂਪ ਵਿਖਾਉਣ ਲੱਗਾ

ਬੈਰੂਤ—ਪਿਛਲੇ ਦੋ ਦਿਨ ਤੋਂ ਅਮਰੀਕਨ ਸਮੁੰਦਰੀ ਜਹਾਜ਼ਾਂ ਵਲੋਂ ਬੈਰੂਤ ਤੇ ਗੋਲਾਬਾਰੀ ਸ਼ੁਰੂ ਕਰ ਦਿੱਤੀ ਗਈ ਹੈ। ਅੱਜ ਬੈਰੂਤ ਵਿਚ ਭਾਰੀ ਹਮਲਿਆਂ ਦੇ ਬਾਵਜੂਦ ਡਰੂਸ ਫੌਜਾਂ ਨੇ ਅਮਰੀਕਨ ਹਮਲਿਆਂ ਦਾ ਮੂੰਹ ਤੋੜ ਜਵਾਬ ਦਿੱਤਾ। ਇਹ ਲੜਾਈ ਸੂਕ-ਐਲ-ਗਾਰਬ ਦੇ ਮਿਲਟਰੀ ਨੁਕਤੇ ਤੋਂ ਜ਼ਰੂਰੀ ਪਿੰਡ ਲਈ ਹੋ ਰਹੀ ਹੈ ਜਿਹੜਾ ਕਿ ਬੈਰੂਤ ਤੋਂ ਕੇਵਲ 15 ਕਿਲੋਮੀਟਰ ਦੂਰ ਹੈ। ਅਮਰੀਕਾ ਸਿੱਧੀ ਤਰ੍ਹਾਂ ਕ੍ਰਿਸਚਨ ਫੌਜਾਂ ਦੀ ਮਦਦ ਤੇ ਉਤਰ ਆਇਆ ਹੈ। ਕੁਝ ਸੂਤਰਾਂ ਅਨੁਸਾਰ ਇਹ ਲੜਾਈ ਵੀਅਤਨਾਮੀ ਲੜਾਈ ਦਾ ਹੀ ਦੂਜਾ ਰੂਪ ਹੈ।

ਸਾਡਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਕੋਈ ਮਤਭੇਦ ਨਹੀਂ ਹੈ —

ਲੌਂਗੋਵਾਲ—

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀਆਂ ਪੰਥ ਪ੍ਰਤੀ ਅਤੇ ਅਕਾਲੀ ਮੋਰਚੇ ਪ੍ਰਤੀ ਸੇਵਾਵਾਂ ਦੀ ਸ਼ਲਾਘਾ ਕਰਦੇ ਹੋਏ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਜੇ ਸੰਤ ਭਿੰਡਰਾਂਵਾਲੇ ਚਾਹੁੰਦੇ ਹਨ ਤਾਂ ਮੈਂ ਪ੍ਰਧਾਨਗੀ ਪਦ ਨੂੰ ਤਿਆਗ ਦੇਵਾਂਗਾ। ਉਹ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਏ ਇਕ ਸਮਾਗਮ ਵਿਚ ਬੋਲ ਰਹੇ ਸਨ। ਉਹਨਾਂ ਕਿਹਾ ਕਿ ਮੇਰੇ ਦਿਲ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਸਤਿਕਾਰ ਹੈ ਅਤੇ ਅਕਾਲੀ ਮੋਰਚੇ ਲਈ ਜੋ ਉਹਨਾਂ ਦੀਆਂ ਘਾਲਣਾ ਹਨ ਮੈਂ ਉਨਾਂ ਦੀ ਕਦਰ ਕਰਦਾ ਹਾਂ। ਉਨਾ ਕਿਹਾ ਕਿ ਮੇਰਾ ਸੰਤ ਭਿੰਡਰਾਂਵਾਲੇ ਨਾਲ ਕੋਈ ਮਤਭੇਦ ਨਹੀਂ ਹੈ।

ਮੰਗਾਂ ਨਾ ਮੰਨੀਆਂ ਤਾਂ ਲੋਕ ਖਾਲਿਸਤਾਨ ਦੀ ਮੰਗ ਕਰ ਸਕਦੇ ਹਨ -- ਭਿੰਡਰਾਂਵਾਲਾ

ਭਿਖੀਵਿੰਡ—ਜੇਕਰ ਅਕਾਲੀ ਮੋਰਚਾ ਹੋਰ ਲੰਮਾ ਹੋ ਗਿਆ ਤਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਜ਼ਗਾਹ ਲੈ ਲੈਣਗੇ।

ਇਹ ਪ੍ਰਗਟਾਵਾ ਕਰਦਿਆਂ ਬੀ. ਬੀ. ਸੀ. ਲੰਡਨ ਨੇ ਕਿਹਾ ਕਿ ਮੋਰਚਾ ਸੰਤ ਲੌਂਗੋਵਾਲ ਦੇ ਹਥੋਂ ਨਿਕਲਦਾ ਜਾ ਰਿਹਾ ਹੈ ਤੇ ਪਿੰਡਾਂ ਵਿਚ ਸੰਤ ਭਿੰਡਰਾਂਵਾਲੇ ਦੇ ਪੈਰੋਕਾਰਾਂ ਦੀ ਗਿਣਤੀ ਵਧੇਰੇ ਹੈ।

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੋਂ ਜਦ "ਖਾਲਿਸਤਾਨ" ਬਾਰੇ ਪੁਛਿਆ ਗਿਆ ਤਾਂ ਉਹਨਾਂ ਕਿਹਾ ਕਿ ਅਸੀਂ "ਖਾਲਿਸਤਾਨ" ਦੀ ਹਮਾਇਤ ਨਹੀਂ ਕਰਦੇ ਜੇਕਰ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਫਿਰ ਸਾਡਾ ਕੰਟਰੋਲ ਨਹੀਂ ਰਹੇਗਾ ਤੇ ਲੋਕ ਖਾਲਿਸਤਾਨ ਦੀ ਮੰਗ ਕਰ ਸਕਦੇ ਹਨ

6 ਮਹੀਨਿਆਂ 'ਚ ਪੁਲਸ ਮੁਕਾਬਲੇ ਵਿਚ 23 ਮੌਤਾਂ

82-83 'ਚ ਸਰਕਾਰੀ ਬਸਾਂ ਨੂੰ 8 ਸੌ ਹਾਦਸੇ

ਚੰਡੀਗੜ੍ਹ—ਇਸ ਸਾਲ ਅਪਰੈਲ ਤੇ ਅਗਸਤ ਵਿਚਕਾਰ ਹੋਏ ਕਤਲਾਂ ਵਿਚ ਜ਼ਿਲਾ ਅੰਮ੍ਰਿਤਸਰ ਸਭ ਤੋਂ ਟੀਸੀ ਉਤੇ ਹੈ। ਅਪਰੈਲ ਤੋਂ 23 ਅਗਸਤ ਤੱਕ ਕਤਲ ਦੇ 63 ਕੇਸ ਦਰਜ ਕੀਤੇ ਗਏ ਫਿਰੋਜ਼ਪੁਰ ਜ਼ਿਲਾ 29 ਕੇਸਾਂ ਨਾਲ ਦੂਸਰੇ ਨੰਬਰ ਉਤੇ ਸੀ। ਸੰਗਰੂਰ ਜ਼ਿਲੇ ਵਿਚ 27 ਕਤਲ ਕੇਸ ਦਰਜ ਹੋਏ।

ਪੁਲਸ ਮੁਕਾਬਲਿਆਂ ਵਿਚ 23 ਬੰਦੇ ਮਰੇ ਇਹਨਾਂ ਵਿਚ 7 ਵਿਅਕਤੀ ਜ਼ਿਲਾ ਲੁਧਿਆਣਾ ਵਿਚ ਤਿੰਨ ਹੁਸ਼ਿਆਰਪੁਰ ਜ਼ਿਲੇ ਵਿਚ ਦੋ ਪਟਿਆਲੇ ਜ਼ਿਲੇ ਵਿਚ ਤੇ ਦੋ ਗੁਮਨਾਮ ਪਾਕਿਸਤਾਨੀ ਫਿਰੋਜ਼ਪੁਰ ਜ਼ਿਲੇ ਵਿਚ ਮਰੇ।

ਵਿਧਾਨ ਸਭਾ ਵਿਚ ਹੀ ਦਸਿਆ ਗਿਆ ਕਿ ਪੰਜਾਬ ਰੋਡਵੇਜ਼ ਤੇ ਪੈਪਸੂ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਬਸਾਂ ਨੂੰ 1982-83 ਵਿਚ 800 ਹਾਦਸੇ ਪੇਸ਼ ਆਏ ਤੇ ਇਹਨਾਂ ਘਟਨਾਵਾਂ ਵਿਚ 236 ਵਿਅਕਤੀ ਮਰੇ। ਇਹਨਾਂ ਹਾਦਸਿਆਂ ਦੇ ਕਾਰਨਾਂ ਵਿਚ ਡਰਾਈਵਰਾਂ ਦੀ ਅਣਗਹਿਲੀ, ਮਕੈਨੀਕੀ ਨੁਕਸ, ਮੌਸਮ ਦੀ ਖਰਾਬੀ, ਸੜਕ ਸੰਕੇਤਾਂ ਦੀ ਅਣਹੋਂਦ ਤੇ ਤਿੱਖੇ ਮੋੜ ਸ਼ਾਮਲ ਸਨ।

ਅੰਦਰ ਪੜ੍ਹੋ :—

ਕੈ ਨੇ ਡਾ ਦ ਰ ਪ ਣ

ਕਾਰ ਇੰਨਸ਼ੋਰੈਂਸ ਸਬੰਧੀ ਐਨ. ਡੀ. ਪੀ. ਐਮ. ਐਲ. ਏ. ਦਾ ਬਿੱਲ

ਵਿਕਟੋਰੀਆ—ਐਨ. ਡੀ. ਪੀ. ਦੇ ਐਮ. ਐਲ. ਏ. ਐਮਰੀ ਬਾਰਨਸ ਨੇ ਬੀ. ਸੀ. ਲਿਜੈਸਲੇਚਰ ਵਿਚ ਇਕ ਪ੍ਰਾਈਵੇਟ ਬਿੱਲ ਪੇਸ਼ ਕੀਤਾ ਹੈ ਕਿ ਕਾਰਾਂ ਉੱਤੇ ਏਨੀ ਇੰਨਸ਼ੋਰੈਂਸ ਚਾਹੀਦੀ ਹੈ ਜਿਸ ਨਾਲ ਕਾਰ ਐਕਸੀਡੈਂਟਾਂ ਵਿਚ ਹੋਣ ਵਾਲੇ ਨੁਕਸਾਨ ਦਾ ਬੋਝ ਪੂਰਾ ਹੋ ਸਕੇ।

ਦੋ ਸਾਲ ਪਹਿਲਾਂ ਐਮਰੀ ਬਾਰਨਸ ਪਰਵਾਰ ਨੂੰ ਇਕ ਕੋਰਟ ਵਲੋਂ ਕਾਰ ਐਕਸੀਡੈਂਟ ਲਈ ਚਾਰ ਲੱਖ ਪੰਤਾਲੀ ਹਜ਼ਾਰ ਦਾ ਹਰਜ਼ਾਨਾ ਪਿਆ ਸੀ। ਬਾਰਨਸ ਅਨੁਸਾਰ ਕੋਈ ਆਦਮੀ ਵੀ ਅਜੇਹੀ ਗਲਤੀ ਕਰ ਸਕਦਾ ਹੈ ਕਿ ਉਹ ਪੂਰੀ ਕਵਰਏਜ਼ ਨਾ ਖਰੀਦੇ।

ਔਪਰੇਸ਼ਨ ਸੌਲੇਡੈਰਟੀ ਵਾਲਿਆਂ ਦਾ ਵੈਨਕੂਵਰ ਵਿਚ ਧਰਨਾ

ਵੈਨਕੂਵਰ—16 ਸਤੰਬਰ ਨੂੰ 80 ਮੁਜ਼ਾਹਰਾਕਾਰੀਆਂ ਨੇ ਰੋਬਸਨ ਸੁਕੇਅਰ ਵਿਚ ਸਥਿਤ ਕੈਬਨਿਟ ਆਫਸ ਤੇ ਕਬਜ਼ਾ ਕਰ ਲਿਆ। ਉਹ ਪੂਰੀ ਰਾਤ ਤੇ ਸਾਰਾ ਦਿਨ ਉਸ ਕਮਰੇ ਵਿਚ ਹੀ ਰਹੇ। ਇਹ ਧਰਨਾ ਬਿੱਲ 3 ਵਾਪਸ ਲੈਣ ਲਈ ਲਾਇਆ ਗਿਆ।

ਜਪਾਨੀਆਂ ਨੂੰ ਮੁਆਵਜ਼ਾ

ਕੈਨੇਡਾ ਦਾ ਜਸਟਿਸ ਵਿਭਾਗ ਉਹ ਰਾਹ ਲੱਭ ਰਿਹਾ ਹੈ ਜਿਸ ਨਾਲ ਦੂਜੀ ਸੰਸਾਰ ਜੰਗ ਸਮੇਂ ਜਪਾਨੀਆਂ ਨੂੰ ਜੋ ਕੈਨੇਡਾ ਵਿਚ ਰਹਿੰਦੇ ਸਨ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦਿਤਾ ਜਾ ਸਕੇ। ਯਾਦ ਰਹੇ ਕਿ ਦੂਜੀ ਸੰਸਾਰ ਜੰਗ ਸਮੇਂ ਕੈਨੇਡਾ ਵਿਚ ਰਹਿੰਦੇ ਜਪਾਨੀਆਂ ਨੂੰ ਕੈਂਪਾਂ ਵਿਚ ਬੰਦ ਕਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਖੋਹ ਲਈਆਂ ਗਈਆਂ ਸਨ। ਇਨ੍ਹਾਂ ਦੀ ਗਿਣਤੀ 21000 ਦੇ ਕਰੀਬ ਹੈ ਜਿਨ੍ਹਾਂ ਦੀਆਂ ਜਾਇਦਾਦਾਂ ਖੋਹੀਆਂ ਗਈਆਂ ਸਨ ਜਿਹੜੇ ਕਿ ਉਸ ਵੇਲੇ ਕਨੇਡੀਅਨ ਸ਼ਹਿਰੀ ਵੀ ਸਨ ਅਮਰੀਕਨ ਸਰਕਾਰ ਵੀ ਅਜਿਹਾ ਮੁਆਵਜ਼ਾ ਦੇਣ ਲਈ ਰਜ਼ਾਮੰਦ ਹੋ ਗਈ ਹੈ।

ਗਰਮੀਕੋ ਨੂੰ ਯੂ. ਐਨ. ਓ. ਵਿਚ ਆਉਣ ਤੇ ਪਾਬੰਦੀ

ਮਾਸਕੋ—ਸੋਵੀਅਤ ਵਿਦੇਸ਼ ਮੰਤਰੀ ਅਗਲੇ ਹਫਤੇ ਹੋਣ ਵਾਲੇ ਯੂ. ਐਨ. ਓ. ਦੇ ਜਨਰਲ ਅਸੈਂਬਲੀ ਸੈਸ਼ਨ ਵਿਚ ਹਿਸਾ ਨਹੀਂ ਲੈ ਸਕਣਗੇ। ਸਾਊਥ ਕੋਰੀਅਨ ਜਹਾਜ਼ ਬਾਰੇ ਰੌਲੇ ਗੌਲੇ ਤੋਂ ਨਿਊਯਾਰਕ ਅਤੇ ਨਿਊਜਰਸੀ ਦੇ ਗਵਰਨਰਾਂ ਨੇ ਕਿਸੇ ਸੋਵੀਅਤ ਜਹਾਜ਼ ਨੂੰ ਨਿਊਯਾਰਕ ਅੱਡਿਆਂ ਤੇ ਉਤਰਨ ਤੋਂ ਮਨਾਹੀ ਕਰ ਦਿਤੀ ਹੈ। ਨਿਊਜ ਏਜੰਸੀ ਤਾਸ ਨੇ ਕਿਹਾ ਹੈ ਕਿ ਅਮਰੀਕਾ ਨੇ ਗਰਮੀਕੋ ਦੀ ਰੱਖਿਆ ਦੀ ਕੋਈ ਗਰੰਟੀ ਨਹੀਂ ਦਿੱਤੀ ਇਸ ਕਾਰਨ ਸ਼੍ਰੀ ਗਰਮੀਕੋ ਸੈਸ਼ਨ ਵਿਚ ਨਹੀਂ ਜਾਣਗੇ।

ਮੁਗਾਬੀ ਹਥਿਆਰਾਂ ਤੇ ਖਰਚ ਕਰਨ ਲਈ ਪਰਫੁਲਤ ਦੇਸ਼ਾਂ ਤੇ ਵਰ੍ਹਿਆ

ਟਰਾਂਟੋ—ਜ਼ਿਮਬਾਬਵੇ ਦਾ ਪ੍ਰਧਾਨ ਮੰਤਰੀ ਰੌਬਰਟ ਮੁਗਾਬੀ ਅੱਜ ਕੱਲ੍ਹ ਕੈਨੇਡਾ ਦੇ ਦੌਰੇ ਤੇ ਹੈ ਉਸਨੇ ਸਖਤ ਲਫਜ਼ਾਂ ਵਿਚ ਪ੍ਰਮਾਣੂ ਹਥਿਆਰਾਂ ਦੀ ਨਿੰਦਾ ਕੀਤੀ ਅਤੇ ਪਰਫੁਲਤ ਦੇਸ਼ਾਂ ਉੱਤੇ ਵੀ ਦੋਸ਼ ਲਾਇਆ ਕਿ ਉਹ ਗਰੀਬ ਦੇਸ਼ਾਂ ਨੂੰ ਮਦਦ ਦੇਣ ਦੀ ਥਾਂ ਹਥਿਆਰਾਂ ਉਪਰ ਆਪਣਾ ਪੈਸਾ ਅਜ਼ਾਈਂ ਗਵਾ ਰਹੇ ਹਨ।

ਟਰਾਂਟੋ ਯੂਨੀਵਰਸਿਟੀ ਵਿਚ ਬੋਲਦਿਆਂ ਉਸਨੇ ਕਿਹਾ ਕਿ ਅਮੀਰ ਅਤੇ ਗਰੀਬ ਦੇਸ਼ਾਂ ਵਿਚ ਪਾੜਾ ਬਹੁਤ ਵਧ ਗਿਆ ਹੈ। ਅਤੇ ਤੀਜੀ ਦੁਨੀਆਂ ਦੇ ਲੋਕ ਭੁੱਖ ਨਾਲ ਮਰ ਰਹੇ ਹਨ ਜਦ ਕਿ ਵੱਡੀਆਂ ਤਾਕਤਾਂ ਸਾਰਾ ਪੈਸਾ ਹਥਿਆਰਾਂ ਤੇ ਖਰਚਣ ਤੇ ਤੁਲੀਆਂ ਹੋਈਆਂ ਹਨ। 59 ਸਾਲਾ

ਖਿਚਾਅਪੂਰਨ ਸਥਿਤੀ ਵਿਰੁਧ ਅਮਨ ਕੌਂਸਲ ਦੀ ਚਿਤਾਵਨੀ

ਹੈਲਸਿੰਕੀ, 10 ਸਤਬਰ—(ਮੀ. ਐਨ. ਐਸ) ਸੰਸਾਰ ਅਮਨ ਕੌਂਸਲ ਨੇ ਲੋਕਾਂ ਤੇ ਅਮਨ ਅੰਦੋਲਨਾਂ ਤੇ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਪਹਿਲਾਂ ਤੋਂ ਹੀ ਖਿਚਾਅ-ਪੂਰਨ ਸਥਿਤੀ ਨੂੰ ਹੋਰ ਖਿਚਾਅ-ਪੂਰਨ ਬਣਾਉਣ ਦੇ ਜਤਨਾਂ ਦੇ ਪ੍ਰਤੀ ਸਾਵਧਾਨ ਰਹਿਣ. ਇਹ ਅਪੀਲ ਕੋਰੀਆਈ ਜਹਾਜ਼ ਵਿਚ ਸਵਾਰ ਯਾਤਰੀਆਂ ਦੇ ਦੁਖਦਾਈ ਅੰਤ ਦੇ ਸੰਦਰਭ ਵਿਚ ਕੀਤੀ ਗਈ ਹੈ.

ਕੋਰੀਆਈ ਜਹਾਜ਼ ਵਲੋਂ ਸੋਵੀਅਤ ਹਵਾਈ ਹੱਦਾਂ ਦੀ ਉਲੰਘਣਾ ਕਰਨਾ, ਜਿਸ ਨੂੰ ਸੋਵੀਅਤ ਯੂਨੀਅਨ ਆਪਣੀ ਰਖਿਆ ਤੇ ਸੁਰੱਖਿਆ ਦੇ ਲਈ ਬਹੁਤ ਹੀ ਨਾਜ਼ਕ ਮੰਨਦਾ ਹੈ ਤੇ ਉਸ ਦੌਰਾਨ ਅਮਰੀਕੀ ਜਸੂਸੀ ਟੋਹੀ ਜਹਾਜ਼ ਦੀ ਮੌਜੂਦਗੀ ਜਿਸ ਦੀ ਪੁਸ਼ਟੀ ਵੀ ਹੋ ਚੁਕੀ ਹੈ, ਐਸੀਆਂ ਉਕਸਾਹਟ ਵਾਲੀਆਂ ਕਾਰਵਾਈਆਂ ਹਨ ਜਿਹਨਾਂ ਦਾ ਖਿਚਾਅ ਪੂਰਨ ਕੌਮਾਂਤਰੀ ਵਾਤਾਵਰਨ ਵਿਚ ਸੰਸਾਰ ਅਮਨ ਦੇ ਲਈ ਬਹੁਤ ਹੀ ਗੰਭੀਰ ਨਤੀਜਾ ਹੋ ਸਕਦੇ ਸਨ

ਜਿਹਨਾਂ ਨੇ ਕੋਰੀਆਈ ਜਹਾਜ਼ ਨੂੰ ਸੋਵੀਅਤ ਯੂਨੀਅਨ ਦੇ ਐਸੇ ਨਾਜ਼ਕ ਖੇਤਰ ਵਿਚ ਜਸੂਸੀ ਕਰਨ ਲਈ ਭੇਜਿਆ ਸੀ. ਉਹਨਾਂ ਉਤੇ ਹੀ ਨਿਰਦੋਸ਼ ਲੋਕਾਂ ਦੀ ਜਾਨ ਜਾਣ ਦੀ ਪੂਰੀ ਜਿਮੇਵਾਰੀ ਆਉਂਦੀ ਹੈ.

ਸੰਸਾਰ ਅਮਨ ਕੌਂਸਲ ਨੇ ਦੱਖਣ ਕੋਰੀਆਈ ਜਹਾਜ਼ ਨਾਲ ਸਬੰਧਤ ਘਟਨਾ ਦੇ ਸਬੰਧ ਵਿਚ ਪ੍ਰਧਾਨ ਰੀਗਨ ਦੇ ਉਕਸਾਹਟਪੂਰਨ ਭਾਸ਼ਨਾਂ ਦੇ ਪ੍ਰਤੀ ਗਹਿਰੀ ਚਿੰਤਾ ਪ੍ਰਗਟ ਕੀਤੀ ਹੈ. ਇਸ ਤਰ੍ਹਾਂ ਦੇ ਐਲਾਨਾਂ ਨਾਲ ਤੇ ਬਦਲੇ ਦੀਆਂ ਕਾਰਵਾਈਆਂ ਤੇ ਸੋਵੀਅਤ ਯੂਨੀਅਨ ਦੇ ਨਾਲ ਆਰਥਿਕ ਤੇ ਸਭਿਆਚਾਰਕ ਸਬੰਧਾਂ ਵਿਚ ਕਟੌਤੀ ਕਰਨ ਨਾਲ ਕੌਮਾਂਤਰੀ ਖਿਚਾਅ ਹੋਰ ਵਧ ਜਾਣ ਦਾ ਖਤਰਾ ਪੈਦਾ ਹੋ ਗਿਆ ਹੈ.

ਸੰਸਾਰ ਅਮਨ ਕੌਂਸਲ ਨੇ ਆਪਣੀਆਂ ਸਭ ਕੌਮੀ ਕਮੇਟੀਆਂ ਤੇ ਅਮਨ ਪਸੰਦ ਤਾਕਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਠੰਡੀ ਜੰਗ ਤੇ ਸੋਵੀਅਤ ਵਿਰੋਧੀ ਮੁਹਿੰਮ ਵਿਚ ਸ਼ਾਮਲ ਨਾ ਹੋਣ ਸਗੋਂ ਨਿਸ਼ਸ਼ਤਰੀਕਰਨ ਲਈ ਇਕਜੁਟ ਕਾਰਵਾਈ ਲਈ ਹਰ ਸੰਭਵ ਕਾਰਵਾਈ ਕਰਨ. ਸੰਸਾਰ ਅਮਨ ਕੌਂਸਲ ਨੇ ਲੋਕ ਰਾਏ ਲਾਮਬੰਦ ਕਰਨ ਲਈ ਆਪਣੀ ਪ੍ਰਚਾਰ ਮੁਹਿੰਮ ਤੇਜ਼ ਕਰਨ ਦਾ ਸੱਦਾ ਦਿਤਾ ਹੈ.

ਆਦਮੀ ਹਾਲਾਤ ਤੇ ਕੁਝ ਕਾਰਨਾਂ ਦੀ ਪੈਦਾਇਸ਼ ਹੀ ਤਾਂ ਹੈ। —ਰੋਬਰਟ ਔਵਨ

ਗੁਰੂਘਰ ਰੌਸ ਸਟਰੀਟ ਵਲੋਂ ਸਨਮਾਨ

ਵੈਨਕੂਵਰ - 11 ਸਤੰਬਰ ਐਤਵਾਰ ਨੂੰ ਗੁਰਦੁਆਰਾ ਸਾਹਿਬ ਰੌਸ ਸਟਰੀਟ ਵਲੋਂ ਹਿਸਟਰੀ ਦੇ ਪਰੋਫੈਰ ਡਾਕਟਰ ਹੌਗ ਜੌਨਸਟਨ Dr HAUGH JOHNSTON ਨੂੰ ਸਨਮਾਨਿਆ ਗਿਆ। ਡਾਕਟਰ ਜੌਨਸਟਨ ਨੇ 1975 ਵਿਚ 'ਕਾਮਾ ਗਾਟਾ ਮਾਰੂ' ਦੇ ਜਗਤ ਪਰਸਿਧ ਦੁਖਾਂਤ ਬਾਰੇ ਪੂਰੀ ਪੜਚੋਲ ਕੀਤੀ। 1979 ਵਿਚ ਇਸ ਬਾਰੇ ਉਨਾਂ ਦੀ ਪੁਸਤਕ THE VOYAGE OF KAMA GATA MARU AND THE SIKH CHALLENGE TO CANADAs COLOUR BAR ਛਪੀ। ਡਾਕਟਰ ਸਾਹਿਬ ਨੇ ਦਸਿਆ ਕਿ ਉਹ ਛੇਤੀ ਹੀ ਭਾਰਤ ਜਾ ਰਹੇ ਹਨ ਜਿੱਥੇ ਉਹ 'ਪੰਜਾਬੀ' ਸਿਖਣਗੇ।

ਕੈਲਗਰੀ ਵਿੱਚ ਅੰਮ੍ਰਿਤ ਸੰਚਾਰ

ਕੀਰਤਨ ਦਰਬਾਰ ਸਮਾਗਮ

ਸਿੱਖ ਸੋਸਾਇਟੀ ਕੈਲਗਰੀ ਦੇ ਗੁਰਦੁਆਰੇ ਵਿਖੇ4 ਸਤੰਬਰ 83 ਐਤਵਾਰ ਸ਼ਾਮ ਦੇ 7 ਬਜੇ ਕੀਰਤਨ ਦਰਬਾਰ ਦੀ ਆਰੰਭਤਾ ਹੋਈ ਅਤੇ ਸਮਾਪਤੀ ਸੋਮਵਾਰ ਸੁਵੇਰੇ 7 ਬਜੇ ਹੋਈ। ਇਸ ਵਿਚ ਕੈਲਗਰੀ ਦੇ ਲੋਕਲ ਕੀਰਤਨੀ ਜੱਥਿਆਂ ਤੋਂ ਇਲਾਵਾ ਬਾਹਰੋਂ ਆਏ ਜੱਥਿਆਂ ਨੇ ਵੀ ਭਾਗ ਲਿਆ। ਕੈਲਗਰੀ ਦੀ ਸੰਗਤਾਂ ਨੇ ਸਾਰੀ ਰਾਤ ਰਸ ਭਿੰਨੇ ਕੀਰਤਨ ਦਾ ਰੰਗ ਮਾਣਿਆ। ਸੋਮਵਾਰ 2.30 ਬਜੇਅੰਮ੍ਰਿਤ ਸੰਚਾਰ ਦਾ ਮਹਾਨ ਸਮਾਗਮ ਹੋਇਆ ਜਿਸ ਵਿਚ 26 ਪ੍ਰਾਣੀਆਂ ਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਈ ਅਤੇ ਗੁਰੂ ਵਾਲੇ ਬਣੇ।

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਵਲੋਂ ਪਰੈਸ ਰੀਲੀਜ਼

ਬੀ. ਸੀ. ਸਰਕਾਰ ਦੇ ਲੋਕ ਵਿਰੋਧੀ ਬਿੱਲਾਂ ਅਤੇ ਬੱਜਟ ਕਟੌਤੀਆਂ ਦਾ ਵਿਰੋਧ ਕਰੋ

5 ਮਈ 1983 ਦੀਆਂ ਚੋਣਾ ਜਿੱਤਣ ਤੋਂ ਬਾਅਦ ਬੀ. ਸੀ. ਦੀ ਸੋਕਰਡ ਸਰਕਾਰ ਨੇ ਖੁਲ੍ਹੇ ਤੌਰ ਤੇ ਲੋਕ ਵਿਰੋਧੀ ਨੀਤੀਆਂ ਧਾਰਨ ਕਰ ਲਈਆਂ ਹਨ। ਉਸ ਨੇ ਪੂੰਜੀਪਤੀ ਕਾਰਖਾਨੇਦਾਰਾਂ ਦੇ ਮੁਨਾਫਿਆਂ ਦੀ ਖਾਤਰ ਲੋਕਾਂ ਦੇ ਹੱਕਾਂ ਤੇ ਧਾਵਾ ਬੋਲ ਦਿੱਤਾ ਹੈ। ਟਰੇਡ ਯੂਨੀਅਨ ਦੇ ਹੱਕ ਖਤਮ ਕਰਨ ਵੱਲ ਕਦਮ ਚੁਕੇ ਹਨ ਅਤੇ ਮਨੁੱਖੀ ਅਧਿਕਾਰਾਂ ਦੇ ਕਮਿਸ਼ਨ ਨੂੰ ਖਤਮ ਕਰਨ ਲਈ ਬਿੱਲ ਅਸੈਂਬਲੀ ਵਿਚ ਪੇਸ਼ ਕਰ ਦਿੱਤਾ ਹੈ ਜੋ ਕਿ ਘੱਟ ਗਿਣਤੀ ਲੋਕਾਂ, ਇਸਤਰੀਆਂ, ਕਾਨੂੰਨੀ ਸਲਾਹ ਦੇ ਲੋੜਵੰਦਾਂ, ਵਿਤਕਰੇ ਸ਼ਿਕਾਰ ਲੋਕਾਂ, ਅੰਗਹੀਨਾਂ ਦੀ ਸਹਾਇਤਾ ਆਦਿ ਉਪਰ ਮਾਰੂ ਅਸਰ ਪਾਵੇਗਾ। ਇਸਦੇ ਨਾਲ ਹੀ ਸਿਹਤ ਸੇਵਾਵਾਂ, ਸਮਾਜਕ ਸੇਵਾਵਾਂ, ਵਿਦਿਆ ਵਿਚ ਕਟੌਤੀਆਂ, ਕਿਰਾਏਦਾਰਾਂ ਦੇ ਹੱਕਾਂ ਦੀ ਰਾਖੀ, ਸਰਕਾਰੀ ਮੁਲਾਜ਼ਮਾਂ ਨੂੰ ਕੰਮਾਂ ਤੋਂ ਹਟਾਉਣਾ ਅਤੇ ਹੋਰ ਅਨੇਕਾਂ ਮੁਸ਼ਕਲਾਂ ਲੋਕਾਂ ਉਪਰ ਲੱਦ ਦਿੱਤੀਆਂ ਹਨ। ਸਰਕਾਰ ਨੇ ਸੰਜਮ ਕਰਨ ਦੇ ਨਾਂ ਹੇਠ ਬੀ. ਸੀ. ਦੇ ਲੋਕਾਂ ਨੂੰ ਇਕ ਸਜਾ ਦਿੱਤੀ ਹੈ। ਜਿਸਦਾ ਮਨੋਰਥ ਲੋਕਾਂ ਦੀ ਆਰਥਕ ਲੁੱਟ ਨੂੰ ਹੋਰ ਤੇਜ਼ ਕਰਨਾ ਹੈ ਅਤੇ ਪੂੰਜੀ ਪਤੀਆਂ ਦੀਆਂ ਤਜੌਰੀਆਂ ਨੂੰ ਹੋਰ ਭਰਨਾ ਹੈ। ਇਹ ਕੁਝ ਲੋਕ ਵਿਰੋਧੀ ਫਰੇਜ਼ਰ ਇੰਨਸਟੀਚੂਟ ਦੀ ਸਲਾਹ ਨਾਲ ਹੀ ਕੀਤਾ ਗਿਆ ਹੈ ਅਤੇ ਬੀ. ਸੀ. ਦੇ ਇੰਪਲਾਇਰਾਂ ਦੀ ਕੌਂਸਲ ਦੀ ਪੂਰਨ ਹਮਾਇਤ ਹਾਸਲ ਹੈ।

ਸਰਕਾਰ ਵੱਲੋਂ ਬੱਜਟ ਸੈਸ਼ਨ ਦੌਰਾਨ ਪੇਸ਼ ਕੀਤੇ ਇਹਨਾਂ 26 ਬਿੱਲਾਂ ਦੁਆਰਾ ਬੀ. ਸੀ. ਦੇ ਲੋਕਾਂ ਖਾਸ ਕਰਕੇ ਵਰਕਿੰਗ ਕਲਾਸ ਦੇ ਪਿਛਲੇ 35 ਸਾਲਾਂ ਵਿਚ ਕਰੜੇ ਘੋਲਾਂ ਅਤੇ ਕੁਰਬਾਨੀਆਂ ਨਾਲ ਪ੍ਰਾਪਤ ਕੀਤੇ ਸਾਰੇ ਲਾਭਾਂ ਨੂੰ ਖਤਮ ਕਰ ਦਿੱਤਾ ਗਿਆ ਹੈ।

ਲੋਕਾਂ ਨੇ ਸਰਕਾਰ ਦੇ ਜਾਬਰ ਕਦਮਾਂ ਦਾ ਟਾਕਰਾ ਕਰਨ ਲਈ ਉਪਰੇਸ਼ਨ ਸੋਲੀਡੈਰਿਟੀ ਨਾਂ ਦਾ ਸਾਂਝਾ ਫਰੰਟ ਉਸਾਰਿਆ ਹੈ ਅਤੇ ਜਿਸਦੇ ਹੇਠ ਲੋਕਾਂ ਨੇ ਵੱਡੀਆਂ ਵੱਡੀਆਂ ਰੈਲੀਆਂ ਅਤੇ ਮੁਜ਼ਾਹਰੇ ਕਰਕੇ ਸਰਕਾਰ ਦੇ ਇਹਨਾਂ ਕਦਮਾਂ ਦਾ ਰੋਹ ਭਰੇ ਜੋਸ਼ ਨਾਲ ਵਿਰੋਧ ਕੀਤਾ ਹੈ ਅਤੇ ਮੰਗ ਕੀਤੀ ਹੈ ਕਿ ਇਹਨਾਂ ਲੋਕ ਵਿਰੋਧੀ ਬਿੱਲਾਂ ਨੂੰ ਅਤੇ ਬੱਜਟ ਨੂੰ ਵਾਪਸ ਲਿਆ ਜਾਵੇ। 10 ਅਗਸਤ ਦੀ ਮਹਾਨ ਰੈਲੀ ਇਸਦਾ ਇਕ ਸਬੂਤ ਹੈ।

ਸਾਨੂੰ ਭਾਰਤੀ ਲੋਕਾਂ ਨੂੰ ਇਸ ਲੋਕ ਉਭਾਰ ਵਿਚ ਵਧ ਚੜ੍ਹ ਕੇ ਹਿਸਾ ਲੈਣਾ ਚਾਹੀਦਾ ਹੈ। ਕਿਉਂਕਿ ਜਿਥੇ ਸਾਰੇ ਹੀ ਬਿੱਲ ਹੋਰਾਂ ਲੋਕਾਂ ਵਾਂਗ ਸਾਡੇ ਉਪਰ ਮਾਰੂ ਅਸਰ ਪਾਉਂਦੇ ਹਨ ਉਥੇ ਮਨੁੱਖੀ ਅਧਿਕਾਰਾਂ ਦੇ ਕਮਿਸ਼ਨ ਦਾ ਖਾਤਮਾ ਸਭ ਤੋਂ ਵੱਧ ਅਸਰ ਪਾਵੇਗਾ ਅਤੇ ਅਸੀਂ ਬੇਰੋਕ ਵਿਤਕਰਿਆਂ ਦਾ ਸ਼ਿਕਾਰ ਹੋਵਾਂਗੇ। ਇਹ ਨਸਲਵਾਦੀਆਂ ਲਈ ਹੱਲਾਸ਼ੇਰੀ ਅਤੇ ਸਾਡੇ ਲਈ ਚਣੌਤੀ ਹੈ। ਆਉ ਬੀ. ਸੀ. ਦੇ ਲੋਕਾਂ ਨਾਲ ਮਿਲ ਕੇ ਇਸ ਜ਼ੁਲਮ ਅਤੇ ਬੇਇਨਸਾਫੀ ਦੇ ਵਿਰੁਧ ਡਟ ਕੇ ਜੁੜੀਏ ਅਤੇ ਉਦੋਂ ਤੱਕ ਇਸ ਘੋਲ ਨੂੰ ਲੋਕਾਂ ਨਾਲ ਮਿਲ ਕੇ ਚਾਲੂ ਰੱਖੀਏ ਜਦੋਂ ਤੱਕ ਇਨਾਂ ਲੋਕ ਵਿਰੋਧੀ ਬਿੱਲਾਂ ਨੂੰ ਸਰਕਾਰ ਵਾਪਸ ਨਹੀਂ ਲੈ ਲੈਂਦੀ।

ਈਸਟ ਇੰਡੀਅਨ ਵਰਕਰਜ਼ ਐਸੋ: ਨੂੰ ਇਹ ਪੂਰਨ ਆਸ ਹੈ ਕਿ ਭਾਰਤੀ ਲੋਕ ਬੇਇਨਸਾਫੀ ਵਿਰੁਧ ਲੜਨ ਦੀ ਰਵਾਇਤ ਨੂੰ ਕਾਇਮ ਰੱਖਣਗੇ।

ਲੋਕ ਏਕਤਾ ਜ਼ਿੰਦਾਬਾਦ


EXTRA ! EXTRA! EXTRA !

WE'RE No. 2 ONLY! Because "YOU" are No.1.

0% INTEREST 6 MONTHS

27 PIECE CAREFREE DINING GROUP CONSISTS OF:


- Designer walnut finish extension table 36"x48"x60" with 2" round sparkling chrome legs.
- 4 comfort chainrs in a fabric and vinyl combination with sturdy chrome frames, padded seats and backs.
- Designer walnut finish cabinet with drawers and display area.
- Matching hutch top with sliding glass doors and display area.
- 20 piece dinnerware set.



ALL 27 PIECES

$699.00

ATLANTIC! 4 PIECE



Sofa, Loveseat, Chair & Ottomon
- Lifetime guarantee (Not shown)
- Gorgeous • Traditional
- Choice of Fabrics

ALL 4 PIECES! **$988.00**



COUNTRY LIVING!

Country living at its finest! Gorgeous solid wood frame. 100% nylon cushions. • Sofa • Rocker • Chair • Cocktail Ottoman • Two End Tables

ALL 6 PIECES BELIEVE IT! ALL 6 PCES! **$949.00**

SIZZLERS!


FULL SIZE SOFA BED	$299.00
HEAVY DUTY BUNK BED (complete)	$399.00
DANISH HIBACK SOFA & CHAIR 100% nylon	$399.00

INTRODUCING

BEDDING!

FAMOUS RESTONIC "HEALTH ANNIVERSARY"


DOUBLE BOX SPRING AND MATTRESS	$248.00
QUEEN BOX SPRING AND MATTTRESS	$288.00



Modern button tufted swivel bucket chairs in a durable Naugahyde cover compliments a dark oak butcher-block table, coasting 2 leaves and extending to 72".

7 PIECES! $599.00

"SURREY'S LARGEST FURNITURE STORE .. WE NEVER MEET PRICES - WE BEAT PRICES"




TRIPLE DRESSER, MIRROR, CHEST & HEADBOARD

FURNITURE BY B.P. John

Transitional in styling, 'Windsor' adapts to any decorating plan. Pine solids and oak engraved wood product. All drawers are centre-guided and dovetailed. Custom designed brass hardware.

$688.00 ALL 4 PIECES!

CUSTOM OAK!



Smart Looking "California Style"
Sofa-Loveseat
with solid Oak trim and lifetime warranty
Choice of Fabrics

BOTH PIECES! **$849.00**



ARLINGTON SQUARE

A master dining room group with an impeccable combination of country and early American design. The entire group is in Granville Pecan finish. The Trestle table base echoes the graceful carvings in the buffet doors, and is positioned to allow ample legroom and comfort at each end of the table. The combination of which makes it an uncommon value.


$1694.00 ALL 9 PIECES!

"OFTEN COPIED — NEVER EQUALLED"

"Wild" Bill's furniturePlace

13251 - 72nd Avenue, Surrey, B.C. 590-1541

5 Blocks West of King George Hwy. IS THE PLACE



MasterCard VISA

HOURS: Mon. - Fri. 10 a.m. - 9 p.m.; Saturday 9 a.m. - 6 p.m.; Sunday 11:30 a.m. - 5:30 p.m.

THE CANADA DARPAN WEEKLY

P.O.BOX 67344 STN. 'O'
Vancouver, B.C. V5W 3T1

Chief Editor(Hon.) : DARSHAN GILL
Editor : HARBHAJAN SINGH DEOL
PHONE : (604)321-6360



ਸੰਪਾਦਕੀ

ਬੀ. ਸੀ. ਸਰਕਾਰ ਤਬਾਹਕੁਨ ਰਾਹ ਤੇ

ਜੂਨ ਦੇ ਮਹੀਨੇ ਤੋਂ ਬੀ. ਸੀ. ਦੀ ਲੈਜਿਸਲੇਚਰ, ਸੋਕਰਡ ਸਰਕਾਰ ਵਲੋਂ ਦਾਖਲ ਕੀਤੇ ਬਿੱਲਾਂ ਤੇ ਵਿਚਾਰ ਕਰ ਰਹੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਅਜੇ ਤੱਕ ਇਹ ਲੈਜਿਸਲੇਚਰ ਇਕ ਬਿੱਲ ਵੀ ਪਾਸ ਕਰਨ ਤੋਂ ਅਸਮਰਥ ਰਹੀ ਹੈ। ਮੁਜ਼ਾਹਰਿਆਂ, ਧਰਨਿਆਂ ਤੇ ਜਲੂਸਾਂ ਦਾ ਇਸ ਅੰਨ੍ਹੀ ਬੋਲੀ ਸਰਕਾਰ ਤੇ ਕੋਈ ਅਸਰ ਨਹੀਂ। 67 ਫੀ ਸਦੀ ਲੋਕ ਇਨ੍ਹਾਂ ਬਿੱਲਾਂ ਦੇ ਵਿਰੋਧ ਵਿਚ ਖੜੋਤੇ ਹਨ। ਚੋਣਾਂ ਸਮੇਂ ਦਿਤੇ ਵਾਅਦਿਆਂ ਤੋਂ ਇਹ ਸਰਕਾਰ ਮੁਕਰੀ ਹੀ ਨਹੀਂ ਸਗੋਂ ਪਿਠ ਦਿਖਾ ਕੇ ਖੜੋਤੀ ਹੈ। ਵੱਡੇ ਵੱਡੇ ਵਪਾਰੀਆਂ ਦੀਆਂ ਤਜੋਰੀਆਂ ਭਰਨ ਲਈ ਇਹ ਉਨ੍ਹਾਂ ਨੂੰ ਅਜਿਹੇ ਹੱਕ ਦੇਣ ਤੇ ਤੁਲੀ ਹੋਈ ਹੈ ਕਿ ਉਹ ਜਿਸ ਮੁਲਾਜ਼ਮ ਨੂੰ ਰੱਖਣਾ ਚਾਹੁਣ ਰੱਖਣ ਤੇ ਜੋ ਮੁਲਾਜ਼ਮ ਆਪਣੇ ਸਹੀ ਹੱਕਾਂ ਲਈ ਲੜੇ, ਉਸ ਨੂੰ ਕੰਮ ਤੋਂ ਜਵਾਬ ਦੇ ਸਕਣ। ਚੋਣਾਂ ਸਮੇਂ 45 ਫੀ ਸਦੀ ਲੋਕਾਂ ਨੇ ਸੋਕਰਡਾਂ ਵਿਰੁੱਧ ਫਤਵਾ ਦਿਤਾ ਸੀ ਤੇ ਚੋਣਾਂ ਤੋਂ ਪਿਛੋਂ 22 ਫੀ ਸਦੀ ਹੋਰ ਲੋਕ ਇਨ੍ਹਾਂ ਦੀਆਂ ਪਿਛਲੇ ਤਿੰਨ ਮਹੀਨਿਆਂ ਦੀਆਂ ਕਾਰਗੁਜ਼ਾਰੀਆਂ ਦੇਖ ਕੇ ਇਸ ਦੇ ਵਿਰੁਧ ਖੜੋਤੇ ਹਨ। ਇਸ 22 ਫੀ ਸਦੀ ਵਿਚ ਅਕਸਰ ਉਹ ਲੋਕ ਹਨ ਜਿਨਾਂ ਕੋਲ ਪਹਿਲਾਂ ਨੌਕਰੀ ਸੀ ਤੇ ਉਹ ਸਮਝਦੇ ਸਨ ਕਿ ਜੇ ਸੋਕਰਡ ਸਰਕਾਰ ਚੁਣੀ ਗਈ ਤਾਂ ਉਨਾਂ ਦੀਆਂ ਨੌਕਰੀਆਂ ਸੁਰਖਿਅਤ ਰਹਿਣਗੀਆਂ। ਪਰ ਉਨ੍ਹਾਂ ਭੋਲੇ ਲੋਕਾਂ ਨੂੰ ਇਸ ਸਰਕਾਰ ਦੇ ਅਸਲੀ ਕਿਰਦਾਰ ਦਾ ਪਤਾ ਹੁਣ ਲੱਗਣਾ ਸ਼ੁਰੂ ਹੋਇਆ ਜਦ ਭਾਰੀ ਗਿਣਤੀ ਵਿਚ ਲੇ-ਆਫ ਸ਼ੁਰੂ ਹੋਈਆਂ। ਬੀ. ਸੀ. ਦੀ ਕੋਈ ਇਕ ਇੰਡਸਟਰੀ ਵੀ ਇਸ ਸਮੇਂ ਸੁਰਖਿਅਤ ਨਹੀਂ। ਕੀ ਆਰਾ ਮਿਲਾਂ, ਕੀ ਖਾਣਾਂ, ਕੀ ਪੱਲਪ ਮਿਲਾਂ, ਕੀ ਫੈਕਟਰੀਆਂ ਤੇ ਕੀ ਸਰਕਾਰੀ ਨੌਕਰੀਆਂ ਸਭ ਤੇ ਲੇ-ਆਫ ਦੀ ਤਲਵਾਰ ਲਟਕ ਰਹੀ ਹੈ।

ਸਾਡੀ ਭਾਰਤੀ ਕਮਿਊਨਿਟੀ ਦੇ ਕੁਝ ਆਗੂ ਆਪਣੇ ਆਪਣੇ ਵਿੱਤ ਅਨੁਸਾਰ ਅਖਬਾਰਾਂ ਰਾਹੀਂ ਆਪਣੇ ਵਿਚਾਰ ਤਾਂ ਜ਼ਰੂਰ ਦੱਸਦੇ ਹਨ ਪਰ ਕਿਸੇ ਸੰਗਠਨ ਦੇ ਰੂਪ ਵਿਚ ਭਾਰਤੀ ਕਮਿਊਨਿਟੀ ਵਲੋਂ ਦੂਜੀਆਂ ਘੱਟ ਗਿਣਤੀ ਕਮਿਊਨਿਟੀਆਂ ਨਾਲ ਮਿਲਵਰਤਣ ਕਰਕੇ ਕੋਈ ਵੀ ਮੁਜ਼ਾਹਰਾ ਜਥੇਬੰਦ ਨਹੀਂ ਕੀਤਾ ਗਿਆ। ਬੀ. ਸੀ. ਦੇ ਲੋਕਾਂ ਵਲੋਂ ਜੋ ਵੀ ਮੁਜ਼ਾਹਰੇ ਜਥੇਬੰਦ ਹੋਏ ਉਨ੍ਹਾਂ ਵਿਚ ਸਾਡੀ ਕਮਿਊਨਿਟੀ ਦੀ ਗਿਣਤੀ ਸਭ ਤੋਂ ਘੱਟ ਰਹੀ ਹੈ। ਹਾਲਾਂ ਕਿ ਸਾਡੀ ਕਮਿਊਨਿਟੀ ਰਾਜਨੀਤਕ ਤੌਰ ਤੇ ਸਾਰੀਆਂ ਬਾਕੀ ਕਮਿਊਨਿਟੀਆਂ ਨਾਲੋਂ ਵੱਧ ਚੇਤੰਨ ਹੈ। ਸਾਡੀ ਹੋਂਦ ਲਈ ਦੂਜੀਆਂ ਘੱਟ ਗਿਣਤੀਆਂ ਨਾਲ ਮਿਲਵਰਤਣ ਕਰਨਾ ਲਾਜ਼ਮੀ ਹੈ। ਮਨੁੱਖੀ ਹੱਕਾਂ ਨੂੰ ਕੁਚਲਣਾ ਇਸ ਸਰਕਾਰ ਦਾ ਮੁਖ ਮੰਤਵ ਹੈ। ਜੇ ਅਸੀਂ ਆਪ ਅਣਗਹਿਲੀ ਕਰਦੇ ਹਾਂ - ਤਾਂ ਸਜਾ ਵੀ ਅਸੀਂ ਹੀ ਭੁਗਤਾਂਗੇ।

ਅੰਮ੍ਰਿਤਾ ਨੂੰ !
ਚੋਲਾ ਦਿਲਾਂ ਦਾ ਹੈ ਲੀਰੋ ਲੀਰ ਏਧਰ,
ਓਸ ਪਾਸੇ ਵੀ ਜਿੰਦ ਬੇਹਾਲ ਫਿਰਦੀ।
ਸੂਹੇ ਜੋੜੇ ਨੂੰ ਓਥੇ ਵੀ ਤਾਪ ਚੜ੍ਹਦਾ,
ਕਾਈ ਇਥੇ ਵੀ ਖੋਹਲ ਕੇ ਵਾਲ ਫਿਰਦੀ।

ਤੇਰੇ ਪਿੰਡ ਵੀ ਚੂੜੀਆਂ ਟੁੱਟਦੀਆਂ ਨੇ,
ਮੇਰੇ ਚੱਕ ਵੀ ਹੋਠਾਂ ਦੇ ਫੁੱਲ ਵਿਕਦੇ।
ਓਸ ਨਗਰ ਵੀ ਤੁਲਦਾ ਏ ਗੌਣ ਤੇਰਾ,
ਮੇਰੇ ਬੋਲ ਇਸ ਨਗਰ ਵੀ ਮੁੱਲ ਵਿਕਦੇ।

ਸੀਤੇ ਜਾਂਦੇ ਨੇ ਏਥੇ ਵੀ ਬੁੱਲ੍ਹ ਕਿੰਨੇ,
ਕਿੰਨੇ ਸੂਲੀ ਨੂੰ ਓਥੇ ਵੀ ਚੁੰਮ ਲੈਂਦੇ।
ਮੇਰੇ ਮਨ ਦੀ ਸੱਸੀ ਵੀ ਰੋਜ਼ ਮਰਦੀ,
ਤੇਰੇ ਪੁੰਨਣ ਨੂੰ ਵੀ ਨਿੱਤ ਕੱਫ਼ਨ ਪੈਂਦੇ।

ਕਦੋਂ ਵਿੱਥਾਂ ਨੂੰ ਇਸ਼ਕ ਦੀ ਸਾਰ ਹੁੰਦੀ,
ਕਿਸੇ ਕੰਧ ਨੂੰ ਹੁਸਨ ਦੀ ਪੀੜ ਕਿੱਥੇ।
ਪਾਟੀ ਚੁੰਨੀ ਦੇ ਵਾਂਗ ਇਹ ਦੁੱਖ ਸਾਡਾ,
ਇਕ ਲੀਰ ਕਿੱਥੇ, ਦੂਜੀ ਲੀਰ ਕਿੱਥੇ।

ਪੁਸਤਕ "ਤਨ ਤੰਬੂਰ" ਵਿਚ
ਅਹਿਮਦ ਸਲੀਮ

ਇੰਦਰਾ ਗਾਂਧੀ ਜਨਰਲ ਅਸੈਂਬਲੀ ਨੂੰ ਸੰਬੋਧਨ ਕਰੇਗੀ

ਭਾਰਤ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਸਾਈਪਰਿਸ, ਬਰਤਾਨੀਆਂ ਅਤੇ ਫਰਾਂਸ ਦੇ ਦੌਰ ਪਿਛੋਂ ਨਿਊਯਾਰਕ ਅਗਲੇ ਹਫਤੇ ਪਹੁੰਚ ਰਹੀ ਹੈ ਜਿਥੇ ਉਹ ਯੂ. ਐਨ. ਓ. ਦੇ ਜਨਰਲ ਇਜਲਾਸ ਵਿਚ ਭਾਸ਼ਨ ਦੇਵੇਗੀ। ਖਬਰਾਂ ਅਨੁਸਾਰ ਅਮਰੀਕਾ ਦੇ ਸਿੱਖ ਉਸ ਵਿਰੁੱਧ ਮੁਜ਼ਾਹਰੇ ਕਰਨ ਦਾ ਪਰੋਗਰਾਮ ਬਣਾ ਰਹੇ ਹਨ।

ਬੀ. ਸੀ. ਦਾ ਲੋਕ ਵਿਰੋਧੀ ਬੱਜਟ

ਵੱਲੋਂ : 'ਵੈਨਕੂਵਰ ਸੱਥ'

(ਵੈਨਕੂਵਰ ਸੱਥ ਵਿਚ ਮਿਲਦੇ ਸਾਥੀਆਂ ਦਾ ਮੁੱਖ ਮੰਤਵ ਹੈ - ਰੋਜ਼ਾਨਾ ਜ਼ਿੰਦਗੀ 'ਚ ਲੋਕਾਂ ਨੂੰ ਦਰਪੇਸ਼ ਆਉਂਦੇ ਮਸਲਿਆਂ ਉਪਰ ਵਿਚਾਰ ਵਟਾਂਦਰਾ ਕਰਨਾ ਅਤੇ ਇਸ ਵਿਚਾਰ ਵਟਾਂਦਰੇ ਨੂੰ ਲਿਖਤੀ ਰੂਪ ਦੇਣਾ ਹੈ। ਬੀ. ਸੀ. ਦਾ ਲੋਕ ਵਿਰੋਧੀ 'ਬੱਜਟ' ਇਨਾਂ ਹੀ ਲੇਖਾਂ ਦੀ ਲੜੀ ਵਿਚੋਂ ਇਕ ਹੈ। ਇਸ ਲੇਖ ਨੂੰ ਤਿਆਰ ਕਰਨ ਵਿਚ ਇਨਾਂ ਸਾਥੀਆਂ ਨੇ ਭਾਗ ਲਿਆ :— ਸੁਖਵੰਤ ਹੁੰਦਲ, ਸਾਧੂ, ਸਰਵਣ ਬੋਲ ਅਤੇ ਅਮਰਜੀਤ ਚਾਹਲ।)

7 ਜੁਲਾਈ 1983 ਨੂੰ ਬੀ. ਸੀ. ਸੋਸ਼ਲ ਕਰੈਡਿਟ ਸਰਕਾਰ ਨੇ ਲੈਜਿਸਲੇਚਰ ਵਿੱਚ ਆਪਣਾ ਬੱਜਟ ਅਤੇ ਉਸਦੇ ਨਾਲ 26 ਬਿੱਲ ਪੇਸ਼ ਕੀਤੇ ਹਨ। ਇਹ ਬੱਜਟ ਅਤੇ ਬਿੱਲ ਬੀ. ਸੀ. ਵਿੱਚ ਰਹਿੰਦੇ ਲੋਕਾਂ ਅਤੇ ਮਜ਼ਦੂਰਾਂ ਦੇ ਹੱਕਾਂ ਉਪਰ ਸਿਧਾ ਹਮਲਾ ਕਰਦੇ ਹਨ। ਲੋਕਾਂ ਦੇ ਉਨ੍ਹਾਂ ਹੱਕਾਂ, ਜਿਹੜੇ ਉਨ੍ਹਾਂ ਪਿਛਲੇ ਕਈ ਸਾਲਾਂ ਦੌਰਾਨ ਸਰਗਰਮ ਘੋਲ ਲੜ ਕੇ ਜਿੱਤੇ ਸਨ, ਨੂੰ ਖਤਮ ਕਰਨ ਦੀ ਹਰ ਕੋਸ਼ਿਸ਼ ਕੀਤੀ ਗਈ ਹੈ। ਇਸਦੇ ਵਿਰੁੱਧ ਬੀ. ਸੀ. ਦੀ ਮਜ਼ਦੂਰ ਜਮਾਤ ਅਤੇ ਆਮ ਲੋਕਾਂ ਵੱਲੋਂ ਤਿੱਖਾ ਪ੍ਰਤੀਕਰਮ ਹੋਇਆ ਹੈ। ਹੁਣ ਤੱਕ ਵੱਖ ਵੱਖ ਸ਼ਹਿਰਾਂ ਵਿਚ ਲੱਖ ਦੇ ਕਰੀਬ ਲੋਕਾਂ ਨੇ ਆਪਣਾ ਰੋਸ ਜ਼ਾਹਿਰ ਕੀਤਾ ਹੈ। ਪਰ ਇਨ੍ਹਾਂ ਰੋਸ ਮੁਜ਼ਾਹਰਿਆਂ ਵਿੱਚ ਪੰਜਾਬੀਆਂ ਜਾਂ ਭਾਰਤੀਆਂ ਦੀ ਗਿਣਤੀ ਨਾ ਬਰਾਬਰ ਹੀ ਰਹੀ ਹੈ। ਹੋ ਸਕਦਾ ਹੈ ਕਿ ਉਹ ਆਪਣੇ ਚੱਕਰਾਂ 'ਚ ਹੀ ਰੁੱਝੇ ਰਹੇ ਹੋਣ ਅਤੇ ਇਨ੍ਹਾਂ ਮੁਜ਼ਾਹਰਿਆਂ 'ਚ ਸ਼ਾਮਲ ਹੋਣਾ ਉਨ੍ਹਾਂ ਨੂੰ ਇਕ ਫਜ਼ੂਲ ਜਿਹੀ ਗੱਲ ਲੱਗੀ ਹੋਵੇ ਜਾਂ ਲਗਦੀ ਹੈ। ਇਹ ਬਹੁਤ ਮਾੜੀ ਗੱਲ ਹੈ ਕਿਉਂਕਿ ਜੇ ਇਸ ਬੱਜਟ ਦੇ ਆਪਣੀ ਕਮਿਊਨਿਟੀ ਅਤੇ ਹੋਰ ਘੱਟ ਗਿਣਤੀਆਂ ਉਪਰ ਪੈਣ ਵਾਲੇ ਅਸਰਾਂ ਬਾਰੇ ਗੰਭੀਰਤਾ ਨਾਲ ਸੋਚਿਆ ਜਾਵੇ ਤਾਂ ਇਸ ਰੋਸ ਵਿਚ ਸ਼ਾਮਲ ਹੋਣਾ ਫਜ਼ੂਲ ਨਹੀਂ ਲੱਗਦਾ ਸਗੋਂ ਆਪਣਾ ਫਰਜ਼ ਜਾਪਦਾ ਹੈ। ਇਸ ਲੇਖ ਵਿਚ ਅਸੀਂ ਉਨ੍ਹਾਂ ਮਾਰੂ ਅਸਰਾਂ ਬਾਰੇ ਗਲ ਕਰਾਂਗੇ ਜਿਹੜੇ ਇਸ ਬੱਜਟ ਕਾਰਨ ਆਪਣੀ ਕਮਿਊਨਿਟੀ ਅਤੇ ਹੋਰ ਘੱਟ ਗਿਣਤੀਆਂ ਉਪਰ ਪੈਣੇ ਹਨ। ਹੇਠਾਂ ਅਸੀਂ ਬਿੱਲਾਂ ਨੂੰ ਵੱਖਰਾ ਵੱਖਰਾ ਲੈ ਉਨਾਂ ਬਾਰੇ ਗੱਲ ਕਰਾਂਗੇ।

ਬਿੱਲ - 27 : ਇਹ ਬਿੱਲ ਭਾਰਤੀਕਮਿਊਨਿਟੀ ਅਤੇ ਹੋਰ ਘੱਟ ਗਿਣਤੀਆਂ ਲਈ ਸਭ ਤੋਂ ਵੱਧ ਖਤਰਨਾਕ ਹੈ। ਇਸ ਨਾਲ ਹਿਉਮਨ ਰਾਇਟਸ ਬਰਾਂਚ ਅਤੇ ਹਿਉਮਨ ਰਾਇਟਸ ਕਮਿਸ਼ਨ ਨੂੰ ਖਤਮ ਕੀਤਾ ਗਿਆ ਹੈ। ਇਸਦੀ ਥਾਂ ਇਕ ਪੰਜ ਮੈਂਬਰੀ ਕਾਉਂਸਲ ਸਥਾਪਤ ਕੀਤੀ ਗਈ ਹੈ, ਜਿਸ ਦੇ ਕੋਲ ਨਾ ਮਾਤਰ ਦੀ ਹੀ ਤਾਕਤ ਹੈ। ਪਹਿਲਾਂ ਜਦੋਂ ਕਿਸੇ ਮਾਲਕ ਉਪਰ ਵਿਤਕਰਾ ਕਰਨ ਦਾ ਦੋਸ਼ ਲਗਦਾ ਸੀ ਤਾਂ ਇਸ ਦੋਸ਼ ਨੂੰ ਗਲਤ ਸਾਬਤ ਕਰਨ ਦੀ ਜ਼ਿੰਮੇਵਾਰੀ ਉਸ ਉਪਰ ਆਉਂਦੀ ਸੀ। ਪਰ ਇਸ ਨਵੇਂ ਐਕਟ ਅਨੁਸਾਰ ਜਿਹੜਾ ਆਦਮੀ ਜਾਂ ਔਰਤ ਵਿਤਕਰੇ ਦੀ ਸ਼ਿਕਾਇਤ ਕਰਦੀ ਹੈ, ਉਸਦੀ ਜ਼ਿੰਮੇਵਾਰੀ ਹੈ ਕਿ ਉਹ ਸਿਧ ਕਰੇ ਕਿ ਉਸ ਨਾਲ ਵਿਤਕਰਾ ਹੋਇਆ ਹੈ। ਇਹ ਸਿਧ ਕਰਨਾ ਇਕ ਸਾਧਾਰਣ ਆਦਮੀ ਲਈ ਬਹੁਤ ਔਖਾ ਹੈ। ਕਿਉਂਕਿ ਉਸ ਕੋਲ ਏਨੇ ਪੈਸੇ ਨਹੀਂ ਹੁੰਦੇ ਕਿ ਉਹ ਮਾਲਕ ਦਾ ਅਦਾਲਤਾਂ ਵਿਚ ਮੁਕਾਬਲਾ ਕਰੇ। ਇਸ ਤਰ੍ਹਾਂ ਹੁਣ ਰੰਗ, ਨਸਲ, ਲਿੰਗ, ਉਮਰ ਆਦਿ ਦੇ ਹਿਸਾਬ ਨਾਲ ਕੀਤਾ ਵਿਤਕਰਾ ਗੈਰ ਕਾਨੂੰਨੀ ਨਹੀਂ ਹੋਵੇਗਾ। ਕੋਈ ਵੀ ਗੋਰਾ ਮਾਲਕ ਆਪਾਂ ਨੂੰ ਇਹ ਕਹਿਕੇ ਕੰਮ ਦੇਣ ਤੋਂ ਇਨਕਾਰ ਕਰ ਸਕਦਾ ਹੈ ਕਿ ਆਪਣਾ ਰੰਗ ਕਾਲਾ ਹੈ, ਆਪਣੇ ਸਿਰ ਤੇ ਪੱਗ ਬੰਨੀ ਹੋਈ ਹੈ ਜਾਂ ਉਸਨੂੰ ਆਪਣਾ ਹਿੰਦੁਸਤਾਨੀਆਂ ਵਾਲਾ ਨਾਂ ਹੀ ਚੰਗਾ ਨਹੀਂ ਲੱਗਦਾ। ਆਪਾਂ ਇਸ ਵਿਰੁੱਧ ਕਾਨੂੰਨੀ ਤੌਰ ਤੇ ਕੁਝ ਨਹੀਂ ਕਰ ਸਕਾਂਗੇ। ਇਸ ਬਿੱਲ ਅਨੁਸਾਰ ਆਪਣੇ ਉਨ੍ਹਾਂ ਲੋਕਾਂ ਜਿਹੜੇ ਕਈ ਕਈ ਸਾਲ ਮਿੱਲਾਂ 'ਚ ਕੰਮ ਕਰਨ ਤੋਂ ਬਾਅਦ ਹੁਣ ਇਸ ਮੰਦਵਾੜੇ ਕਾਰਨ ਵਿਹਲੇ ਹੋ ਗਏ ਹਨ ਨੂੰ ਕੰਮ ਲੱਭਣ ਵਿਚ ਹੋਰ ਵੀ ਦਿੱਕਤ ਆਵੇਗੀ। ਕੋਈ ਵੀ ਮਾਲਕ ਹੁਣ ਉਨ੍ਹਾਂ ਨੂੰ ਇਹ ਕਹਿ ਸਕਦਾ ਕਿ ਉਸਨੂੰ ਜੁਆਨ ਕਾਮੇ ਚਾਹੀਦੇ ਹਨ ਵੱਡੀ ਉਮਰ ਦੇ ਨਹੀਂ। ਫਿਰ ਇਨਾਂ ਵਿਚੋਂ ਬਹੁਤੇ ਫਾਰਮਾਂ 'ਚ ਧੱਕੇ ਖਾਣ ਤੋਂ ਬਿਨਾਂ ਹੋਰ ਕੁਝ ਨਹੀਂ ਕਰ ਸਕਣਗੇ।

ਬਿੱਲ - 3 : ਇਹ ਬਿੱਲ ਸਰਕਾਰ ਨੂੰ ਸਰਕਾਰੀ ਨੌਕਰੀਆਂ ਵਿਚੋਂ ਕਿਸੇ ਵੀ ਕਾਮੇ ਨੂੰ ਬਿਨਾਂ ਕਿਸੇ ਕਾਰਨ ਦੱਸੇ, ਕਿਸੇ ਵੀ ਸਮੇਂ ਨੌਕਰੀ ਤੋਂ ਕੱਢਣ ਦਾ ਹੱਕ ਦਿੰਦਾ ਹੈ। ਅਤੇ ਕਾਮਾ ਇਸ ਲਈ ਨਾ ਕੋਈ ਇਵਜਾਨਾ ਮੰਗ ਸਕਦਾ ਅਤੇ ਨਾ ਕੋਈ ਕਾਨੂੰਨੀ ਕਾਰਵਾਈ ਕਰ ਸਕਦਾ ਹੈ। ਜੇ ਕੋਈ ਕਾਮਾ ਸਰਕਾਰ ਦੇ ਕੰਮਾਂ ਦੀ ਨੁਕਤਾਚੀਨੀ ਕਰਦਾ ਹੈ ਜਾਂ ਉਹ ਸਰਕਾਰ ਦੀਆਂ ਪਾਲਸੀਆਂ ਨਾਲ ਸਹਿਮਤ ਨਹੀਂ ਤਾਂ ਉਸਦੀ ਕੰਮ ਤੋਂ ਛੁੱਟੀ ਹੋਣੀ ਕੋਈ ਵੱਡੀ ਗੱਲ ਨਹੀਂ। ਇਹ ਬਿੱਲ ਸਾਰੇ ਸਰਕਾਰੀ ਕਾਮਿਆਂ ਤੇ ਸਿੱਧਾ ਅਸਰ ਕਰਦਾ ਹੈ ਪਰ ਜੇ ਇਸਨੂੰ ਹਿਉਮਨ ਰਾਈਟਸ ਐਕਟ ਦੇ ਨਾਲ ਰੱਖ ਵੇਖਿਆ ਜਾਵੇ ਤਾਂ ਇਸਦੇ ਆਪਣੇ ਲੋਕਾਂ, ਹੋਰ ਘੱਟ ਗਿਣਤੀਆਂ, ਔਰਤਾਂ ਆਦਿ ਉਪਰ ਪੈਣ ਵਾਲੇ ਅਸਰ ਹੋਰ ਵੀ ਸਪਸ਼ਟ ਹੋ ਜਾਂਦੇ ਹਨ। ਜੇ ਤੁਹਾਡੇ ਸੁਪਰਵਾਇਜ਼ਰ ਨੂੰ ਤੁਹਾਡਾ ਰੰਗ, ਨਸਲ ਚੰਗੀ ਨਹੀਂ ਲੱਗਦੀ ਤਾਂ ਉਹ ਤੁਹਾਡੀ ਛੁੱਟੀ ਕਰਾ ਸਕੇਗਾ। ਤੇ ਤੁਸੀਂ ਇਸਦਾ ਕਾਰਨ ਵੀ ਨਹੀਂ ਪੁੱਛ ਸਕੋਗੇ। ਜੇ ਕਿਸੇ ਔਰਤ ਦਾ ਉਸਦਾ ਸੁਪਰਵਾਇਜ਼ਰ ਜਾਂ ਬਾਸ ਸੈਕਸੁਅਲ ਤੌਰ ਤੇ ਸ਼ੋਸ਼ਣ(Exploit) ਕਰਨਾ ਚਾਹੁੰਦਾ ਹੈ ਅਤੇ ਔਰਤ ਇਸ ਗੱਲ ਲਈ ਰਾਜ਼ੀ ਨਹੀਂ ਹੁੰਦੀ ਤਾਂ ਉਸਦਾ ਬਾਸ ਇਸ ਕਾਨੂੰਨ ਦੀ ਆੜ ਵਿਚ ਉਸਨੂੰ ਕੰਮ ਤੋਂ ਜੁਆਬ ਦੇ ਸਕਦਾ ਹੈ। ਉਂਞ ਵੀ ਜੇ ਦੇਖਿਆ ਜਾਵੇ ਇਸ ਕਾਨੂੰਨ ਮੁਤਾਬਕ ਹੁਣ ਤੱਕ ਜਿਹੜੇ 600 ਲੋਕਾਂ ਨੂੰ ਕੰਮ ਤੋਂ ਹਟਾਇਆ ਗਿਆ ਹੈ ਉਹ ਉਨ੍ਹਾਂ ਮਹਿਕਮਿਆਂ ਵਿਚੋਂ ਹਨ ਜਿਨ੍ਹਾਂ ਦੀ ਸਾਧਾਰਨ ਲੋਕਾਂ ਨੂੰ ਜ਼ਿਆਦਾ ਜ਼ਰੂਰਤ ਹੁੰਦੀ ਹੈ। ਲਗਭਗ ਇਨਾਂ ਵਿੱਚੋਂ ਸਾਰੇ ਦੇ ਸਾਰੇ ਲੋਕ ਮਨਿਸਟਰੀ ਆਫ ਹਿਉਮਨ ਰੀਸੋਰਜਜ਼ ਲਈ ਕੰਮ ਕਰਦੇ ਸਨ। ਉਹ ਸ਼ੋਸ਼ਲ ਵਰਕਰ ਜਿਹੜੇ ਹਿੰਸਾ ਦਾ ਸ਼ਿਕਾਰ ਔਰਤਾਂ (Battered Woman) ਅਤੇ ਉਨ੍ਹਾਂ ਬੱਚਿਆਂ ਲਈ ਜਿਹੜੇ ਘਰਾਂ ਤੋਂ ਕਈ ਕਾਰਨਾਂ ਕਰਕੇ ਨੱਠ ਆਉਂਦੇ ਹਨ, ਨਾਲ ਕੰਮ ਕਰਦੇ ਸਨ। ਆਪਣੀ ਕਮਿਊਨਿਟੀ ਵਿਚ ਲੋਕਾਂ ਦਾ ਇਹ ਵਹਿਮ ਹੈ ਕਿ ਇਹ ਮੁਸ਼ਕਲਾਂ ਸਾਡੀ ਕਮਿਊਨਿਟੀ 'ਚ ਬਹੁਤ ਘੱਟ ਹਨ ਜਾਂ ਹੈ ਹੀ ਨਹੀਂ। ਪਰ ਜੇ ਤੁਸੀਂ ਔਰਤਾਂ ਲਈ ਕੰਮ ਕਰ ਰਹੀਆਂ ਜਥੇਬੰਦੀਆਂ ਨਾਲ ਗੱਲ ਕਰੋ ਤਾਂ ਪਤਾ ਲੱਗਦਾ ਹੈ ਕਿ ਹਰ ਰੋਜ਼ ਔਰਤਾਂ ਵਿਰੁੱਧ ਹਿੰਸਾ ਦੀਆਂ ਘਟਨਾਵਾਂ ਕਿੰਨੀ ਗਿਣਤੀ ਵਿਚ ਵਾਪਰਦੀਆਂ ਹਨ ਅਤੇ ਆਪਣੀ ਕਮਿਊਨਿਟੀ ਦੀਆਂ ਕਿੰਨੀਆਂ ਔਰਤਾਂ ਐਮਰਜੰਸੀ ਵਿਚ ਬਣੇ ਇਨਾਂ ਪਨਾਹ ਘਰਾਂ ਤੇ ਨਿਰਭਰ ਹਨ। ਹਾਂ ਬੱਚਿਆਂ ਦੀ ਮੁਸ਼ਕਲ ਬਾਰੇ ਕਿਹਾ ਜਾ ਸਕਦਾ ਹੈ ਕਿ ਇਸ ਸਮੇਂ ਇਹ ਮੁਸ਼ਕਲ ਆਪਣੀ ਕਮਿਊਨਿਟੀ ਵਿਚ ਨਾ ਹੋਇਆਂ ਬਰਾਬਰ ਹੈ। ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜਿਉਂ ਜਿਉਂ ਆਪਣੀ ਦੂਜੀ ਪੀੜ੍ਹੀ ਇਥੇ ਜਵਾਨ ਹੋਵੇਗੀ ਤਾਂ ਸਾਨੂੰ ਇਹੋ ਜਿਹੀਆਂ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪਵੇਗਾ। ਇਸ ਲਈ ਸਰਕਾਰ ਦੇ ਇਨਾਂ ਹਮਲਿਆਂ ਨੂੰ ਇਕੱਲੇ ਗੋਰਿਆਂ ਉਪਰ ਹੀ ਨਹੀਂ ਸਮਝਣਾ ਚਾਹੀਦਾ ਸਗੋਂ ਬੀ. ਸੀ. ਦੇ ਸਾਰੇ ਲੋਕਾਂ ਉਪਰ ਸਮਝਣਾ ਚਾਹੀਦਾ ਹੈ।

ਬਿੱਲ - 26 : ਇਸਨੂੰ ਇੰਪਲਾਇਮੈਂਟ ਸਟੈਂਡਰਡਜ਼ ਐਕਟ 1983 ਦਾ ਨਾਂ ਦਿੱਤਾ ਗਿਆ ਹੈ। ਇਹ ਬੀ. ਸੀ. ਦੇ ਸਾਰੇ ਮਜ਼ਦੂਰਾਂ(ਭਾਵੇਂ ਉਹ ਯੂਨੀਅਨ 'ਚ ਹਨ ਭਾਵੇਂ ਨਹੀਂ) ਉਪਰ ਅਸਰ ਪਾਉਂਦਾ ਹੈ। ਆਪਾਂ ਵਿਚੋਂ ਵੀ ਜ਼ਿਆਦੇ ਮਜ਼ਦੂਰੀ ਕਰਕੇ ਆਪਣੀ ਰੋਟੀ ਕਮਾਉਂਦੇ ਹਨ ਇਸ ਲਈ ਇਸਦਾ ਅਸਰ ਆਪਾਂ ਤੇ ਵੀ ਪਵੇਗਾ। ਇਸਦੇ ਇਕ ਹਿੱਸੇ ਮੁਤਾਬਿਕ ਹੁਣ ਇਹ ਜ਼ਰੂਰੀ ਨਹੀਂ ਕਿ ਉਹ ਇੰਪਲਾਇਮੈਂਟ ਸਟੈਂਡਰਡਜ਼ ਐਕਟ ਵਿਚ ਨਿਸ਼ਚਤ ਕੀਤੇ ਘਟੋ ਘੱਟ ਮਾਪਾਂ (Standards) ਨੂੰ ਹੀ ਹੇਠਲੀ ਪੱਧਰ ਮੰਨਿਆ ਜਾਵੇ ਅਤੇ ਤਨਖਾਹਾਂ ਅਤੇ ਸਹੂਲਤਾਂ ਨੂੰ ਇਨਾਂ ਮਾਪਾਂ ਤੋਂ ਹੇਠਾਂ ਘਟਾਇਆ ਨਾ ਜਾ ਸਕੇ। ਉਦਾਹਰਣ ਲਈ — ਇੰਪਲਾਇਮੈਂਟ ਸਟੈਂਡਰਡਜ਼ ਐਕਟ ਵਿੱਚ ਕੰਮ ਦੇ ਘੰਟਿਆਂ, ਓਵਰਟਾਈਮ, ਚਾਰ ਤੋਂ ਛੇ ਪ੍ਰਤੀਸ਼ਤ ਛੁੱਟੀਆਂ ਦੀ ਤਨਖਾਹ, ਕਿਸੇ ਖਾਸ ਕੰਮ ਲਈ ਖਾਸ ਤਰ੍ਹਾਂ ਦੇ ਕਪੜਿਆਂ ਦੀ ਲੋੜ ਬਾਰੇ ਘਟੋ ਘੱਟ ਮਾਪ ਨਿਸ਼ਚਤ ਕੀਤੇ ਗਏ ਹਨ। ਪਰ ਜੇ ਤੁਹਾਡੇ ਸਮਝੌਤੇ (Collective Agreement) ਵਿਚ ਸਿਰਫ ਕੰਮ ਤੇ ਚਾਹੀਦੇ ਖਾਸ ਕਪੜਿਆਂ ਬਾਰੇ ਲਿਖਿਆ ਹੈ ਤਾਂ ਇੰਪਲਾਇਮੈਂਟ ਸਟੈਂਡਰਡਜ਼ ਐਕਟ ਵਿਚ ਕੰਮ ਦੇ ਘੰਟਿਆਂ, ਓਵਰਟਾਈਮ, ਛੁੱਟੀਆਂ ਦੀ ਤਨਖਾਹ ਬਾਬਤ ਮਿਥੇ ਗਏ ਘਟੋ ਘੱਟ ਮਾਪ ਤੁਹਾਡੇ ਤੇ ਲਾਗੂ ਨਹੀਂ ਹੋਣਗੇ। ਦੂਜੇ ਸ਼ਬਦਾਂ ਵਿਚ ਮਾਲਕ ਕੰਮ ਦੇ ਘੰਟਿਆਂ, ਓਵਰਟਾਈਮ, ਛੁੱਟੀਆਂ ਦੀ ਤਨਖਾਹ ਤੁਹਾਨੂੰ ਘੱਟ ਮਿਥੇ ਮਾਪ ਤੋਂ ਵੀ ਘੱਟ ਦੇ ਸਕਦਾ ਹੈ ਜਿਵੇਂ ਉਹ ਕਹੇ ਕਿ ਉਸ ਤੁਹਾਨੂੰ ਛੁੱਟੀਆਂ ਦੀ ਤਨਖਾਹ 2% ਹੀ ਦੇਣੀ ਹੈ। ਇਸ ਤਰ੍ਹਾਂ ਇਹ ਐਕਟ ਉਪਰ ਘੱਟ ਤਾਕਤਵਰ ਯੂਨੀਅਨਾਂ ਉਪਰ ਸੱਟ ਮਾਰਦਾ ਹੈ ਜਿਹੜੀਆਂ ਅੱਗੇ ਕਈਆਂ ਮੰਗਾਂ ਬਾਰੇ ਇੰਪਲਾਇਮੈਂਟ ਸਟੈਂਡਰਡਜ਼ ਐਕਟ ਉਪਰ ਨਿਰਭਰ ਕਰਦੀਆਂ ਸਨ।

ਇਸ ਬਿਲ ਦਾ ਇਕ ਹੋਰ ਹਿੱਸਾ ਸਰਕਾਰ ਨੂੰ ਇਹ ਤਾਕਤ ਦਿੰਦਾ ਹੈ ਕਿ ਅਜੇਹੀ ਹਾਲਾਤ ਸਮੇਂ ਜਦੋਂ ਕਿਸੇ ਯੂਨੀਅਨ ਅਤੇ ਇੰਡਸਟਰੀ ਵਿਚਕਾਰ ਸਮਝੌਤੇ (Collective Agreement) ਦੀ ਮਿਆਦ ਲੰਘ ਗਈ ਹੋਵੇ ਤਾਂ ਖਤਮ ਹੋ ਚੁੱਕੀ ਹੋਵੇ ਤਾਂ ਸਰਕਾਰ ਮਾਲਕਾਂ (ਇੰਡਸਟਰੀ) ਨੂੰ ਇਹ ਹੁਕਮ ਦੇਵੇ ਕਿ ਹੁਣ ਪਿਛਲਾ ਸਮਝੌਤਾ ਲਾਗੂ ਨਹੀਂ ਰਹਿੰਦਾ ਇਸ ਕਰਕੇ ਉਹ

(ਬਾਕੀ ਸਫਾ 5 ਤੇ)

ਅਕਾਲੀ ਦਲ ਚਾਰ ਪਾਰਟੀ ਮੁਹਾਜ਼ ਦੀ ਬਾਹਰੋਂ ਹਮਾਇਤ ਕਰੇਗਾ

ਅੰਮ੍ਰਿਤਸਰ—ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਅਕਾਲੀ ਦਲ ਦੇ ਪ੍ਰਧਾਨ ਸ੍ਰੀ ਹਰਚੰਦ ਸਿੰਘ ਲੌਂਗੋਵਾਲ ਨੂੰ ਮਿਲੇ ਅਤੇ ਉਹਨਾਂ ਤੋਂ ਨਵੇਂ ਬਣਾਏ ਗਏ ਸਾਂਝੇ ਮੁਹਾਜ਼ ਦੀ ਬਾਹਰੋਂ ਰਹਿ ਕੇ ਹਮਾਇਤ ਪ੍ਰਾਪਤ ਕਰ ਲਈ।

ਸ੍ਰੀ ਚੰਦਰ ਸ਼ੇਖਰ ਅਨੁਸਾਰ ਸੰਤ ਲੌਂਗੋਵਾਲ ਨੇ ਇਸ ਸਾਂਝੇ ਫਰੰਟ ਦਾ ਸੁਆਗਤ ਕੀਤਾ ਅਤੇ ਇਸਨੂੰ 'ਠੀਕ ਸਮੇਂ ਉਤੇ ਠੀਕ ਸੇਧ ਵਲ ਚੁਕਿਆ ਗਿਆ ਕਦਮ' ਦਸਿਆ। ਸ੍ਰੀ ਚੰਦਰ ਸ਼ੇਖਰ ਨੇ ਇਹ ਵੀ ਕਿਹਾ ਕਿ ਜੰਮੂ-ਕਸ਼ਮੀਰ ਦੀ ਸੱਤਧਾਰੀ ਨੈਸ਼ਨਲ ਕਾਨਫਰੰਸ ਵੀ ਜਨਤਾ, ਡੀ. ਐਸ. ਪੀ. ਕਾਂਗਰਸ (ਸ) ਅਤੇ ਰਾਸ਼ਟਰੀ ਕਾਂਗਰਸ ਦੇ ਸਾਂਝੇ ਫਰੰਟ ਦੀ ਹਮਾਇਤ ਕਰੇਗੀ

ਤੁਸਾਂ ਚੰਦਨ ਨੂੰ ਅੱਗ ਲਾਈ
ਅਸਾਂ ਖ਼ੁਸ਼ਬੋ ਖਿੰਡਾਈ ਹੈ।

ਅੱਗ ਦੇ ਅਨਾਰ

ਇਕ ਵਿਅਕਤੀ- "ਦੌਲਤਮੰਦ ਹੋ ਕੇ ਆਦਮੀ ਅੰਨ੍ਹਾਂ ਹੋ ਜਾਂਦਾ ਹੈ। ਜੇ ਤੈਨੂੰ ਦੌਲਤਮੰਦ ਪਤਨੀ ਮਿਲ ਜਾਵੇ ਤਾਂ ?"
ਦੂਸਰਾ ਵਿਅਕਤੀ- "ਤਾਂ ਮੈਂ ਉਸਦੀਆਂ ਸਾਰੀਆਂ ਬੁਰਾਈਆਂ ਵਲੋਂ ਅੰਨ੍ਹਾਂ ਹੋ ਜਾਵਾਂਗਾ।"

o

ਡਾਕਟਰ- "ਕੀ ਖਾ ਲਿਆ, ਜੋ ਇਸ ਤਰ੍ਹਾਂ ਖੰਘ ਰਹੇ ਹੋ ?"
ਰੋਗੀ- "ਜੀ, ਤੁਹਾਡੀ ਦਵਾਈ।"

o

ਜੱਜ- ਤੂੰ ਆਪਣੇ ਖਿਲਾਫ਼ ਸਾਰੇ ਬਿਆਨ ਸੁਣ ਲਏ ਹਨ। ਹੁਣ ਤੂੰ ਆਪਣੀ ਸਫ਼ਾਈ 'ਚ ਕੀ ਕਹਿਣਾ ਚਾਹੁੰਦਾ ਏਂ ?"
ਅਪਰਾਧੀ- "ਹਜ਼ੂਰ, ਮੈਂ ਬਸ ਇਹੋ ਪੁਛਣਾ ਚਾਹੁੰਦਾ ਹਾਂ ਇਸ ਭੱਦਰ ਪੁਰਸ਼ ਕੋਲੋਂ ਕਿ ਇਹਨਾਂ ਨੇ ਇਹ ਸ਼ਨਾਖਤ ਕਿਵੇਂ ਕਰ ਲਈ ਜਦੋਂ ਕਿ, ਜਦੋਂ ਮੈਂ ਸੰਦੂਕ ਖੋਹਲ ਰਿਹਾ ਸਾਂ ਉਦੋਂ ਤਾਂ ਇਸ ਡਰ ਦੇ ਮਾਰੇ ਨੇ ਮੂੰਹ ਰਜਾਈ ਵਿਚ ਛਿਪਾ ਲਿਆ ਸੀ।

o

ਪ੍ਰੇਮੀ- "ਮੇਰੀ ਪਿਆਰੀ ਕੀ ਤੂੰ ਮੇਰੇ ਨਾਲ ਸ਼ਾਦੀ ਕਰੇਂਗੀ ?"
ਪ੍ਰੇਮਿਕਾ- "ਨਹੀਂ ! ਪਰ ਮੈਂ ਤੁਹਾਨੂੰ ਹਮੇਸ਼ਾ ਅੱਛੀ ਰੁੱਚੀ ਵਾਲਾ ਆਦਮੀ ਸਮਝਦੀ ਰਹਾਂਗੀ।"

o

ਇਕ ਨਵੇਂ ਸ਼ਾਦੀ ਸ਼ੁਦਾ ਕਵੀ ਨੇ ਪਹਿਲੀ ਰਾਤ ਹੀ ਆਪਣੀ ਚੰਦ ਵਰਗੀ ਬੀਵੀ ਨੂੰ ਦੇਖ ਕੇ ਕਿਹਾ- "ਪਿਆਰੀ ਤੂੰ ਮੇਰੇ ਜੀਵਨ ਦੀ ਰੋਸ਼ਨੀ ਏਂ, ਮੇਰੇ ਦਾਮਨ ਦੀ ਰੋਸ਼ਨੀ ਏ, ਮੇਰੀਆਂ ਕਲਪਨਾਵਾਂ ਦੀ ਰੋਸ਼ਨੀ ਏਂ।"
ਉਪਰਲੀ ਮੰਜ਼ਲ ਤੋਂ ਮਕਾਨ ਮਾਲਕਣ ਬੋਲੀ- "ਬੰਦ ਕਰੋ, ਰੋਸ਼ਨੀ, ! ਰਾਤ ਦੇ ਬਾਰਾਂ ਵਜ ਗਏ ਹਨ।"

o

ਇੰਸਪੈਕਟਰ- ਕੀ ਤੂੰ ਚੋਰ ਨੂੰ ਗ੍ਰਿਫ਼ਤਾਰ ਕਰ ਲਿਆ।
ਸਿਪਾਹੀ- ਸਰ ! ਚੋਰ ਤਾਂ ਗ੍ਰਿਫ਼ਤਾਰ ਨਹੀਂ ਹੋ ਸਕਿਆ ਪਰੰਤੂ ਉਸ ਦੀਆਂ, ਉਂਗਲਾਂ ਦੇ ਨਿਸ਼ਾਨ ਮਿਲ ਗਏ ਹਨ।
ਇੰਸਪੈਕਟਰ- ਕਿਥੇ ਹਨ ਉਹ ?
ਸਿਪਾਹੀ- ਜੀ ਮੇਰੀ ਗੱਲ ਉੱਤੇ।

o

ਚੌਰਾਹੇ ਤੇ ਖੜੋਤੇ ਇਕ ਅਧਖੜ ਵਿਅਕਤੀ ਤੋਂ ਇਕ ਨੌਜੁਆਨ ਨੇ ਪੁਛਿਆ, "ਭਈ ਕੀ ਇਥੋਂ ਸ਼ਰਾਬ ਘਰ ਜ਼ਿਆਦਾ ਦੂਰ ਹੈ ?"
ਅਧਖੜ ਵਿਅਕਤੀ ਨੇ ਦਸਿਆ- "ਨਹੀਂ ਭਈ, ਇਥੋਂ ਜਾਣ ਵਿਚ ਸਿਰਫ਼ ਤਿੰਨ ਮਿੰਟ ਲਗਦੇ ਹਨ ਪਰ ਵਾਪਸ ਆਉਣ ਲਗਿਆਂ ਅੱਧਾ ਘੰਟਾ ਲਗਦਾ ਹੈ।

o

ਪੁੱਤਰ ਨੇ ਪਿਤਾ ਨੂੰ ਕਿਹਾ- "ਤੁਸੀ ਤਾਂ ਕਹਿੰਦੇ ਸੀ ਮੰਮੀ ਬਹੁਤ ਫ਼ਜ਼ੂਲ ਖਰਚ ਹੈ।"
"ਫਿਰ ਕੀ ਹੋਇਆ ?" ਪਿਤਾ ਨੇ ਪੁਛਿਆ।
"ਮੰਮੀ ਨੇ ਤਾਂ ਆਪਣੀ ਪੰਜਾਹਵੀਂ ਵਰ੍ਹੇ ਗੰਢ 'ਤੇ ਕੇਵਲ ੩੦ ਮੋਮਬੱਤੀਆਂ ਹੀ ਜਗਾਈਆਂ ਸਨ।"

ਸ਼ਾਇਰੀ ਇਕ ਗੁਨਾਹ ਹੈ ਤੇ ਹਰ ਸ਼ਾਇਰ ਨੂੰ ਇਸ ਦੀ ਸਜ਼ਾ ਮਿਲਦੀ ਹੈ। —**ਪੁਸ਼ਕਿਨ**

ਬੀ. ਸੀ. ਦਾ ਲੋਕ ਵਿਰੋਧੀ ਬੱਜਟ

(ਸਫਾ 4 ਦੀ ਬਾਕੀ)

ਮਜ਼ਦੂਰਾਂ ਨੂੰ ਘਟੋ ਘੱਟ ਤਨਖਾਹ ਦੇਵੇ। ਉਦਾਹਰਣ ਲਈ :— ਲੱਕੜ ਦੀਆਂ ਮਿਲਾਂ 'ਚ ਕੰਮ ਕਰਨ ਵਾਲੇ ਕਾਮਿਆਂ ਦੀ ਯੂਨੀਅਨ (ਆਈ. ਡਬਲਯੂ. ਏ.) ਦਾ ਕੰਨਟਰੈਕਟ 14 ਜੂਨ ਤੋਂ ਐਕਸਪਾਇਰ ਹੋ ਚੁੱਕਾ ਹੈ। ਹੁਣ ਸਰਕਾਰ ਮਿਲ ਮਾਲਕਾਂ ਨੂੰ ਇਹ ਹੁਕਮ ਕਰ ਸਕਦੀ ਹੈ ਕਿ ਉਹ ਮਜ਼ਦੂਰਾਂ ਨੂੰ ਪਿਛਲੇ ਸਮਝੌਤੇ ਮੁਤਾਬਿਕ ਨਹੀਂ ਸਗੋਂ 'ਮਿਨੀਮਮ ਲੇਬਰ ਸਟੈਂਡਰਡਜ਼' ਮੁਤਾਬਿਕ 3.65 ਪ੍ਰਤੀ ਘੰਟਾ ਦੇ ਹਿਸਾਬ ਪੈਸੇ ਦੇਵੇ। ਇਹ ਹਿਸਾ ਮਜ਼ਦੂਰਾਂ ਦੀ ਆਪਣੇ ਹੱਕਾਂ ਲਈ ਲੜਨ ਦੀ ਤਾਕਤ ਨੂੰ ਬਹੁਤ ਕਮਜ਼ੋਰ ਕਰ ਦਿੰਦੀ ਹੈ। ਕਿਉਂਕਿ ਅਜਿਹੀ ਹਾਲਤ ਵਿਚ ਮਜ਼ਦੂਰਾਂ ਕੋਲ ਦੋ ਹੀ ਹਲ ਰਹਿ ਜਾਣਗੇ 1. ਜਾਂ ਤਾਂ ਉਹ ਜਿਨਾਂ ਚਿਰ ਨਵਾਂ ਸਮਝੌਤਾ ਨਹੀਂ ਹੁੰਦਾ ਉਨਾਂ ਚਿਰ ਘਟੋ ਘਟ ਤਨਖਾਹ ਤੇ ਕੰਮ ਕਰੇ ਜਾਂ (2) ਜੋ ਕੁਝ ਮਾਲਕ ਦਿੰਦੇ ਹਨ ਉਸਨੂੰ ਸਵੀਕਾਰ ਕਰੇ।

ਇਸ ਹੀ ਬਿੱਲ ਦੇ ਸੈਕਸ਼ਨ 19 ਮੁਤਾਬਿਕ ਹੁਣ ਜੇ ਕੋਈ ਕੰਪਨੀ ਬੈਂਕਰਪਟ ਹੋ ਜਾਂਦੀ ਹੈ ਜਾਂ ਰੀਸੀਵਰਸ਼ਿਪ ਤੇ ਚਲੀ ਜਾਂਦੀ ਹੈ ਤਾਂ ਉਸਦੇ ਡਾਇਰੈਕਟਰਜ਼ ਅਤੇ ਆਫੀਸਰਜ਼ ਉਸ ਕੰਪਨੀ 'ਚ ਕੰਮ ਕਰ ਰਹੇ ਕਾਮਿਆਂ ਨੂੰ ਸੈਵੀਰੈਂਸ(Severacne) ਪੇ ਦੇਣ ਲਈ ਜ਼ਿੰਮੇਵਾਰ ਨਹੀਂ ਹੋਣਗੇ। ਇਸ ਤਰ੍ਹਾਂ ਕਿਸੇ ਕੰਪਨੀ 'ਚ ਲੰਮਾ ਸਮਾਂ ਕੰਮ ਕਰਨ ਤੇ ਅੱਗੇ ਜੋ ਥੋੜਾ ਬਹੁਤਾ ਪੈਸਾ ਮਜ਼ਦੂਰਾਂ ਨੂੰ ਮਿਲਦਾ ਸੀ ਉਸਦਾ ਹੱਕ ਵੀ ਉਨ੍ਹਾਂ ਤੋਂ ਖੋਹ ਲਿਆ ਜਾਵੇਗਾ।

ਇਸ ਹੀ ਬਿੱਲ ਦਾ ਇਕ ਹੋਰ ਹਿਸਾ ਜਿਸਦਾ ਫਾਰਮਾਂ 'ਚ ਕੰਮ ਕਰਨ ਵਾਲੇ ਆਪਣੇ ਲੋਕਾਂ ਉਪਰ ਸਿੱਧਾ ਅਸਰ ਪਵੇਗਾ। ਉਹ ਹੈ ਸੈਕਸ਼ਨ 80(2)। ਜਿਵੇਂ ਆਪਾਂ ਨੂੰ ਪਤਾ ਹੀ ਹੈ ਕਿ ਫਾਰਮਾਂ 'ਚ ਕੰਮ ਕਰਨ ਵਾਲੇ ਆਮ ਤੌਰ ਤੇ ਸੀਜ਼ਨ ਦੇ ਅੰਤ ਤੇ ਹੀ ਇਕੱਠੇ ਪੈਸੇ ਲੈਂਦੇ ਹਨ। ਹੁਣ ਜੇ ਮਾਲਕ ਜਾਂ ਠੇਕੇਦਾਰ ਅਖੀਰ ਤੇ ਪੈਸੇ ਦੇਣੋਂ ਮੁਕਰ ਜਾਵੇ ਤਾਂ ਉਹਨਾਂ ਤੋਂ ਪੈਸੇ ਲੈਣੇ ਨਾ ਬਰਾਬਰ ਹੀ ਹੈ। ਇਸ ਹਿੱਸੇ ਮੁਤਾਬਿਕ ਤੁਹਾਨੂੰ ਪੈਸੇ ਸਿਰਫ 6 ਮਹੀਨਿਆਂ ਦੇ ਹੀ ਮਿਲਣਗੇ ਭਾਵੇਂ ਤੁਹਾਡੇ ਉਸ ਵੱਲ ਪੈਸੇ ਇਸ ਤੋਂ ਜ਼ਿਆਦਾ ਹੀ ਨਿਕਲਦੇ ਹੋਣ। ਇਸ ਲਈ ਵੀ ਤੁਹਾਨੂੰ ਸੁਪਰੀਮ ਕੋਰਟ ਤੱਕ ਜਾਣਾਪਵੇਗਾ। ਪਹਿਲਾਂ ਅਜਿਹੀ ਹਾਲਤ ਵਿਚ ਆਪਾਂ ਲੇਬਰ ਰੀਲੇਸ਼ਨਜ਼ ਕੋਰਟ ਕੋਲ ਜਾਂਦੇ ਸੀ। ਆਮ ਤੌਰ ਤੇ ਉਸਦਾ ਫੈਸਲਾ ਆਖਰੀ ਹੁੰਦਾ ਸੀ ਸਿਵਾਏ ਕੁਝ ਇਕ ਕੰਮਾਂ ਦੇ ਜਿਨਾਂ ਵਿਚ ਕੋਈ ਲੀਗਲ ਜਾਂ ਟੈਕਨੀਕਲ ਗਲਤੀ ਹੋਵੇ। ਪਰ ਹੁਣ ਨਵੀਂ **ਲੇਬਰ ਕੋਡ ਅਮੈਂਡਮੈਂਟ ਐਕਟ** 1983 (ਜਿਸ ਬਾਰੇ ਗੱਲ ਅੱਗੇ ਜਾ ਕੇ ਕਰਾਂਗੇ) ਮੁਤਾਬਿਕ ਲੇਬਰ ਰੀਲੇਸ਼ਨਜ਼ ਬੋਰਡ ਦੇ ਫੈਸਲੇ ਨੂੰ ਕੋਰਟ ਵਿਚ ਚੈਲੰਜ ਕੀਤਾ ਜਾ ਸਕਦਾ ਹੈ। ਅਦਾਲਤਾਂ ਵਿਚ ਜਾ ਕੇ ਮਾਲਕਾਂ ਨੂੰ ਹੀ ਫਾਇਦਾ ਹੋਵੇਗਾ ਕਿਉਂਕਿ ਉਨ੍ਹਾਂ ਕੋਲ ਆਮ ਆਦਮੀ ਦੇ ਮੁਕਾਬਲੇ ਵਧੀਆ ਵਕੀਲ ਕਰਨ ਦੀ ਸਮਰਥਾ ਹੁੰਦੀ ਹੈ। ਉੱਝ ਵੀ ਕਈਆਂ ਹਾਲਤਾਂ ਵਿਚ ਜਿੰਨੇ ਪੈਸੇ ਤੁਹਾਡੇ ਮਾਲਕ ਵੱਲ ਨਿਕਲਦੇ ਹਨ ਉਸ ਨਾਲੋਂ ਜ਼ਿਆਦਾ ਵਕੀਲ ਉਪਰ ਲੱਗ ਜਾਇਆ ਕਰਨਗੇ। ਜੇ ਕਿਸੇ ਕੰਮ ਵਿਚ ਅਦਾਲਤ ਇਹ ਫੈਸਲਾ ਦੇ ਦਿੰਦੀ ਹੈ ਮਜ਼ਦੂਰ ਨੂੰ ਉਸਦੇ ਛੇਆਂ ਮਹੀਨਿਆਂ ਦੇ ਪੈਸੇ ਮਿਲਣੇ ਚਾਹੀਦੇ ਹਨ ਤਾਂ ਵੀ ਇਹ ਜ਼ਰੂਰੀ ਨਹੀਂ ਕਿ ਉਸਨੂੰ ਉਸਦੇ ਪੈਸੇ ਮਿਲ ਜਾਣ। ਕਿਉਂਕਿ ਇਸ ਤੋਂ ਬਾਅਦ ਆਈ. ਆਰ. ਓ. (ਇੰਡਸਟਰੀਅਲ ਰੀਲੇਸ਼ਨ ਆਫੀਸਰ) ਦ ੀ ਵਾਰੀ ਆਵੇਗੀ। ਜੇ ਉਹ ਮਾਲਕ ਦੀ ਹਾਲਤ ਵੇਖ ਇਹ ਫੈਸਲਾ ਦੇ ਦੇਵੇ ਕਿ ਮਜ਼ਦੂਰ ਦੇ ਰਹਿੰਦੇ ਪੈਸੇ ਦੇਣ ਨਾਲ ਮਾਲਕ ਨੂੰ ਨੁਕਸਾਨ ਹੋ ਸਕਦਾ ਹੈ ਜਾਂ ਉਹ ਬੈਂਕਰਪਟ ਹੋ ਸਕਦਾ ਹੈ, ਇਸ ਲਈ ਮਾਲਕ ਨੂੰ ਇਹ ਪੈਸੇ ਦੇਣ ਤੋਂ ਛੋਟ ਚਾਹੀਦੀ ਹੈ, ਤਾਂ ਤੁਹਾਨੂੰ ਕੁਝ ਨਹੀਂ ਮਿਲੇਗਾ। ਆਈ. ਆਰ. ਓ. ਦੇ ਫੈਸਲੇ ਨੂੰ ਸਿਰਫ ਸੁਪਰੀਮ ਕੋਰਟ ਵਿਚ ਹੀ ਚੈਲੰਜ ਕੀਤਾ ਜਾ ਸਕਦਾ ਹੈ। ਮਜ਼ਦੂਰ ਵਿਰੋਧੀ ਜਾਂ ਨਸਲਵਾਦੀ ਆਈ. ਆਰ. ਓ. ਨਾਲ ਵਾਹ ਪੈਣਾ ਆਪਣੇ ਲੋਕਾਂ ਲਈ ਕੋਈ ਔਖਾ ਨਹੀਂ।

ਲੇਬਰ ਕੋਡ ਅਮੈਂਡਮੈਂਟ ਐਕਟ (1983) :— ਇਸ ਐਕਟ ਵਿਚ ਮੌਜੂਦਾ ਲੇਬਰ ਕੋਡ ਵਿਚ ਤਬਦੀਲੀਆਂ ਲਿਆਉਣ ਲਈ ਤਰਮੀਮਾਂ ਪੇਸ਼ ਕੀਤੀਆਂ ਗਈਆਂ ਹਨ। ਇਹ ਸਾਰੀਆਂ ਦੀਆਂ ਸਾਰੀਆਂ ਤਰਮੀਮਾਂ ਮਜ਼ਦੂਰ ਵਿਰੋਧੀ ਅਤੇ ਮਾਲਕ ਪੱਖੀ ਹਨ। ਲੇਬਰ ਰੀਲੇਸ਼ਨ ਬੋਰਡ ਦੀ ਬਣਤਰ ਵਿਚ ਤਬਦੀਲੀ ਲਿਆਂਦੀ ਗਈ ਹੈ ਤਾਂ ਕਿ ਇਸਦਾ ਮਾਲਕਾਂ ਨੂੰ ਫਾਇਦਾ ਹੋ ਸਕੇ। ਪਹਿਲਾਂ ਬੋਰਡ ਦੇ ਪੈਨਲ ਵਿਚ ਮਾਲਕਾਂ ਅਤੇ ਮਜ਼ਦੂਰਾਂ ਦੇ ਨੁਮਾਇੰਦਿਆਂ ਦੀ ਗਿਣਤੀ ਇਕੋ ਜਿਹੀ ਹੁੰਦੀ ਸੀ ਪਰ ਹੁਣ ਇਹ ਜ਼ਰੂਰੀ ਨਹੀਂ। ਪਹਿਲਾਂ ਲੇਬਰ ਰੀਲੇਸ਼ਨ ਬੋਰਡ ਦੇ ਚੇਅਰਮੈਨ ਅਤੇ ਵਾਈਸ ਚੇਅਰਮੈਨ ਦੀ ਨਿਯੁਕਤੀ 5 ਸਾਲ ਲਈ ਹੁੰਦੀ ਸੀ। ਇਨਾਂ ਪੰਜਾਂ ਸਾਲਾਂ ਵਿਚ ਉਨ੍ਹਾਂ ਨੂੰ ਹਟਾਇਆ ਨਹੀਂ ਜਾ ਸਕਦਾ। ਹੁਣ ਇਨਾਂ ਨੂੰ ਕਿਸੇ ਵੀ ਸਮੇਂ ਹਟਾਇਆ ਜਾ ਸਕਦਾ ਹੈ। ਇਸ ਲਈ ਉਹ ਆਪਣਾ ਫੈਸਲਾ ਦੇਣ ਲਈ ਆਜ਼ਾਦ ਨਹੀਂ ਹੋਣਗੇ ਕਿਉਂਕਿ ਉਨ੍ਹਾਂ ਨੂੰ ਡਰ ਹੋਵੇਗਾ ਕਿ ਜੇ ਉਹਨਾਂ ਦਾ ਫੈਸਲਾ ਸਰਕਾਰ ਨੂੰ ਚੰਗਾ ਨਾ ਲੱਗਾ ਤਾਂ ਉਨਾਂ ਦੀ ਨੌਕਰੀ ਤੋਂ ਛੁੱਟੀ ਹੋ ਸਕਦੀ ਹੈ।

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਪਹਿਲਾਂ ਬੋਰਡ ਦੇ ਫੈਸਲੇ ਨੂੰ ਬਹੁਤ ਘੱਟ ਕੇਸਾਂ ਵਿਚ ਅਦਾਲਤ ਵਿਚ ਚੈਲੰਜ ਕੀਤਾ ਜਾ ਸਕਦਾ ਸੀ। ਪਰ ਹੁਣ ਬੋਰਡ ਦੇ ਹਰ ਫੈਸਲੇ ਨੂੰ ਅਦਾਲਤ ਵਿਚ ਚੈਲੰਜ ਕੀਤਾ ਜਾ ਸਕੇਗਾ। ਇਸ ਤਰ੍ਹਾਂ ਹੁਣ ਜੇ ਕੋਈ ਜਾਗਦੀ ਜ਼ਮੀਰ ਵਾਲਾ ਬੋਰਡ ਦਾ ਚੇਅਰ ਮੈਨ ਆਪਣੀ ਨੌਕਰੀ ਖੁਸਣ ਦੇ ਡਰ ਦੀ ਪਰਵਾਹ ਕੀਤੇ ਬਿਨਾਂ ਮਜ਼ਦੂਰਾਂ ਦੇ ਹੱਕ ਵਿਚ ਫੈਸਲਾ ਦੇ ਵੀ ਦੇਵੇ ਤਾਂ ਉਸਨੂੰ ਮਾਲਕ ਕੋਰਟ ਵਿਚ ਲੈ ਜਾਣਗੇ। ਅਤੇ ਕੋਰਟ ਵਿਚ ਜਾ ਕੇ ਫਾਇਦਾ ਮਾਲਕਾਂ ਨੂੰ ਹੀ ਹੋਵੇਗਾ ਕਿਉਂਕਿ ਉਨਾਂ ਕੋਲ ਵਧੀਆ ਵਕੀਲ ਕਰਨ ਲਈ ਜ਼ਿਆਦੇ ਪੈਸੇ ਹੁੰਦੇ ਹਨ।

ਇਸ ਐਕਟ ਦੇ ਇਕ ਹੋਰ ਹਿੱਸੇ ਮੁਤਾਬਿਕ ਕਿਸੇ ਵੀ ਯੂਨਿਟ ਵਿਚ ਯੂਨੀਅਨ ਬਣਾਉਣਾ ਔਖਾ ਕਰ ਦਿੱਤਾ ਗਿਆ ਹੈ ਅਤੇ ਯੂਨੀਅਨ ਤੋੜਨਾ ਸੌਖਾ। ਉਦਾਹਰਣ ਲਈ :— ਪਹਿਲਾਂ ਕਿਸੇ ਯੂਨਿਟ ਵਿਚ ਯੂਨੀਅਨ ਦੀ ਸਰਟੀਫਿਕੇਸ਼ਨ ਲਈ ਅਪਲਾਈ ਕਰਨ ਲਈ ਕੰਮ ਕਰ ਰਹੇ ਲੋਕਾਂ ਵਿਚੋਂ 45% ਦੇ ਦਸਤਖਤਾਂ ਦੀ ਲੋੜ ਹੁੰਦੀ ਸੀ। ਫਿਰ ਲੇਬਰ ਰੀਲੇਸ਼ਨ ਬੋਰਡ ਉਸ ਯੂਨਿਟ ਵਿਚ ਇਸ ਲਈ ਵੋਟਾਂ ਪਵਾਉਂਦਾ ਸੀ। ਜੇ 50% ਤੋਂ ਉਪਰ ਲੋਕ ਯੂਨੀਅਨ ਦੇ ਹੱਕ ਵਿਚ ਵੋਟ ਪਾਉਂਦੇ ਸਨ ਤਾਂ ਯੂਨੀਅਨ ਬਣ ਜਾਂਦੀ ਸੀ ਨਹੀਂ ਤਾਂ ਨਹੀਂ। ਜਾਂ ਜੇ ਪਹਿਲਾਂ ਹੀ 55% ਲੋਕ ਯੂਨੀਅਨ ਦੇ ਹੱਕ ਵਿਚ ਦਸਤਖਤ ਕਰ ਦਿੰਦੇ ਸਨ ਤਾਂ ਬੋਰਡ ਉਸ ਯੂਨਿਟ ਵਿਚ ਆਟੋਮੈਟੀਕਲੀ ਸਰਟੀਫਿਕੇਸ਼ਨ ਦੇ ਦਿੰਦਾ ਸੀ ਅਤੇ ਵੋਟਾਂ ਨਹੀਂ ਸਨ ਪੈਂਦੀਆਂ। ਪਰ ਹੁਣ ਹਰ ਹਾਲਤ ਵਿਚ ਵੋਟਾਂ ਪਾਈਆਂ ਜਾਇਆ ਕਰਨਗੀਆਂ ਭਾਵੇਂ 100% ਲੋਕਾਂ ਨੇ ਦਸਤਖਤ ਕੀਤੇ ਹੋਣ। ਇਸ ਨਾਲ ਮਾਲਕ ਨੂੰ ਸਿੱਧਾ ਫਾਇਦਾ ਪੁੱਜਦਾ ਹੈ। ਕਿਉਂਕਿ ਉਹ ਵੋਟਾਂ ਤੱਕ ਮਜ਼ਦੂਰਾਂ ਨੂੰ ਡਰਾ ਧਮਕਾ ਕੇ ਜਾਂ ਕਿਸੇ ਹੋਰ ਕਾਰਣ ਕਰ ਯੂਨੀਅਨ ਦਾ ਵਿਰੋਧ ਕਰਨ ਲਈ ਮਨਾ ਸਕਦਾ ਹੈ। ਇਸਦੇ ਨਾਲ ਹੀ ਹੁਣ ਸਰਟੀਫਿਕੇਸ਼ਨ ਲਈ ਅਪਲਾਈ ਕਰਨ ਲਈ 45% ਦੀ ਥਾਂ 55% ਦੀ ਲੋੜ ਹੈ। ਜੇ ਆਪਾਂ ਇਹ ਦੇਖੀਏ ਕਿ ਵੋਟਾਂ ਪੈਣ ਸਮੇਂ ਵੋਟ ਕੌਣ ਪਾ ਸਕਦਾ ਹੈ ਤਾਂ ਸਰਕਾਰ ਦਾ ਮਜ਼ਦੂਰ ਵਿਰੋਧੀ ਕਿਰਦਾਰ ਹੋਰ ਵੀ ਨੰਗਾ ਹੋ ਜਾਂਦਾ ਹੈ। ਜੇ ਯੂਨੀਅਨ ਬਨਣੀ ਹੋਵੇ ਤਾਂ ਉਹ ਹੀ ਮਜ਼ਦੂਰ ਵੋਟ ਪਾ ਸਕਦਾ ਹੈ ਜਿਹੜਾ ਉਸ ਸਮੇਂ ਉਸ ਯੂਨਿਟ ਵਿਚ ਕੰਮ ਕਰਦਾ ਹੋਵੇ। ਜਿਹੜਾ ਮਜ਼ਦੂਰ ਲੇ ਆਫ ਹੋਵੇ ਉਸਨੂੰ ਵੋਟ ਦਾ ਹੱਕ ਨਹੀਂ। ਪਰ ਜੇ ਯੂਨੀਅਨ ਤੋੜਨੀ ਹੋਵੇ ਤਾਂ ਉਹ ਮਜ਼ਦੂਰ ਵੀ ਵੋਟ ਪਾ ਸਕਦਾ ਹੈ ਜਿਹੜਾ ਲੇ ਆਫ ਹੋਵੇ ਬਸ਼ਰਤੇ ਕਿ ਉਸਨੂੰ ਹੋਰ ਕਿਤੇ ਪੱਕਾ ਕੰਮ ਨਾ ਮਿਲਿਆ ਹੋਵੇ। ਇਸ ਤਰ੍ਹਾਂ ਮਾਲਕ ਲੇ ਆਫ ਹੋਏ ਮਜ਼ਦੂਰ ਨੂੰ ਕੰਮ ਦਾ ਲਾਰਾ ਦੇ ਕੇ ਯੂਨੀਅਨ ਵਿਰੁੱਧ ਵੋਟ ਪਵਾ ਸਕਦਾ ਹੈ। ਕਿਉਂ ਹੈ ਕਿ ਨਹੀਂ ਨਿਆਂ ਦੀ ਨਵੀਂ ਮਿਸਾਲ। ਇਸ ਤਰ੍ਹਾਂ ਯੂਨੀਅਨ ਬਣਾਉਣ ਵਿਚ ਮੁਸ਼ਕਲਾਂ ਪੈਦਾ ਕਰਨਾ ਸਾਡੇ ਅਤੇ ਹੋਰ ਘੱਟ ਗਿਣਤੀਆਂ ਲਈ ਵੱਧ ਨੁਕਸਾਨ ਦੇਹ ਹੈ। ਕਿਉਂਕਿ ਆਮ ਕਰਕੇ ਅਸੀਂ ਹੀ ਜ਼ਿਆਦਾ ਉਨਾਂ ਥਾਵਾਂ ਤੇ ਕੰਮ ਕਰਦੇ ਹਾਂ ਜਿੱਥੇ ਤਨਖਾਹਾਂ ਘੱਟ ਹਨ, ਲੁੱਟ ਖਸੁੱਟ ਜ਼ਿਆਦਾ। ਜਿਵੇਂ ਫਾਰਮ ਵਰਕਰ, ਘਰਾਂ ਵਿਚ ਐਡਵਰਟਾਇਜ਼ਿੰਗ ਦੇ ਪੇਪਰ ਸੁੱਟਣ ਵਾਲੇ ਕਲੀਨ ਅਪ ਦਾ ਕੰਮ ਕਰਨ ਵਾਲੇ ਆਦਿ। ਇਨਾਂ ਥਾਵਾਂ ਉਪਰ ਯੂਨੀਅਨਾਂ ਦੀ ਜ਼ਿਆਦਾ ਜ਼ਰੂਰਤ ਹੈ।

ਇਸ ਐਕਟ ਦੀ ਅਗਲੀ ਮਜ਼ਦੂਰ ਵਿਰੋਧੀ ਤਰਮੀਮ ਹੈ 'ਜ਼ਰੂਰੀ ਸੇਵਾਵਾਂ' ਦੇ ਘੇਰੇ ਨੂੰ ਸਰਕਾਰੀ ਅਦਾਰਿਆਂ ਤੋਂ ਅੱਗੇ ਪਰਾਈਵੇਟ ਅਦਾਰਿਆਂ ਤਕ ਲਿਜਾਣਾ। ਇਸ ਨਾਲ ਸਰਕਾਰ ਕੋਲ ਏਨੀ ਤਾਕਤ ਹੋ ਜਾਵੇਗੀ ਕਿ ਉਹ ਸੂਬੇ ਵਿਚ ਹੋਈ ਕਿਸੇ ਵੀ ਹੜਤਾਲ ਨੂੰ 'ਬੈਕ ਟੂ ਵਰਕ" ਹੁਕਮ ਦੇ ਖਤਮ ਕਰ ਸਕੇ। ਉਦਾਹਰਣ ਲਈ :— ਲਕੜ ਮਿੱਲਾਂ 'ਚ ਕੰਮ ਕਰਨ ਵਾਲੇ (ਆਈ. ਡਬਲਯੂ. ਏ ਦੇ ਮੈਂਬਰ) ਜੇ ਆਪਣੇ ਹੱਕਾਂ ਲਈ ਹੜਤਾਲ ਕਰ ਦੇਣ। ਇਸ ਕਾਨੂੰਨ ਮੁਤਾਬਿਕ ਸਰਕਾਰ ਉਨ੍ਹਾਂ ਨੂੰ ਇਹ ਕਹਿਕੇ "ਇਸ ਹੜਤਾਲ ਨਾਲ ਸੂਬੇ ਦੀ ਆਰਥਿਕਤਾ ਨੂੰ ਖਤਰਾ ਹੈ" ਕੰਮ ਤੇ ਵਾਪਸ ਘੱਲ ਸਕਦੀ ਹੈ। ਪਹਿਲਾਂ ਜ਼ਰੂਰੀ ਸੇਵਾਵਾਂ ਵਿਚ ਸਿਰਫ ਪੁਲੀਸ ਮੈਨ, ਫਾਇਰਫਾਇਟਰ ਅਤੇ ਹੈਲਥ ਕੇਅਰ ਵਰਕਰ ਹੀ ਆਉਂਦੇ ਸਨ। ਇਸ ਤਰ੍ਹਾਂ ਮਜ਼ਦੂਰਾਂ ਤੋਂ ਉਨ੍ਹਾਂ ਵਲੋਂ ਆਪਣੇ ਹੱਕ ਪ੍ਰਾਪਤ ਕਰਨ ਲਈ ਵਰਤਿਆ ਜਾਂਦਾ ਇਕੋ ਇਕ ਹੱਕ 'ਹੜਤਾਲ' ਵੀ ਖੋਹਿਆ ਜਾ ਰਿਹਾ ਹੈ। ਲੇਬਰ ਕੋਡ ਅਮੈਂਡਮੈਂਟ ਐਕਟ ਵਿਚ ਹੋਰ ਵੀ ਬਹੁਤ ਕੁਝ ਅਜਿਹਾ ਹੈ ਜੋ ਮਜ਼ਦੂਰਾਂ ਅਤੇ ਲੋਕਾਂ ਦੇ ਹਿੱਤਾਂ ਵਿਰੁੱਧ ਹੈ ਜੇ ਉਸ ਸਭ ਬਾਰੇ ਲਿਖਣਾ ਹੋਵੇ ਤਾਂ ਲੇਬਰ ਅਮੈਂਡਮੈਂਟ ਐਕਟ ਉਪਰ ਹੀ ਇਕ ਵੱਖਰੇ ਲੇਖ ਦੀ ਜ਼ਰੂਰਤ ਹੈ। ਅਸੀਂ ਇਸ ਲੇਖ ਵਿਚ ਸਿਰਫ ਕੁਝ ਕੁ ਉਦਾਹਰਣਾਂ ਹੀ ਲਈਆਂ ਹਨ।

ਬਿੱਲ 5 :— ਇਸ ਬਿੱਲ ਨਾਲ ਪੁਰਾਣਾ ਰੈਜੀਡੈਂਸ਼ਲ ਟੈਨਿਨਸੀ ਐਕਟ ਖਤਮ ਕਰ ਦਿੱਤਾ ਗਿਆ ਹੈ। ਸਾਰੇ ਰੈਂਟਿਲਮੈਨਜ਼ ਆਫਿਸ ਸਤੰਬਰ 30, 1984 ਤੋਂ ਬੰਦ ਕਰ ਦਿੱਤੇ ਜਾਣਗੇ। ਇਹ ਸਭ ਕੁਝ ਹੋਣ ਨਾਲ ਮਕਾਨ ਮਾਲਕਾਂ (Landlords) ਨੂੰ ਇਹ ਹੱਕ ਮਿਲ ਜਾਂਦਾ ਹੈ ਕਿ ਉਹ ਕਿਸੇ ਵੀ ਕਿਰਾਏਦਾਰ ਨੂੰ ਕਿਸੇ ਵੀ ਸਮੇਂ ਬਿਨਾਂ ਕਿਸੇ ਕਾਰਨ ਘਰੋਂ ਕੱਢ ਸਕਦੇ ਹਨ। ਅਤੇ ਜਿੰਨਾਂ ਮਰਜ਼ੀ ਕਿਰਾਇਆ ਵਧਾ ਸਕਦਾ ਹੈ। ਇਸ ਬਿੱਲ ਤੋਂ ਆਪਣੇ ਕੁਝ ਪੰਜਾਬੀ (ਜਿਨਾਂ ਕੋਲ ਘਰ ਹਨ) ਆਪਣੀ ਖੁਦਗਰਜ਼ ਸੋਚ ਕਾਰਨ ਬਹੁਤ ਖੁਸ਼ ਹਨ ਕਿ ਉਨ੍ਹਾਂ ਨੂੰ ਇਸਦਾ ਬਹੁਤ ਫਾਇਦਾ ਹੋਵੇਗਾ। ਉਨ੍ਹਾਂ ਨੂੰ ਇਸ ਤਰ੍ਹਾਂ ਨਹੀਂ ਸੋਚਣਾ ਚਾਹੀਦਾ। ਇਹ ਕਾਨੂੰਨ ਸਰਕਾਰ ਨੇ ਉਨਾਂ ਦੇ ਫਾਇਦੇ ਕਰਕੇ ਨਹੀਂ ਬਣਾਇਆ ਸਗੋਂ ਵੱਡੀਆਂ ਵੱਡੀਆਂ ਅਪਰਾਟਮੈਂਟਾਂ ਦੇ ਮਾਲਕਾਂ ਦੇ ਫਾਇਦੇ ਲਈ ਬਣਾਇਆ ਹੈ ਭਾਵੇਂ ਘਰਾਂ ਦੇ ਮਾਲਕਾਂ ਨੂੰ ਵੀ ਇਸਤੋਂ ਥੋੜਾ ਬਹੁਤ ਫਾਇਦਾ ਹੋ ਜਾਵੇ। ਇਸਦੇ ਨਾਲ ਇਹ ਵੀ ਗੱਲ ਹੈ ਕਿ ਅੱਗੇ ਜਦ ਕੋਈ ਕਿਰਾਏਦਾਰ 3-4 ਮਹੀਨੇ ਤੁਹਾਡਾ ਕਿਰਾਇਆ ਨਹੀਂ ਸੀ ਦਿੰਦਾ ਤੁਸੀਂ ਰੈਂਟਿਲਮੈਨਜ਼ ਆਫਿਸ ਚਲੇ ਜਾਂਦੇ ਸੀ। ਉਹ ਤੁਹਾਡਾ ਫੈਸਲਾ ਕਰਾ ਤੁਹਾਨੂੰ ਪੈਸੇ ਦਵਾ ਦਿੰਦੇ ਸਨ। ਪਰ ਹੁਣ ਤੁਹਾਨੂੰ 3-4 ਮਹੀਨੇ ਦਾ ਕਿਰਾਇਆ ਵਸੂਲ ਕਰਨ ਲਈ ਕੋਰਟਾਂ 'ਚ ਜਾਣਾ ਪਿਆ ਕਰੇਗਾ ਜਿੱਥੇ ਵਕੀਲ ਦਾ ਖਰਚ ਤੁਹਾਡੇ ਰਹਿੰਦੇ ਕਿਰਾਏ ਤੋਂ ਜ਼ਿਆਦਾ ਹੋਵੇਗਾ।

ਦੂਜੇ ਪਾਸੇ ਆਪਾਂ ਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਜਿਹੋ ਜਿਹੇ ਸੂਬੇ ਜਾਂ ਦੇਸ਼ ਦੇ ਆਰਥਿਕ ਹਾਲਾਤ ਹਨ ਉਸ ਹਿਸਾਬ ਨਾਲ ਇਨਾਂ ਪੁਰਾਣੇ ਲੋਕਾਂ ਤੋਂ ਬਿਨਾਂ (ਜਿਹਨਾਂ ਕੋਲ ਘਰ ਹਨ) ਜਿਹੜੇ ਨਵੇਂ ਨੌਜਵਾਨ ਜੋੜੇ ਘਰ ਵਸਾ ਰਹੇ ਹਨ, ਨਵੇਂ ਕੈਨੇਡਾ 'ਚ ਆ ਰਹੇ ਹਨ, ਉਹ ਬਹੁਤ ਘੱਟ ਆਪਣੇ ਘਰ ਲੈ ਸਕਣਗੇ।

ਇਨਾਂ ਵਿਚੋਂ ਬਹੁਤਿਆਂ ਨੂੰ ਅਪਾਰਮੈਂਟਾਂ, ਬੇਸਮੈਂਟਾਂ 'ਚ ਕਿਰਾਏ ਤੇ ਰਹਿਣਾ ਪਵੇਗਾ। ਜੇ ਹੁਣ ਇਨਾਂ ਨੂੰ ਕੋਈ ਉਨਾਂ ਦੇ ਰੰਗ, ਨਸਲ ਆਦਿ ਕਰਕੇ ਮਕਾਨ ਕਿਰਾਏ ਤੇ ਨਾ ਦੇਵੇ ਜਾਂ ਬਹੁਤਾ ਕਿਰਾਇਆ ਵਸੂਲ ਕਰੇ ਤਾਂ ਉਹ ਕਿੱਧਰ ਜਾਣਗੇ। ਸਾਨੂੰ ਸਿਰਫ ਆਪਣੇ ਲਈ ਨਹੀਂ ਸਗੋਂ ਆਪਣੇ ਬੱਚਿਆਂ ਆਪਣੇ ਭੈਣਾਂ ਭਰਾਵਾਂ ਬਾਰੇ ਵੀ ਸੋਚਣਾ ਚਾਹੀਦਾ ਹੈ ਅਤੇ ਇਸ ਉਪਰ ਖੁਸ਼ ਹੋਣ ਦਾ ਭਰਮ ਕੱਢ ਦੇਣਾ ਚਾਹੀਦਾ ਹੈ।

ਬਿੱਲ 6 :— ਇਸ ਬਿੱਲ ਮੁਤਾਬਿਕ ਸਿੱਖਿਆ ਵਿਭਾਗ ਵਿਚ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਸਕੂਲਾਂ ਦੇ ਬੱਜਟਾਂ ਉਪਰ ਕੱਟ ਲਾਇਆ ਜਾ ਰਿਹਾ ਹੈ। ਇਸ ਨਾਲ ਬੀ. ਸੀ. 'ਚ ਪੜ੍ਹ ਰਹੇ ਸਾਰੇ ਵਿਦਿਆਰਥੀਆਂ ਉਪਰ ਅਸਰ ਪਵੇਗਾ। ਪਰ ਸਭ ਤੋਂ ਪਹਿਲਾਂ ਅਸਰ ਇਮੀਗਰਾਂਟ ਵਿਦਿਆਰਥੀਆਂ ਉਪਰ ਪਵੇਗਾ। ਕਿਉਂਕਿ ਸਭ ਤੋਂ ਪਹਿਲਾਂ ਈ. ਐਸ. ਐਲ. (English as second language) ਵਰਗੇ ਪ੍ਰੋਗਰਾਮ ਬੰਦ ਕੀਤੇ ਜਾਣਗੇ ਜਿਹਨਾਂ ਦੀ ਜ਼ਰੂਰਤ ਇਮੀਗਰਾਂਟ ਲੋਕਾਂ ਦੇ ਬੱਚਿਆਂ ਨੂੰ ਹੀ ਹੈ। ਜੇ ਸਾਡੇ ਬੱਚੇ ਇੰਗਲਿਸ਼ ਚੰਗੀ ਤਰ੍ਹਾਂ ਨਾ ਸਿੱਖ ਸਕੇ ਤਾਂ ਸਕੂਲਾਂ 'ਚ ਕਿਵੇਂ ਚਲਣਗੇ। ਫਿਰ ਸਾਡਾ ਉਨਾਂ ਨੂੰ ਕੁਝ ਬਣਾਉਣ ਦਾ ਸੁਫਨਾ, ਸੁਫਨਾ ਹੀ ਰਹਿ ਜਾਵੇਗਾ ਕਿਉਂਕਿ ਉਹ ਬੱਚੇ ਸਕੂਲਾਂ ਚੋਂ ਡਰਾਪ ਆਊਟ ਹੋ ਕੇ ਮਜ਼ਦੂਰੀ ਕਰਨ ਜੋਗੇ ਹੀ ਰਹਿ ਜਾਣਗੇ।

ਇਹ ਤਾਂ ਸਨ ਉਹ ਬਿੱਲ ਜੋ ਸਾਡੀ ਕਮਿਊਨਿਟੀ ਅਤੇ ਹੋਰ ਘੱਟ ਗਿਣਤੀਆਂ ਉਪਥ ਸਿੱਧਾ ਮਾਰੂ ਅਸਰ ਪਾਉਂਦੇ ਹਨ। ਬਾਕੀ ਦੇ ਬਿੱਲ ਵੀ ਸਾਡੇ ਉਪਰ ਅਸਰ ਪਾਉਂਦੇ ਹਨ ਕਿਉਂਕਿ ਸਾਰੇ ਦੇ ਸਾਰੇ ਬਿੱਲ ਬੀ. ਸੀ. 'ਚ ਰਹਿ ਰਹੇ ਲੋਕਾਂ ਦੇ ਵਿਰੋਧੀ ਹਨ ਅਤੇ ਅਸੀਂ ਬ੍ਰਿਟਿਸ਼ ਕੋਲੰਬੀਅਨ ਪਹਿਲਾਂ ਅਤੇ ਭਾਰਤੀ ਬਾਅਦ 'ਚ ਹਾਂ। ਬਿੱਲ 15 ਨਾਲ ਸੇਲਜ਼ ਟੈਕਸ 6 ਪ੍ਰਤੀਸ਼ਤ ਤੋਂ ਵਧਾ 7 ਪ੍ਰਤੀਸ਼ਤ ਕਰ ਦਿੱਤਾ ਗਿਆ ਹੈ। ਬਿੱਲ 24 ਡਾਕਟਰਾਂ ਲਈ ਬੈਲੈਂਸ ਬਿਲਿੰਗ ਕਰਨ ਲਈ ਦਰਵਾਜ਼ੇ ਖੋਲ੍ਹਦਾ ਹੈ। ਜਿਵੇਂ :— ਡਾਕਟਰ ਕਹਿਣ ਕਿ ਸਾਨੂੰ ਇਕ ਵਿਜ਼ਿਟ ਦੇ 20 ਡਾਲਰ ਮਿਲਣੇ ਚਾਹੀਦੇ ਹਨ ਪਰ ਸਰਕਾਰ ਉਨ੍ਹਾਂ ਨੂੰ ਇਕ ਵਿਜ਼ਿਟ ਦੇ 16 ਡਾਲਰ ਦੇਵੇ ਤਾਂ ਬਾਕੀ ਦੇ ਚਾਰ ਡਾਲਰ ਡਾਕਟਰ ਪੇਸ਼ੈਂਟ ਤੋਂ ਚਾਰਜ਼ ਕਰ ਸਕਦੇ ਹਨ।

ਉਪਰ ਕੀਤੇ ਵਿਚਾਰ ਵਿਟਾਂਦਰੇ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਾਰੇ ਦੇ ਸਾਰੇ ਬਿੱਲ ਗਰੀਬਾਂ ਉਪਰ ਹਮਲਾ ਹਨ। ਇਸ ਤਰ੍ਹਾਂ ਇਹ ਅਚਾਨਕ ਨਹੀਂ ਹੋ ਗਿਆ। ਸਗੋਂ ਇਹ ਇਕ ਸੋਚੀ ਸਮਝੀ ਗੱਲ ਹੈ। ਸੋਸ਼ਲ ਕਰੇਡਿਟ ਸਰਕਾਰ ਅਮੀਰਾਂ ਦੀ ਸਰਕਾਰ ਹੈ। ਉਨਾਂ ਜੋ ਵੀ ਕਰਨਾ ਹੈ ਅਮੀਰਾਂ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਕਰਨਾ। ਉਹ ਇਹ ਸਭ ਕੁਝ ਇਸ ਨਾਂ ਥੱਲੇ ਕਰ ਚੁੱਕੇ ਹਨ ਕਿ ਸਰਕਾਰ ਕੋਲ ਪੈਸਾ ਨਹੀਂ। ਪਰ ਸਾਨੂੰ ਇਹ ਦੇਖਣਾ ਚਾਹੀਦਾ ਹੈ ਕਿ ਪੈਸਾ ਇਕੱਠਾ ਕਰਨ ਲਈ ਕਿ ਉਨਾਂ ਅਮੀਰਾਂ ਉਪਰ ਵੀ ਕਿਸੇ ਤਰਾਂ ਦਾ ਬੋਝ ਪਾਇਆ ਹੈ ਜਾਂ ਨਹੀਂ। ਜੁਆਬ ਨਾਂਹ 'ਚ ਮਿਲੇਗਾ। ਸਾਰੇ ਦਾ ਸਾਰਾ ਬੋਝ ਗਰੀਬਾਂ ਉਪਰ ਪਾਇਆ ਗਿਆ ਹੈ। ਗਰੀਬ ਅਤੇ ਆਮ ਲੋਕ ਤਾਂ ਇਸ ਮੰਦਵਾੜੇ ਕਾਰਨ ਪਹਿਲਾਂ ਹੀ ਥੱਲੇ ਲੱਗੇ ਹੋਏ ਸਨ ਫਿਰ ਉਨਾਂ ਉਪਰ ਇਹ ਬੋਝ ਪਾਉਣਾ ਕਿਥੋਂ ਤੱਕ ਠੀਕ ਹੈ? ਇਸ ਤਰ੍ਹਾਂ ਸਾਨੂੰ ਇਸ ਗੱਲ ਦਾ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਜਦੋਂ ਉਹ ਕਹਿੰਦੇ ਹਨ ਕਿ ਏਥੇ ਸਭ ਨੂੰ ਇਕੋ ਜਿਹਾ ਹੱਕ ਹੈ, ਉਸ ਸਮੇਂ ਉਹ ਝੂਠ ਬੋਲ ਰਹੇ ਹੁੰਦੇ ਹਨ। ਜੇ ਏਥੇ ਕੋਈ ਹੱਕ ਹੈ ਤਾਂ ਸਿਰਫ ਉਸ ਕੋਲ ਜਿਸ ਕੋਲ ਪੈਸਾ ਹੈ। ਇਸ ਤਰ੍ਹਾਂ ਹੀ ਸਾਨੂੰ ਉਨ੍ਹਾਂ ਦੀ ਡੈਮੋਕਰੇਸੀ ਦੀ ਬੀਣ ਦਾ ਸੰਗੀਤ ਵੀ ਸਮਝ ਲੈਣਾ ਚਾਹੀਦਾ ਹੈ। ਡੈਮੋਕਟੇਸੀ ਦਾ ਅਰਥ 'ਸਭ ਨੂੰ ਬਰਾਬਰ ਹੱਕ' ਨਹੀਂ, ਸਗੋਂ 'ਸਿਰਫ ਪੈਸੇ ਵਾਲਿਆਂ ਨੂੰ ਹੀ ਹੱਕ ਹੈ।'

ਉਨ੍ਹਾਂ ਨੇ ਇਹ ਹਮਲਾ ਇਸ ਸਮੇਂ ਇਹ ਸੋਚ ਕੇ ਕੀਤਾ ਕਿ ਮਜ਼ਦੂਰ ਅਤੇ ਆਮ ਲੋਕ ਇਸ ਸਮੇਂ ਮੰਦਵਾੜੇ ਕਾਰਨ ਆਰਥਿਕ ਪੱਖੋਂ ਕਮਜ਼ੋਰ ਹੋ ਚੁੱਕੇ ਹਨ ਇਸ ਲਈ ਉਹ ਇਸਦਾ ਵਿਰੋਧ ਘੱਟ ਕਰਨਗੇ। ਪਰ ਖੁਸ਼ੀ ਦੀ ਗੱਲ ਇਹ ਹੈ ਕਿ ਉਨ੍ਹਾਂ ਦੀ ਇਹ ਸੋਚ ਗਲਤ ਸਾਬਤ ਹੋਈ ਹੈ। ਪਹਿਲਾਂ ਹੀ ਲੱਖ ਦੀ ਗਿਣਤੀ ਵਿਚ ਲੋਕੀ ਇਸਦਾ ਵਿਰੋਧ ਕਰ ਚੁੱਕੇ ਹਨ। ਹੁਣ ਸੋਲੈਡਰਟੀ ਕੋਲੀਸ਼ਨ ਨਾਂ ਥੱਲੇ ਵੱਖ ਵੱਖ ਯੂਨੀਅਨਾਂ ਕਮਿਊਨਿਟੀ ਗਰੁੱਪਸ, ਚਰਚਾ ਵਾਲੇ ਇਸਦਾ ਵਿਰੋਧ ਕਰਨ ਵਿਚ ਸਰਗਰਮ ਹਨ। ਹੁਣ ਤਾਂ ਆਪਣੇ ਗੁਰਦੁਆਰਿਆਂ ਵਲੋਂ ਵੀ ਸਿੱਖ ਸੋਲੈਡਰਟੀ ਹੋਂਦ ਵਿਚ ਆ ਚੁਕੀ ਹੈ। ਇਹ ਬਹੁਤ ਖੁਸ਼ੀ ਦੀ ਗੱਲ ਹੈ। ਆਸ ਹੈ ਉਹ ਇਸ ਵਿਰੋਧ ਵਿਚ ਵਧ ਚੜ੍ਹ ਕੇ ਹਿੱਸਾ ਲੈਣਗੇ। ਜਦੋਂ ਆਪਣੇ ਲੋਕ ਇਸ ਵਿਰੋਧ ਵਿਚ ਸ਼ਾਮਲ ਹੋਣਗੇ, ਉਦੋਂ ਇਕ ਤਾਂ ਉਹ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰ ਰਹੇ ਹੋਣਗੇ ਦੂਜਾ ਏਥੋਂ ਦੇ ਆਮ ਲੋਕਾਂ ਅਤੇ ਮਜ਼ਦੂਰ ਜਮਾਤ ਨਾਲ ਸਾਂਝ ਪੈਦਾ ਕਰ ਸਕਣਗੇ ਤਾਂ ਕਿ ਭਵਿੱਖ ਵਿਚ ਜੇ ਕਦੇ ਆਪਣੀ ਕਮਿਊਨਿਟੀ ਉਪਰ ਇਕੱਲਿਆਂ ਹਮਲਾ ਹੋਵੇ ਤਾਂ ਇਹ ਲੋਕ ਵੀ ਉਸ ਹਮਲੇ ਵਿਰੁੱਧ ਲੜਾਈ ਵਿਚ ਸਾਡੇ ਨਾਲ ਹੋਣ।

'ਕੈਨੇਡਾ ਦਰਪਣ' ਆਪ ਪੜ੍ਹੋ ਅਤੇ ਦੂਜਿਆਂ ਨੂੰ ਪੜ੍ਹਨ ਲਈ ਪਰੇਰਨਾ ਦਿਉ

ਭ ਾ ਰ ਤ ਦ ਰ ਪ ਣ

ਕਿਸੇ ਦੇ ਘਰੇਲੂ ਮਾਮਲਿਆਂ ਵਿਚ ਸਾਡਾ ਦਖਲ ਨਹੀਂ

ਭਾਰਤ ਨੇ ਪਾਕਿਸਤਾਨ ਨੂੰ ਚਿਤਾਵਨੀ ਦਿਤੀ ਹੈ ਕਿ ਪਾਕਿਸਤਾਨੀ ਲੀਡਰਾਂ ਦੀ ਭਾਰਤ ਪ੍ਰਤੀ ਗਲਤ ਬਿਆਨੀਆਂ ਕਿ ਭਾਰਤ ਉਨਾ ਦੇ ਘਰੇਲੂ ਮਾਮਲਿਆਂ ਵਿਚ ਦਖਲ ਦੇ ਰਿਹਾ ਹੈ, ਭਾਰਤ ਅਤੇ ਪਾਕਿਸਤਾਨ ਵਿਚਕਾਰ ਸੁਧਰ ਰਹੇ ਹਾਲਾਤ ਅਤੇ ਆਪਸੀ ਮੁਫਾਦ ਦੇ ਕੰਮਾਂ ਵਿਚ ਔਕੜ ਬਣ ਕੇ ਖੜੀਆਂ ਹੋ ਜਾਣਗੀਆਂ ਅਤੇ ਇਸ ਤਰਾਂ ਤੇਜੀ ਨਾਲ ਹਾਲਾਤ ਨਾਰਮਲ ਨਹੀਂ ਹੋ ਸਕਣਗੇ।

ਕੀ ਸ੍ਰੀ ਮੀਰ ਕਾਸਮ ਕਾਂਗਰਸ ਨੂੰ ਸਲਾਮ ਕਹਿਣ ਵਾਲੇ ਹਨ ?

ਕਾਂਗਰਸ (ਆਈ)ਦੀ ਪ੍ਰਧਾਨ ਸ੍ਰੀਮਤੀ ਇੰਦਰਾ ਗਾਂਧੀ ਨੂੰ ਮਿਲਣ ਲਈ ਲਗਾਤਾਰ ਤਿੰਨ ਦਿਨ ਸ੍ਰੀ ਮੀਰ ਕਾਸਮ ਇੰਤਜਾਰ ਕਰਦੇ ਰਹੇ ਭਾਵੇਂ ਕਿ ਉਨਾਂ ਨੇ ਦਿੱਲੀ ਆਉਂਦਿਆਂ ਹੀ ਮਿਲਣ ਲਈ ਸਮੇਂ ਦੀ ਮੰਗ ਕੀਤੀ ਸੀ ਪਰ ਕਾਂਗਰਸ ਪ੍ਰਧਾਨ ਦੇ ਦਫਤਰ ਵਲੋਂ ਕੋਈ ਜੁਵਾਬ ਨਹੀ ਸੀ ਮਿਲਿਆ। ਹੁਣ ਉਹ ਇਸ ਗੱਲ ਦਾ ਫੈਸਲਾ ਕਰਨ ਗੇ ਕਿ ਕੀ ਉਹ ਪਾਰਟੀ ਨੂੰ ਛੱਡ ਰਹੇ ਹਨ ਜਾਂ ਨਹੀਂ।

ਫਿਲਮ 'ਗਾਂਧੀ' ਜਾਂ ਟਕਸਾਲ

ਸਾਰੇ ਵਿਸ਼ਵ ਵਿਚ ਚਲ ਰਹੀ ਫਿਲਮ 'ਗਾਂਧੀ' ਨੇ ਅੱਧ ਜੂਨ ਤਕ 85 ਮਿਲੀਅਨ ਡਾਲਰ ਕਮਾ ਲਏ ਹਨ ਅਤੇ ਅਜੇ ਵੀ ਹਰ ਥਾਂ ਹੀ ਬੜੇ ਜੋਰ ਸ਼ੋਰ ਨਾਲ ਚਲ ਰਹੀ ਹੈ।

ਈਮਾਨਦਾਰੀ ਮਰੀ ਨਹੀਂ —

ਜੋਧਪੁਰ - ਇਕ ਪੈਨਸ਼ਨਰ ਨੇ ਇਕ ਮੰਦਰ ਵਿਚੋਂ ਲਭਿਆ ਸੋਨਾ ਉਸਦੇ ਮਾਲਕ ਤਕ ਪੁਚਾ ਦਿਤਾ। ਸੋਨੇ ਦੀ ਕੀਮਤ ਇਕ ਲੱਖ ਰੁਪੈ ਦੱਸੀ ਜਾਂਦੀ ਹੈ। ਸ੍ਰੀ ਸ਼ਰਮਾ ਜਦ ਮੰਦਰ ਵਿਚ ਪੂਜਾ ਲਈ ਗਏ ਤਾਂ ਇਕ ਮੈਲੇ ਜਹੇ ਥੈਲੇ ਵਿਚ ਪਿਆ ਸੋਨਾ ਲੱਭਾ। ਥੈਲੇ ਵਿਚ ਪਏ ਰਾਸ਼ਨ ਕਾਰਡ ਤੋਂ ਉਸਦੇ ਮਾਲਕ ਦਾ ਨਾਉਂ, ਥਾਉਂ ਟਿਕਾਣਾ ਲਭਿਆ। ਮਾਲਕ ਸੋਨੇ ਨੂੰ ਬੈਂਕ ਦੇ ਲੌਕਰ ਵਿਚ ਰਖਣ ਲਈ ਲੈਕੇ ਜਾ ਰਿਹਾ ਸੀ।

ਮੱਧਕਾਲੀ ਚੋਣਾਂ ਬਾਰੇ ਚੰਦਰ ਸ਼ੇਖਰ ਨੂੰ ਸੰਦੇਹ

ਜਲੰਧਰ—ਜਨਤਾ ਪਾਰਟੀ ਮੁਖੀ ਸ੍ਰੀ ਚੰਦਰ ਸ਼ੇਖਰ ਨਹੀਂ ਸਮਝਦੇ ਕਿ ਲੋਕ ਸਭਾ ਦੀਆਂ ਮੱਧਕਾਲੀ ਚੋਣਾਂ ਦੀ ਕੋਈ ਸੰਭਾਵਨਾ ਹੈ। ਏਥੇ ਅਖਬਾਰੀ ਨੁਮਾਇੰਦਿਆਂ ਨਾਲ ਗਲਬਾਤ ਕਰਦਿਆਂ ਸ੍ਰੀ ਚੰਦਰ ਸ਼ੇਖਰ ਨੇ ਕਿਹਾ ਕਿ ਇਸ ਗੱਲ ਵਿਚ ਕੋਈ ਤਰਕ ਨਹੀਂ ਜਾਪਦਾ ਕਿ ਸ੍ਰੀਮਤੀ ਗਾਂਧੀ ਮਧਕਾਲੀ ਚੋਣਾਂ ਕਰਾਉਣਾ ਚਾਹੁੰਦੇ ਹਨ। ਕਿਉਂਕਿ ਜੇ ਚੋਣਾਂ ਵੇਲੇ ਸਿਰ ਹੋਣ ਤਾਂ ਸ੍ਰੀਮਤੀ ਗਾਂਧੀ ਦਾ ਕੋਈ ਨੁਕਸਾਨ ਨਹੀਂ। ਉਹਨਾਂ ਕਿਹਾ ਕਿ ਸ੍ਰੀਮਤੀ ਗਾਂਧੀ ਵਲੋਂ ਪਾਕਿਸਤਾਨ ਵਿਚਲੀ ਜਮਹੂਰੀਅਤ ਦੀ ਬਹਾਲੀ ਦੀ ਤਹਿਰੀਕ ਨੂੰ ਇਖਲਾਕੀ ਹਮਾਇਤ ਵਿਚ ਕੋਈ ਬੁਰਿਆਈ ਨਹੀਂ। ਤਾਂ ਵੀ ਉਹਨਾਂ ਕਿਹਾ ਕਿ ਸ੍ਰੀਮਤੀ ਗਾਂਧੀ ਹਿੰਦ ਵਿਚ ਤਾਂ ਜਮਹੂਰੀਅਤ ਦੀ ਮਜ਼ਬੂਤੀ ਲਈ ਕੁਝ ਨਹੀਂ ਕਰ ਰਹੇ।

ਹਰਿਆਣੇ ਦੇ ਸਾਬਕ ਮੰਤਰੀ ਦੀ ਜਾਨ ਨੂੰ ਖਤਰਾ

ਚੰਡੀਗੜ੍ਹ—ਹਰਿਆਣੇ ਦੇ ਬਰਤਰਫ ਸ਼ੁਦਾ ਮੰਤਰੀ ਲਛਮਣ ਸਿੰਘ ਨੇ ਕਿਹਾ ਹੈ ਕਿ ਉਸਨੂੰ ਆਪਣੇ ਹਲਦੇ ਦੀ ਪੁਲਸ ਤੋਂ ਜਾਨ ਦਾ ਖਤਰਾ ਹੈ ਇਸ ਲਈ ਪੰਜੌਰ ਦੇ ਐਸ. ਐਚ. ਓ. ਨੂੰ ਤਬਦੀਲੀ ਕੀਤਾ ਜਾਏ। ਉਨ੍ਹਾਂ ਨੇ ਇਲਜ਼ਾਮ ਲਗਾਇਆ ਕਿ ਜਿਨਾਂ ਪੁਲਸ ਅਧਿਕਾਰੀਆਂ ਵਿਰੁੱਧ ਉਨ੍ਹਾਂ ਮੁਖ ਮੰਤਰੀ ਨੂੰ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਸੀ ਉਨ੍ਹਾਂ ਨੂੰ ਜਾਣ ਬੁੱਝ ਕੇ ਉਨ੍ਹਾਂ ਦੇ ਹਲਕੇ ਵਿਚ ਤਬਦੀਲ ਕਰ ਦਿਤਾ ਗਿਆ ਹੈ। ਇਨ੍ਹਾਂ ਪੁਲਸ ਅਧਿਕਾਰੀਆਂ ਨੇ ਕਤਲ ਕਰਾਉਣ ਲਈ ਸਾਜ਼ਸ਼ ਰਚੀ ਹੋਈ ਹੈ।

ਫੁੱਲ ਗੰਗਾ ਪੈ ਗਏ —

ਭਾਰਤ ਵਿਚ ਬਹੁਤ ਬਾਰਸ਼ਾਂ ਕਾਰਨ ਇਕ ਬੱਸ ਵੀ ਗੰਗਾ ਵਿਚ ਡਿਗ ਪਈ ਇਸ ਵਿਚ ਬੈਠੀਆ 20 ਸਵਾਰੀਆਂ ਵੀ ਗੰਗਾ ਦਾ ਤੇਜ ਵਗ ਰਿਹਾ ਪਾਣੀ ਬਹਾ ਕੇ ਲੈ ਗਿਆ।

ਕਾਤਲ ਗਰੋਹ ਦੇ ਤਿੰਨ ਬੰਦੇ ਕਾਬੂ

ਅੰਮ੍ਰਿਤਸਰ—ਅੰਮ੍ਰਿਤਸਰ ਪੁਲੀਸ ਨੇ ਤਿੰਨ ਵਿਅਕਤੀਆਂ ਨੂੰ ਗਰਿਫਤਾਰ ਕਰਕੇ ਲੁਟਮਾਰ ਕਰਨ ਵਾਲਾ ਅੰਤਰ ਜ਼ਿਲਾ ਗਰੋਹ ਕਾਬੂ ਕਰ ਲੈਣ ਦਾ ਦਾਅਵਾ ਕੀਤਾ ਹੈ। ਸੀਨੀਅਰ ਪੁਲਸ ਅਧਿਕਾਰੀ ਸਰਬਜੀਤ ਸਿੰਘ ਨੇ ਪੱਤਰਕਾਰਾਂ ਨੂੰ ਦਸਿਆ ਕਿ ਪੁਲਸ ਵਲੋਂ ਗ੍ਰਿਫਤਾਰ ਕੀਤੇ ਗਏ ਤਿੰਨ ਵਿਅਕਤੀਆਂ ਟਹਿਲ ਸਿੰਘ, ਘਈਮਾ ਸਿੰਘ ਬਿੱਟੂ ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਕਪੂਰਥਲਾ ਜ਼ਿਲਿਆਂ ਵਿਚ ਬਹੁਤ ਸਾਰੇ ਕਤਲਾਂ, ਚੋਰੀਆਂ ਅਤੇ ਡਾਕੇ ਦੀਆਂ ਵਾਰਦਾਤਾਂ ਨਾਲ ਸਬੰਧਤ ਹਨ। ਇਨਾਂ ਡਾਕੂਆਂ ਤੋਂ ਪਸਤੌਲ ਅਤੇ ਹੋਰ ਸਮਾਨ ਵੀ ਬਰਾਮਦ ਕੀਤਾ ਗਿਆ ਹੈ।

"ਕੈਨੇਡਾ ਦਰਪਣ" ਦਾ ਇਕ ਪਾਠਕ ਹੋਰ ਬਣਾਓ

ਇੰਦਰ ਦੇਵਤਾ ਦੀ ਕਰੋਪੀ —

ਸਿਕਮ ਸਟੇਟ ਦੇ ਦੋ ਕਸਬੇ ਬੁਹਤੇ ਮੀਹਾਂ ਅਤੇ ਲੈਂਡ ਸਲਾਈਡਾਂ ਦੇ ਕਾਰਨ ਗਰਕਣੇ ਸ਼ੁਰੂ ਹੋਗਏ ਹਨ। ਇਨਾ ਕਸਬਿਆਂ ਦੀ ਆਬਾਦੀ ਘਰ ਬਾਰ ਛੱਡ ਕੇ ਚਲੀ ਗਈ ਹੈ।

ਮਹਾਰਾਣੀ ਐਲਜਬਥ ਦੀ ਭਾਰਤ ਫੇਰੀ —

ਇੰਗਲੈਂਡ ਦੀ ਮਹਾਰਾਣੀ ਐਲਜਬਥ 17 ਨਵੰਬਰ ਤੋਂ 27 ਨਵੰਬਰ 83 ਤਕ ਆਪਣੇ ਦੂਸਰੇ ਸਰਕਾਰੀ ਦੌਰੇ ਤੇ ਭਾਰਤ ਪਧਾਰ ਰਹੇ ਹਨ। ਉਥੇ ਉਹ ਕਾਮਨਵੈਲਥ ਦੇਸ਼ਾਂ ਦੇ ਆਗੂਆਂ ਨੂੰ 23 ਨਵੰਬਰ 83 ਨੂੰ ਮਿਲਣਗੇ। ਉਨਾਂ ਦੇ ਪਤੀ ਡਿਊਕ ਆਫ ਐਡਨਬਰਗ ਵੀ ਉਨਾਂ ਦੇ ਨਾਲ ਹੋਣਗੇ। 17 ਨਵੰਬਰ 83 ਨੂੰ ਉਹ ਕੇਨੀਆ ਅਤੇ ਬੰਗਲਾ ਦੇਸ਼ ਦੇ ਦੌਰੇ ਤੋਂ ਉਪਰੰਤ ਭਾਰਤ ਪੁਜਣਗੇ।

ਆਲ ਇੰਡੀਆ ਰੇਡੀਓ ਤੋਂ ਕੀਰਤਨ ਪ੍ਰਸ਼ਾਸ਼ਨ ਦੀ ਮੰਗ

ਪਟਿਆਲਾ — ਪੰਜਾਬ ਹਿੰਦੂ ਸੁਰਖਸ਼ਾ ਸਮਿਤੀ ਨੇ ਇਹ ਮੰਗ ਕੀਤੀ ਹੈ ਕਿ ਦੁਰਗਿਆਨਾ ਮੰਦਰ ਅੰਮ੍ਰਿਤਸਰ ਤੋਂ ਆਲ ਇੰਡੀਆ ਰੇਡੀਓ ਰਾਹੀਂ ਕੀਰਤਨ ਰੀਲੇ ਕੀਤਾ ਜਾਵੇ।

'ਨਿਕਾਹ' ਦੀ ਸਲਮਾਂ ਆਗਾ ਦਾ 'ਨਿਕਾਹ'

ਫਿਲਮੀ ਅਦਾਕਾਰਾ ਅਤੇ ਗਾਇਕਾ ਸਲਮਾ ਆਗਾ ਜੋ ਆਪਣੀ ਫਿਲਮ 'ਨਕਾਹ' ਦੀ ਕਾਮਯਾਬੀ ਦੇ ਕਾਰਨ ਝੱਟ ਹੀ ਸ਼ੋਹਰਤ ਦੇ ਅਸਮਾਨ ਨੂੰ ਛੋਹ ਲਿਆ ਹੈ ਨੇ ਕਿਹਾ ਹੈ ਕਿ ਉਹ ਅਗਲੇ ਸਾਲ ਫਿਲਮ ਨਿਰਦੇਸ਼ਕ ਮਹਿਮੂਦ ਸਪਰਾ ਨਾਲ 'ਨਿਕਾਹ' ਕਰ ਲਵੇਗੀ। ਉਸ ਨੇ ਕਿਹਾ ਹੈ ਕਿ ਐਕਟਿੰਗ ਅਤੇ ਗਾਉਣ ਨਾਲ ਉਸ਼ਨੂੰ ਪਿਆਰ ਹੈ। ਅਤੇ ਵਿਆਹ ਤੋਂ ਮਗਰੋਂ ਵੀ ਉਹ ਇਹਨਾ ਨੂੰ ਨਹੀਂ ਤਿਆਗੇਗੀ। ਛੇਤੀ ਹੀ ਮਿਸਟਰ ਸਿਪਰਾ ਵੀ ਆਪਣੀ ਜੇਠੀ ਫਿਲਮ ਵਿਚ ਆਰਹੇ ਹਨ।

ਫਿਰਕੂ ਫਸਾਦਾਂ ਦੇ ਕੇਸ ਸੁਣਨ ਲਈ ਵਿਸ਼ੇਸ਼ ਅਦਾਲਤਾਂ ਹੋਣਗੀਆਂ

ਨਵੀਂ ਦਿੱਲੀ—ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਥੇ ਕਿਹਾ ਕਿ ਫਿਰਕੂ ਫਸਾਦਾਂ ਦੇ ਕੇਸਾਂ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਕਾਇਮ ਕਰਨ ਅਤੇ ਫਸਾਦ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਨੂੰ ਮੁਆਵਜ਼ਾ ਦੇਣ ਦੇ ਸੁਝਾਵਾਂ ਉਤੇ ਸਰਕਾਰ ਵਿਚਾਰ ਕਰ ਰਹੀ ਹੈ।

ਆਲ ਇੰਡੀਆ ਉਰਦੂ ਰਾਈਟਰਜ਼ ਐਂਡ ਜਰਨਿਲਿਸਟ ਫੋਰਮ ਵਲੋਂ ਕੌਮੀ ਅਖੰਡਤਾ ਦੇ ਵਿਸ਼ੇ ਉਤੇ ਬੁਲਾਈ ਗਈ ਉਰਦੂ ਕਾਨਫਰੰਸ ਦਾ ਉਦਘਾਟਨ ਕਰਦਿਆਂ ਕਿਹਾ ਕਿ ਪੁਲਸ ਦੇ ਵਿਸ਼ੇਸ਼ ਦਸਤੇ ਕਾਇਮ ਕੀਤੇ ਜਾ ਰਹੇ ਹਨ ਜਿਨਾਂ ਵਿਚ ਵੱਖ ਵੱਖ ਫਿਰਕਿਆਂ ਨੂੰ ਮੁਨਾਸਿਬ ਪ੍ਰਤੀਨਿਧਤਾ ਦਿਤੀ ਜਾਵੇਗੀ।

ਸ੍ਰੀਮਤੀ ਗਾਂਧੀ ਨੇ ਅਫਸੋਸ ਪ੍ਰਗਟ ਕੀਤਾ ਕਿ ਫਿਰਕਾਪ੍ਰਸਤੀ ਤੇ ਜਾਤਪਾਤ ਦਾ ਸਿਲਸਿਲਾ ਆਜ਼ਾਦੀ ਤੋਂ ਬਾਦ ਵੀ ਜਾਰੀ ਹੈ। ਉਨ੍ਹਾਂ ਫਿਰਕਾਪ੍ਰਸਤੀ ਤੇ ਜਾਤਪਾਤ ਵਿਚ ਵਾਧੇ ਲਈ ਚੋਣ ਪੋਲੇਟਿਕਸ ਨੂੰ ਦੋਸ਼ੀ ਠਹਿਰਾਇਆ ਅਤੇ ਕਿਹਾ ਕਿ ਇਹ ਰੁਝਾਣ ਕੌਮੀ ਏਕਤਾ ਲਈ ਖਤਰਨਾਕ ਹੈ।

ਗੰਗਾ ਖਤਰੇ ਦਾ ਨਿਸ਼ਾਨ ਟੱਪ ਗਈ

ਪਟਨਾ—ਗੰਗਾ ਦਰਿਆ ਵਿਚ ਹੜ੍ਹਾਂ ਦਾ ਪਾਣੀ ਇਸ ਸਾਲ ਪਹਿਲੀ ਵਾਰੀ ਗਾਂਧੀ ਘਾਟ ਉਤੇ ਖਤਰੇ ਵਾਲੇ ਨਿਸ਼ਾਨ ਤੋਂ 49 ਸੈਂਟੀਮੀਟਰ ਹੋਰ ਚੜ੍ਹ ਗਿਆ ਹੈ।

ਜਗਜੀਵਨ ਰਾਮ ਨੂੰ ਗੰਢਣ ਲਈ ਕੋਸ਼ਿਸ਼ਾਂ

ਨਵੀਂ ਦਿੱਲੀ—ਕਾਂਗਰਸ(ਜ) ਦੇ ਪ੍ਰਧਾਨ ਸ੍ਰੀ ਜਗਜੀਵਨ ਰਾਮ ਦੀ ਕਦਰ ਅੱਜ ਕੱਲ੍ਹ ਇਕ ਦਮ ਵਧ ਗਈ ਹੈ। ਲੋਕ ਦਲ ਤੇ ਭਾਰਤੀ ਜੰਤਾ ਪਾਰਟੀ ਦਾ ਕੌਮੀ ਜਮਹੂਰੀ ਫਰੰਟ ਅਤੇ ਚੰਦਰ ਸ਼ੇਖਰ ਦੀ ਅਗਵਾਈ ਹੇਠਲਾ ਚਾਰ ਪਾਰਟੀਆਂ ਦਾ ਫਰੰਟ ਦੋਨੋਂ ਹੀ ਜਗਜੀਵਨ ਰਾਮ ਨੂੰ ਆਪਣੇ ਵੱਲ ਖਿਚਣ ਦੀ ਕੋਸ਼ਿਸ਼ ਕਰ ਰਹੇ ਹਨ।

ਪਿਛਲੇ ਕੁਝ ਦਿਨਾਂ ਵਿਚ ਸ੍ਰੀ ਬਿਜੂ ਪਟਨਾਇਕ ਤੇ ਸ੍ਰੀ ਬਹੁਗੁਣਾਂ ਉਨ੍ਹਾਂ ਨੂੰ ਇਸ ਸਬੰਧ ਵਿਚ ਮਿਲੇ। ਸ੍ਰੀ ਐਸ. ਐਨ. ਮਿਸ਼ਰਾ ਨੇ ਵੀ ਉਨ੍ਹਾਂ ਨੂੰ ਮਿਲਕੇ ਭਾਰਤੀ ਜਨਤਾ ਪਾਰਟੀ ਬਾਰੇ ਇਤਰਾਜ਼ ਛੱਡ ਕੇ ਦੋ ਪਾਰਟੀ ਮੁਹਾਜ ਵਿਚ ਸ਼ਾਮਲ ਹੋਣ ਲਈ ਜ਼ੋਰ ਪਾਇਆ।

ਪੰਜਾਬ ਦਰਪਣ

ਪੰਜਾਬ ਦੀ ਸਥਿਤੀ
(ਵਿਸ਼ੇਸ਼ ਪ੍ਰਤੀਨਿਧ ਵਲੋਂ)

ਸੰਤ ਭਿੰਡਰਾਂਵਾਲੇ ਨੇ 4 ਸਤੰਬਰ ਨੂੰ "ਸੱਚੇ ਹਿਰਦੇ ਵਾਲੇ ਸਿੱਖਾਂ" ਦੀ ਜੋ ਮੀਟਿੰਗ ਬੁਲਾਈ ਸੀ, ਉਸ ਵਿਚ ਇਹੋ ਜਿਹੇ ਸਰਕਾਰੀ ਅਫਸਰ ਵੀ ਸ਼ਾਮਲ ਹੋਏ ਜੋ ਨੌਕਰੀ ਸਮੇਂ ਨਾਮੀ ਭ੍ਰਿਸ਼ਟਾਚਾਰੀ ਸਨ ਅਤੇ ਸਿੱਖੀ ਰਹੁਰੀਤਾਂ ਤੋਂ ਵੀ ਸੱਖਣੇ ਸਨ। ਪਰ ਸੰਤ ਭਿੰਡਰਾਂਵਾਲੇ ਦੀ ਹਾਜ਼ਰੀ ਭਰਦਿਆਂ ਉਹ ਸੱਚੇ ਸੁਚੇ ਮੰਨ ਲਏ ਗਏ। ਅਕਾਲੀ ਦਲ ਦੇ ਦੋ ਬਾਗੀ ਜਥੇਦਾਰ ਜਗਦੇਵ ਸਿੰਘ ਤਲਵੰਡੀ ਤੇ ਸੁਖਜਿੰਦਰ ਸਿੰਘ ਵੀ ਸ਼ਾਮਲ ਹੋਏ। ਇਨ੍ਹਾਂ ਦੋਹਾਂ ਅਕਾਲੀ ਆਗੂਆਂ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਹੋਰ ਅਕਾਲੀ ਲੀਡਰਸ਼ਿਪ ਨੂੰ ਬਹੁਤ ਕੌੜੀਆਂ ਫਿਕੀਆਂ ਆਖ ਕੇ ਇਲਜ਼ਾਮ ਲਾਇਆ ਕਿ ਅਕਾਲੀ ਲੀਡਰਸ਼ਿਪ ਮੋਰਚੇ ਨੂੰ ਨਰਮ ਕਰ ਰਹੀ ਹੈ ਅਤੇ ਗਲਤ ਰਾਹ ਉਤੇ ਲਿਜਾ ਰਹੀ ਹੈ। ਮੀਟਿੰਗ ਨੇ ਫੈਸਲਾ ਕੀਤਾ ਕਿ ਅਨੰਦਪੁਰ ਸਾਹਿਬ ਦੇ ਮਤੇ ਉਤੇ ਪੂਰੀ ਤਰ੍ਹਾਂ ਅਮਲ ਕਰਾਏ ਬਿਨਾਂ ਕਿਸੇ ਨੂੰ ਮੋਰਚਾ ਵਾਪਸ ਲੈਣ ਦਾ ਹੱਕ ਨਹੀਂ ਹੈ। ਸੰਤ ਭਿੰਡਰਾਂਵਾਲੇ ਨੇ ਕਿਹਾ ਕਿ ਅਨੰਦਪੁਰ ਸਾਹਿਬ ਦੇ ਮਤੇ ਦਾ ਅਸਲੀ ਮੰਤਵ ਸਿੱਖਾਂ ਦੀ ਜੁਦੀ ਸਖਸ਼ੀਅਤ ਕਾਇਮ ਕਰਨਾ, ਸਿੱਖਾਂ ਲਈ ਵੱਖਰਾ ਜਾਤੀ ਕਾਨੂੰਨ ਬਣਾਉਣਾ ਅਤੇ ਸਿੱਖਾਂ ਨੂੰ ਵੱਖਰੀ ਕੌਮ ਮੰਨਵਾਉਣਾ ਹੈ। ਜੇ ਅਕਾਲੀ ਲੀਡਰਸ਼ਿਪ ਨੇ ਇਸ ਤੋਂ ਘੱਟ ਸਮਝੌਤਾ ਕੀਤਾ ਤਾਂ ਉਨ੍ਹਾਂ ਨੂੰ ਸਿੱਧੇ ਰਾਹ ਉਤੇ ਲਿਆਉਣਾ ਸੰਗਤਾਂ ਦਾ ਕੰਮ ਹੈ। ਸੁਖਜਿੰਦਰ ਸਿੰਘ ਨੇ ਕਿਹਾ ਅਨੰਦਪੁਰ ਦਾ ਮਤਾ ਤਾਂ ਇਕ ਪੜਾਅ ਹੈ। ਅਸਲੀ ਮੰਜ਼ਲ ਇਸ ਤੋਂ ਅੱਗੇ ਹੈ। 5 ਸਤੰਬਰ ਨੂੰ ਅਕਾਲੀ ਦਲ ਦੇ ਜ਼ਿਲਾ ਜਥੇਦਾਰਾਂ ਦੀ ਮੀਟਿੰਗ ਸੰਤ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਹੋਈ ਉਸ ਵਿਚ ਪਾਸ ਕੀਤੇ ਮਤੇ ਵਿਚ ਕਿਹਾ ਗਿਆ ਕਿ ਸਰਕਾਰ ਕੁਝ ਖਰੀਦੇ ਹੋਏ ਵਿਅਕਤੀਆਂ ਰਾਹੀਂ ਅਕਾਲੀ ਦਲ ਦੀ ਏਕਤਾ ਵਿਚ ਫੁੱਟ ਪਾ ਰਹੀ ਹੈ। ਮੀਟਿੰਗ ਨੇ ਸੰਤ ਲੌਂਗੋਵਾਲ ਨੂੰ ਅਧਿਕਾਰ ਦਿੱਤਾ ਕਿ ਉਹ ਜਗਦੇਵ ਸਿੰਘ ਤਲਵੰਡੀ ਤੋਂ ਪੁੱਛਗਿਛ ਕਰਨ ਕਿ ਉਸਨੇ ਅਕਾਲੀ ਲੀਡਰਸ਼ਿਪ ਉਤੇ ਅਲੋਚਨਾ ਕਿਉਂ ਕੀਤੀ। ਕਈ ਸੱਜਣਾਂ ਨੇ ਤਾਂ ਜਗਦੇਵ ਸਿੰਘ ਤਲਵੰਡੀ ਨੂੰ "ਗਦਾਰ" ਵੀ ਆਖਿਆ।

ਇਸ ਤਰ੍ਹਾਂ ਅਕਾਲੀ ਦਲ ਤੇ ਨਾਨਕ ਨਿਵਾਸੀਆਂ ਵਿਚਕਾਰ ਮੱਤਭੇਦਾਂ ਦਾ ਖੁਲ੍ਹਾ ਮੁਜ਼ਾਹਰਾ ਹੋਇਆ। ਬਾਦ ਵਿਚ ਦੋਹਾਂ ਸੰਤਾਂ ਨੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾਂ ਵਿਚਕਾਰ ਕੋਈ ਕੌੜ ਨਹੀਂ ਹੈ। ਪਰ ਅਸਲ ਗੱਲ ਇਹੋ ਹੈ ਕਿ ਸੰਤ ਭਿੰਡਰਾਂਵਾਲਾ ਆਪਣੇ ਆਕਾਰ ਨੂੰ ਵੱਡਾ ਕਰਕੇ ਅਕਾਲੀ ਦਲ ਨੂੰ ਛੋਟਾ ਕਰਨ ਦੇ ਆਹਰ ਵਿਚ ਹੈ ਤੇ ਇਹ ਗੱਲ ਅਕਾਲੀ ਦਲ ਦੇ ਆਗੂ ਵੀ ਚੰਗੀ ਤਰ੍ਹਾਂ ਜਾਣਦੇ ਹਨ। ਜਾਪਦਾ ਇਸ ਤਰ੍ਹਾਂ ਹੈ ਕਿ ਉਹ ਇਕ ਦੂਜੇ ਨੂੰ ਵਰਤਣ ਦੇ ਯਤਨ ਕਰ ਰਹੇ ਹਨ ਪਰ ਇਹ ਹਾਲਤ ਬਹੁਤੀ ਦੇਰ ਤੱਕ ਜਾਰੀ ਨਹੀਂ ਰਹਿ ਸਕਦੀ। ਜਿਸ ਤਰ੍ਹਾਂ ਸਪਸ਼ਟ ਹੀ ਹੋ ਗਿਆ ਹੈ ਕਿ ਸੰਤ ਭਿੰਡਰਾਂਵਾਲੇ ਨੇ 20 ਸਤੰਬਰ ਨੂੰ ਸਿਖ ਸਟੂਡੈਂਟਸ ਫੈਡਰੇਸ਼ਨ ਦੀ ਕਾਨਫਰੰਸ ਸੱਦ ਲਈ ਹੈ। ਇਸ ਕਾਨਫਰੰਸ ਦੇ ਮਤਿਆਂ ਤੋਂ ਇਹ ਪਤਾ ਲੱਗੇਗਾ ਕਿ ਸੰਤ ਭਿੰਡਰਾਂਵਾਲਾ ਸਿਖ ਨੌਜਵਾਨਾਂ ਨੂੰ ਕਿਸ ਰਾਹ ਤੇ ਤੁਰਨ ਦੀ ਪਰੇਰਨਾ ਦਿੰਦਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਪਾਲਸੀ ਦੇ ਮਗਰ ਚਲਣ ਦੀ ਜਾਂ ਹੋਰ ਕੋਈ ਆਪਣੀ ਲਾਈਨ ਦੇਣ ਦੀ। ਅਗਲੇ ਕੁਝ ਦਿਨ ਅਕਾਲੀ ਲੀਡਰਸ਼ਿਪ ਲਈ ਅਹਿਮ ਦਿਨ ਹਨ ਜਦੋਂ ਉਹ ਦੇਖ ਸਕਣਗੇ ਕਿ ਸੰਤ ਭਿੰਡਰਾਂਵਾਲਾ ਸ਼੍ਰੋਮਣੀ ਅਕਾਲੀ ਦਲ ਦੀ ਲਾਈਨ ਮੰਨਦਾ ਹੈ ਜਾਂ ਆਪਣੇ ਆਪ ਨੂੰ ਸ਼੍ਰੋਮਣੀ ਅਕਾਲੀ ਦਲ ਤੋਂ ਵੱਖਰਾ ਸਮਝ ਕੇ ਆਪਣੀ ਵੱਖਰੀ ਲਾਈਨ ਦੇਂਦਾ ਹੈ।

ਦਿਨ ਦਿਹਾੜੇ ਬੈਂਕ ਵਿਚ ਡਾਕਾ
14,000 ਲੁੱਟ ਕੇ ਫਰਾਰ ਹੁੰਦੇ ਗ੍ਰਿਫਤਾਰ

ਮਲੋਟ— ਮਲੋਟ ਖੇਤਰ ਦੇ ਤਿੰਨ ਨੌਜਵਾਨਾਂ ਵਲੋਂ ਰਾਜਸਥਾਨ ਦੇ ਸਟੇਟ ਬੈਂਕ ਆਫ ਬੀਕਾਨੇਰ ਐਂਡ ਜੈਪੁਰ ਬਰਾਂਚ ਵਿਚ ਡਾਕਾ ਮਾਰਨ ਦਾ ਸਮਾਚਾਰ ਮਿਲਿਆ ਹੈ ਫਰਾਰ ਹੋ ਰਹੇ ਨੌਜਵਾਨਾਂ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਕਿਹਾ ਜਾਂਦਾ ਹੈ ਕਿ ਮੋਟਰ ਸਾਈਕਲ ਤੇ ਸਵਾਰ ਤਿੰਨ ਨੌਜਵਾਨ ਬੈਂਕ ਵਿਚ ਆਏ ਤੇ ਪਸਤੌਲ ਦੀ ਨੋਕ ਤੇ ਬੈਂਕ ਸਟਾਫ ਤੋਂ 14000 ਰੁਪਏ ਲੁੱਟ ਲਏ। ਬੈਂਕ ਮੈਨੇਜਰ ਵਲੋਂ ਪੁਲਸ ਨੂੰ ਸੂਚਨਾ ਦੇਣ ਤੇ ਤੁਰੰਤ ਨਾਕਾਬੰਦੀ ਕਰਕੇ ਸਾਰਿਆਂ ਥਾਣਿਆਂ ਨੂੰ ਚੌਕਸ ਕਰ ਦਿੱਤਾ ਗਿਆ ਅਤੇ ਪੁਲਸ ਨੇ ਇਕ ਡਾਕੂ ਨੂੰ ਕਾਬੂ ਕਰ ਲਿਆ ਅਤੇ ਦੂਜੇ ਇਲਾਕਿਆਂ ਵਿਚੋਂ ਦੂਜੇ ਦੋ ਡਕੈਤ ਵੀ ਫੜੇ ਗਏ ਜਿਨਾਂ ਕੋਲ ਬੈਂਕ ਨਕਦੀ, ਬਾਰਾਂ ਬੋਰ ਦਾ ਦੇਸੀ ਪਸਤੌਲ ਅਤੇ ਕਾਰਤੂਸ ਵੀ ਬਰਾਮਦ ਕਰ ਲਏ ਗਏ।

ਗਰੋਹ ਦਾ ਮੁਖੀਆ ਜੋਗਿੰਦਰ ਸਿੰਘ 28 ਸਾਲਾ ਨੌਜਵਾਨ ਹੈ ਜੋ ਬੀ. ਏ. ਫੇਲ੍ਹ ਹੈ ਅਤੇ ਮੁਕਤਸਰ ਦੇ ਭਲਿਆਣਾ ਪਿੰਡ ਦਾ ਹੈ। ਦੂਜਾ ਮਲੋਟ ਦੇ ਨਜ਼ਦੀਕੀ ਪਿੰਡ ਧਰਾਜਵਾਲਾ ਦਾ ਅਤੇ ਤੀਜਾ ਢੋਲਾ ਕਿੰਚਰ ਦਾ ਰਹਿਣ ਵਾਲਾ ਹੈ।

ਦਰਸ਼ਣ ਲਾਲ ਦੀ ਜਮਾਨਤ

ਸ਼੍ਰੀ 'ਆਨੰਦ' ਦੇ ਅਰਦਲੀ ਦਰਸ਼ਨ ਲਾਲ ਨੂੰ ਜਮਾਨਤ ਤੇ ਛੱਡ ਦਿਤਾ ਗਿਆ ਹੈ। ਇਹ ਜਮਾਨਤ ਚੰਡੀਗੜ੍ਹ ਦੇ ਜਿਲਾ ਅਤੇ ਸੈਸ਼ਨ ਜੱਜ ਸ੍ਰੀ ਨੈਹਰਾ ਨੇ ਮਨਜ਼ੂਰ ਕੀਤੀ। ਸ਼੍ਰੀ ਠਾਕਰ ਨੇ ਕਿਹਾ ਕਿ ਦਰਸ਼ਨ ਲਾਲ ਦਾ ਕਸੂਰ ਕੇਵਲ ਇਤਨਾ ਹੈ ਕਿ ਉਸ ਨੇ ਸ਼੍ਰੀ 'ਆਨੰਦ' ਦੀ ਲਾਸ਼ ਨੂੰ ਝੀਲ ਵਿਚ ਸੁਟਣ ਵਿਚ ਕਾਤਲਾਂ ਦੀ ਮਦਦ ਕੀਤੀ। ਉਸਦੇ ਜੁਰਮ ਨੂੰ ਧਾਰਾ 302 ਆਈ ਪੀ ਸੀ ਅਧੀਨ ਨਹੀਂ ਸਗੋਂ ਧਾਰਾ 201 ਆਈ ਪੀ ਸੀ ਅਧੀਨ ਪੜਚੋਲਿਆ ਜਾਣਾ ਚਾਹੀਦਾ ਹੈ। ਉਸ ਦੀ ਗ੍ਰਿਫਤਾਰੀ ਧਾਰਾ 302 ਹੇਠ ਨਹੀਂ ਹੋਈ ਸੀ।

ਸਕੂਟਰ ਚੋਰਾਂ ਦਾ ਗਰੋਹ ਕਾਬੂ

ਜਲੰਧਰ—ਐਸ. ਪੀ. ਡੀਟੈਕਟਿਵ ਸ਼੍ਰੀ ਰਾਜਨ ਗੁਪਤਾ ਦੇ ਹੁਕਮ ਤੇ ਸੀ. ਆਈ. ਏ. ਸਟਾਫ ਜਲੰਧਰ ਨੇ ਡਾਕਟਰ ਅੰਬੇਦਕਰ ਚੌਂਕ ਦੇ ਨੇੜੇ ਨਾਕਾਬੰਦੀ ਕਰਕੇ ਥਾਣਾ ਪਾਲਮਪੁਰ ਦੇ ਪਿੰਡ ਪਤੇੜ ਦੇ ਜੈ ਰਾਮ ਨਾਮੀ ਅਤੇ ਪਿੰਡ ਖੁਰਲਾ ਦੇ ਰਾਜਕੁਮਾਰ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿਚੋਂ ਚੋਰੀ ਦੇ ਇਕ ਦਰਜਨ ਸਕੂਟਰ ਬਰਾਮਦ ਕੀਤੇ ਹਨ ਜਿਨਾਂ ਦਾ ਮੁੱਲ ਡੇਢ ਲੱਖ ਰੁਪਏ ਬਣਦਾ ਹੈ।

ਦਸਿਆ ਜਾਂਦਾ ਹੈ ਕਿ ਇਹ ਸਕੂਟਰ ਹੁਸ਼ਿਆਰਪੁਰ, ਜਲੰਧਰ ਤੇ ਕਪੂਰਥਲਾ ਤੋਂ ਚੋਰੀ ਕਰਕੇ ਮਕੈਨਿਕਾਂ ਅਤੇ ਰੰਗ ਕਰਨ ਵਾਲਿਆਂ ਨੂੰ ਦੇ ਦਿੱਤੇ ਜਾਂਦੇ ਸਨ।

ਲੈਂਟਰ ਡਿੱਗ ਪਿਆ ਜਗਰਾਉਂ ਵਿਚ ਇਕ ਵਿਅਕਤੀ ਹਲਾਕ

ਜਗਰਾਉਂ—ਅਗਵਾੜ ਲੋਪੋ ਦਾ 58 ਸਾਲਾ ਉਮਰ ਦਾ ਇਕ ਵਿਅਕਤੀ ਜੀਤ ਸਿੰਘ ਛੱਤ ਦਾ ਲੈਂਟਰ ਟੁੱਟ ਜਾਣ ਕਾਰਨ ਲੈਂਟਰ ਹੇਠਾਂ ਆ ਕੇ ਦਮ ਤੋੜ ਗਿਆ। ਦਸਿਆ ਗਿਆ ਹੈ ਕਿ ਬਾਰਸ਼ ਨਾਲ ਛੱਤ ਚੋ ਰਹੀ ਸੀ ਉਹ ਉਪਰ ਚੜ੍ਹਿਆ ਤਾਂ ਲੈਂਟਰ ਟੁੱਟ ਗਿਆ ਅਤੇ ਉਹ ਛੱਤ ਹੇਠ ਆ ਕੇ ਪ੍ਰਾਣ ਤਿਆਗ ਗਿਆ।

ਸ਼ਾਇਰੀ ਇਕ ਖ਼ੁਮਾਰੀ ਦਾ ਛਿਣ ਹੈ, ਜੋ ਬਹੁਤ ਮਹਿੰਗਾ ਹੱਥ ਆਉਂਦਾ ਹੈ।

—ਸਲਾਹਾ ਗਾਹੀਨ



ਚ ਰ ਚ ਾ

ਵਿਦਵਾਨ ਦੀ ਰਾਇ

[redacted]

ਹਰਚੰਦ ਸਿੰਘ(ਮੈਨੀਟੋਬਾ)

ਇੰਡੋ-ਕੈਨੇਡੀਅਨ ਟਾਈਮਜ਼ ਵਿਚ 'ਕੂੜ ਨਿਖੁੱਟੇ ਨਾਨਕਾ',(ਜੂਨ 10/83) ਅਤੇ 'ਨੀਮ ਹਕੀਮ ਖਤਰਾ ਜਾਨ' (ਅਗਸਤ 19/83) ਦੋ ਲੇਖ ਛਪੇ ਹਨ। ਇਹਨਾਂ ਦੋਨਾਂ ਲੇਖਾਂ ਦੇ ਲਿਖਣ ਵਾਲੇ ਇਕ ਪਰਦਾ-ਧਾਰ ਗਿਆਨੀ ਜੀ ਹਨ, ਪਰ ਲੇਖਾਂ ਥੱਲੇ ਦਸਤਖਤ ਕਰਨ ਵਾਲਾ ਸਿੰਘ ਕੋਈ ਹੋਰ ਹੈ। ਇਹਨਾਂ ਲੇਖਾਂ ਥੱਲੇ ਸਹੀ ਪਾਉਣ ਦੀ ਸੇਵਾ ਕਰਨ ਵਾਲੇ ਸਿੰਘ ਨੂੰ ਸੰਬੋਧਤ ਕਰਦਾ ਹੋਇਆ ਮੈਂ ਇਹ ਕਹਿੰਦਾ ਹਾਂ ਕਿ ਆਪਣਾ ਵਿਚਾਰ-ਵਿਟਾਂਦਰਾ ਇਕ ਕੁਕੜ-ਲੜਾਈ ਦਾ ਰੂਪ ਧਾਰਨ ਕਰ ਗਿਆ ਹੈ। ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਦੇ ਕਥਨ ਅਨੁਸਾਰ ਜਦ ਚਰਚਾ ਇਸ ਪੱਧਰ ਤੇ ਪੁੱਜ ਜਾਏ ਤਾਂ ਉਸਨੂੰ ਅੱਗੇ ਚਾਲੂ ਰੱਖਣ ਦਾ ਜ਼ਿਆਦਾ ਲਾਭ ਨਹੀਂ ਹੋਇਆ ਕਰਦਾ। ਇਸ ਵਿਸ਼ੇ ਤੇ ਆਪਾਂ ਨੂੰ ਕਿਸੇ ਸਿਆਣੇ ਪੁਰਸ਼ ਦੀ ਰਾਇ ਲੈ ਲੈਣੀ ਚਾਹੀਦੀ ਹੈ। ਇਹ ਪੁਰਸ਼ ਐਸਾ ਹੋਣਾ ਚਾਹੀਦਾ ਹੈ ਜੋ ਚੰਗਾ ਵਿੱਦਵਾਨ ਹੋਵੇ। ਧਾਰਮਿਕ ਮਸਲਿਆਂ ਨੂੰ ਸਮਝਣ ਦੀ ਡੂੰਘੀ ਜਾਣਕਾਰੀ ਅਤੇ ਹਰ ਵਿਸ਼ੇ ਤੇ ਪੂਰਨ ਗੰਭੀਰਤਾ ਨਾਲ ਵਿਚਾਰ ਕਰਨ ਦੀ ਯੋਗਤਾ ਰੱਖਦਾ ਹੋਵੇ। ਏਨੇ ਗੁਣਾਂ ਵਾਲੇ ਵਿਅਕਤੀ ਨੂੰ ਲੱਭਣਾ ਕੋਈ ਸੌਖਾ ਕੰਮ ਨਹੀਂ। ਪਰ ਆਪਣੀ ਖੁਸ਼ਕਿਸਮਤੀ ਸਮਝੋ ਜੋ ਆਪਣੇ ਮੈਨੀਟੋਬਾ ਵਿਚ ਹੀ ਐਸੇ ਵਿਅਕਤੀ ਵਸਦੇ ਹਨ ਜੋ ਨਾ ਕੇਵਲ ਉਪਰ ਲਿਖਤ ਸਭ ਗੁਣ ਰੱਖਦੇ ਹਨ, ਸਗੋਂ ਆਪਣੇ ਬਚਪਨ ਅਤੇ ਜਵਾਨੀ ਦੀਆਂ ਸਭ ਰੁਚੀਆਂ ਤੇ ਪੂਰਨ ਬੰਦੇਜ ਕਰ, ਬਿਰਧ ਅਵਸਥਾ ਦੀ ਪਰਮ ਸਥਿਤੀ ਪ੍ਰਾਪਤ ਕਰ ਚੁੱਕੇ ਹਨ। ਮੇਰਾ ਭਾਵ ਸਰਦਾਰ ਭੂਪਿੰਦਰ ਸਿੰਘ ਢਿੱਲੋਂ ਤੋਂ ਹੈ। ਇਸ ਜੁਟਿਲ ਮਸਲੇ ਨੂੰ ਸੁਲਝਾਉਣ ਲਈ ਸਰਦਾਰ ਢਿੱਲੋਂ ਇਕ ਹੋਰ ਪੱਖੋਂ ਵੀ ਉਚਿਤ ਵਿਅਕਤੀ ਹਨ ਉਹ ਇਹ ਕਿ ਅੱਜ ਕੱਲ੍ਹ ਸਿੰਘ ਸਾਹਿਬ ਜੀਓ, ਉਹ ਤੁਹਾਡੇ ਨਾਲ ਬੜਾ ਨੇੜ ਦਾ ਸੰਪਰਕ ਰੱਖਦੇ ਹਨ। ਉਹਨਾਂ ਦੀ ਸਾਲਸੀ ਤੇ ਕਿਸੇ ਹੋਰ ਨੂੰ ਇਤਰਾਜ਼ ਹੋਵੇ ਜਾਂ ਨਾ, ਤੁਹਾਨੂੰ ਕੋਈ ਸ਼ਕਾਇਤ ਨਹੀਂ ਹੋ ਸਕਦੀ।

ਲਵੋ ਮੈਂ ਆਪਣੇ ਪ੍ਰਸ਼ਨ ਆਰੰਭ ਕਰਦਾ ਹਾਂ। ਸਿੰਘ ਸਾਹਿਬ ਜੀਓ, ਇਹਨਾਂ ਪ੍ਰਸ਼ਨਾਂ ਦਾ ਉਤਰ ਵਿੱਦਵਾਨ ਭੂਪਿੰਦਰ ਸਿੰਘ ਢਿੱਲੋਂ ਤੋਂ ਦਿਵਾ ਕੇ, ਇਹ ਅਖਬਾਰਾਂ ਵਿਚ ਚੱਲ ਰਹੇ ਵਿਅਰਥ ਵਾਦ-ਵਿਵਾਦ ਨੂੰ ਖਤਮ ਕਰਵਾਉਣ ਵਿਚ ਮੇਰੀ ਸਹਾਇਤਾ ਕਰਨੀ।

(1) ਢਿੱਲੋਂ ਸਾਹਿਬ, ਤੁਸੀਂ ਭਲੀ ਪ੍ਰਕਾਰ ਜਾਣਦੇ ਹੋ ਕਿ ਕਿਸੇ ਇਤਿਹਾਸਕ ਸਚਾਈ ਦਾ ਬਿਆਨ ਕਰਨਾ ਅਤੇ ਸ਼ਹੀਦਾਂ ਦਾ ਮਜ਼ਾਕ ਉਡਾਉਣਾ ਦੋ ਵੱਖ ਵੱਖ ਚੀਜ਼ਾਂ ਹਨ। ਇਕ ਇਤਿਹਾਸਕ ਘਟਨਾ ਨੂੰ ਨਿਰਪੱਖਤਾ ਨਾਲ ਬਿਆਨ ਕਰ ਦੇਣ ਨਾਲ ਸ਼ਹੀਦਾਂ ਦਾ ਅਨਾਦਰ ਨਹੀਂ ਹੋ ਜਾਇਆ ਕਰਦਾ। ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੇ ਮੈਦਾਨ ਵਿਚ ਸ਼ਹੀਦਾਂ ਦੇ ਮ੍ਰਿਤਕ ਸਰੀਰਾਂ ਦੀ ਜੋ ਗੱਲ ਲਿਖੀ ਹੈ, ਕੀ ਇਸ ਕਾਰਨ, ਉਹਨਾਂ ਉਪਰ ਸ਼ਹੀਦਾਂ ਦਾ ਅਪਮਾਨ ਕਰਨ ਦਾ ਦੋਸ਼ ਲਾਇਆ ਜਾ ਸਕਦਾ ਹੈ ?

ਢਿੱਲੋਂ ਸਾਹਿਬ, ਕੀ ਤੁਹਾਡੇ ਵਿਚਾਰ ਵਿਚ 'ਗੁਰਦੁਆਰਾ ਗਜ਼ਟ' (ਅੰਮ੍ਰਿਤਸਰ) ਅਤੇ 'ਸੱਚਖੰਡ ਪੱਤਰ' (ਨਾਦੇੜ) ਦੇ ਐਡੀਟਰ ਸਾਹਿਬਾਨ ਨੇ 'ਸੈਦ ਖਾਨ ਅਤੇ ਗੁਰੂ ਗੋਬਿੰਦ ਸਿੰਘ' ਨਾਮੀ ਲੇਖ ਛਾਪ ਕੇ ਭੁੱਲ ਕੀਤੀ ਹੈ ? ਕੀ ਵਿੰਨੀਪੈਗ ਦੇ ਇਕ ਪਰਦਾ-ਧਾਰ ਗਿਆਨੀ ਜੀ ਇਹਨਾਂ ਐਡੀਟਰ ਸਾਹਿਬਾਨ ਤੋਂ ਜ਼ਿਆਦਾ ਸੂਝ ਬੂਝ ਅਤੇ ਆਪਣੇ ਮਨ ਅੰਦਰ ਸਿੱਖ ਸ਼ਹੀਦਾਂ ਪ੍ਰਤੀ ਜ਼ਿਆਦਾ ਸਤਿਕਾਰ ਰੱਖਦੇ ਹਨ ?

(2) ਢਿੱਲੋਂ ਸਾਹਿਬ, ਮਈ 27/83 ਦੇ ਇੰਡੋ-ਕੈਨੇਡੀਅਨ ਟਾਈਮਜ਼ ਵਿਚ ਇਕ ਲੇਖ ਛਪਿਆ ਸੀ ਜਿਸ ਅਨੁਸਾਰ 16 ਜਨਵਰੀ 1983 ਵਾਲੇ ਦਿਨ ਵਿੰਨੀਪੈਗ ਦੇ ਇਕ ਗੁਰਦੁਆਰਾ ਵਿਚ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬੀੜ ਦੇ ਐਨ ਉਪਰ ਡੱਬਾ ਰੱਖ ਕੇ ਵੋਟਾਂ ਪਾਈਆਂ ਗਈਆਂ ਸਨ।" ਵੋਟਾਂ ਪੈਣ ਵਾਲੇ ਦਿਨ ਤੁਸੀਂ ਵੀ ਉਥੇ ਹਾਜ਼ਰ ਸੀ। ਕੀ ਤੁਸੀਂ ਦੱਸ ਸਕਦੇ ਹੋ ਕਿ ਉਪਰ ਵਾਲੀ ਖਬਰ ਠੀਕ ਹੈ ਜਾਂ ਗਲਤ ? ਜੇ ਇਹ ਗੱਲ ਸੱਚੀ ਹੈ ਤਾਂ ਕੀ ਕਾਰਨ ਕਿ ਉਸ ਦਿਨ ਵੋਟਾਂ ਪਾਉਣ ਵਾਲੇ 325 ਵਿਅਕਤੀਆਂ (ਜਿਨਾਂ ਵਿਚ ਕੁਝ ਡਾਕਟਰ ਅਤੇ ਪ੍ਰੋਫੈਸਰ ਵੀ ਸ਼ਾਮਲ ਸਨ) ਵਿਚੋਂ ਕਿਸੇ ਇਕ ਨੇ ਵੀ ਗੁਰੂ ਮਹਾਰਾਜ ਦੇ ਹੋ ਰਹੇ ਘੋਰ ਅਨਾਦਰ ਦੇ ਵਿਰੁੱਧ ਇਕ ਸ਼ਬਦ ਤਕ ਨਾ ਕਿਹਾ ?

(3) ਉਪਰ ਵਾਲੀ ਖਬਰ 'ਕੁੱਤਾ ਰਾਜ ਬਹਾਲੀਏ' ਨਾਮ ਦੇ ਲੇਖ ਵਿਚ ਛਪੀ ਸੀ। ਲੇਖ ਥੱਲੇ ਕਰਤਾ ਦੇ ਤੌਰ ਤੇ ਦੋ ਵਿਅਕਤੀਆਂ ਦੇ ਨਾਮ ਦਿੱਤੇ ਹੋਏ ਸਨ। ਅਸਲ ਵਿਚ ਇਹ ਲੇਖ ਇਹਨਾਂ ਵਿਅਕਤੀਆਂ ਦਾ ਆਪਣਾ ਲਿਖਿਆ ਹੋਇਆ ਨਹੀਂ ਸੀ। ਲੇਖ ਦੇ ਅਸਲ ਕਰਤਾ ਇਕ ਪਰਦਾ-ਧਾਰ ਗਿਆਨੀ ਜੀ ਸਨ।

ਢਿੱਲੋਂ ਸਾਹਿਬ, ਦੂਸਰੇ ਵਿਅਕਤੀਆਂ ਦੇ ਨਾਮ ਥੱਲੇ ਆਪਣੇ ਇਤਰਾਜ਼-ਯੋਗ ਲੇਖ ਛਪਵਾਉਣ ਵਾਲੇ ਇਸ ਪ੍ਰਕਾਰ ਦੇ ਗਿਆਨੀਆਂ ਬਾਰੇ ਤੁਹਾਡੇ ਕੀ ਵਿਚਾਰ ਹਨ ?

(4) ਢਿੱਲੋਂ ਸਾਹਿਬ, 16 ਜਨਵਰੀ 1983 ਵਾਲੇ ਦਿਨ, ਪਰਦਾ-ਧਾਰ ਗਿਆਨੀ ਜੀ ਦੇ ਕੁਝ ਚੇਲੇ ਆਪਣੀਆਂ ਜੇਬਾਂ ਵਿਚ ਬੀਅਰ ਦੀਆਂ ਬੋਤਲਾਂ ਲੈ ਗੁਰਦੁਆਰਾ ਪੁੱਜੇ। ਵੋਟਾਂ ਪਾਉਣ ਤੋਂ ਪਿਛੋਂ ਉਹ ਬੀਅਰ ਦੀਆਂ ਖਾਲੀ ਬੋਤਲਾਂ ਗੁਰਦੁਆਰਾ ਸਾਹਿਬ ਦੀ ਗੈਲਰੀ ਵਿਚ ਛੱਡ ਗਏ। ਕੀ ਗਿਆਨੀ ਜੀ ਅਤੇ ਉਹਨਾਂ ਦੇ ਚੇਲਿਆਂ ਲਈ ਐਸਾ ਕਰਨਾ ਯੋਗ ਸੀ ? ਗੁਰੂ ਘਰ ਵਿਚ ਐਸੀ ਨਿੰਦਨੀ ਕ੍ਰਿਆ ਕਰਨ ਵਾਲੇ ਵਿਅਕਤੀ ਦੇ ਸਬੰਧ ਵਿਚ ਤੁਸੀਂ ਕੀ ਕਹੋਗੇ ?

(5) ਤੁਹਾਨੂੰ ਪਤਾ ਹੀ ਹੈ ਕਿ ਜੁਲਾਈ 1982 ਤੋਂ ਲੈ ਜਨਵਰੀ 1983 ਤਾਈਂ ਇਕ ਗਿਆਨੀ ਜੀ ਪੁਲਸ ਦਾ ਰੈਕਰਡ ਰੱਖਣ ਵਾਲੇ ਕੁਝ ਜੋਧਿਆਂ (muscle men) ਨੂੰ ਸ਼ਰਾਬ ਦੇ ਨਸ਼ੇ ਵਿਚ ਆਪਣੇ ਨਾਲ ਲੈ ਕੇ ਗੁਰਦੁਆਰਾ ਸਾਹਿਬ ਦੇ ਸਪਤਾਹਿਕ ਸਮਾਗਮਾਂ ਵਿਚ ਆਉਂਦੇ ਰਹੇ ਸਨ।

ਢਿੱਲੋਂ ਸਾਹਿਬ, ਤੁਸੀਂ ਇਸ ਅਰਧ ਗਿਆਨੀ ਦੇ ਸੁਧਾਰ ਲਈ ਸਾਨੂੰ ਕੀ ਉਪਾ ਦੱਸੋਗੇ ?

(6) ਅਕਤੂਬਰ 1982 ਵਿਚ ਇਹ ਗਿਆਨੀ ਜੀ, ਦੋ ਵੱਖ ਵੱਖ ਐਤਵਾਰਾਂ ਵਾਲੇ ਦਿਨ, ਆਪਣੇ ਨਾਲ 15-20 ਆਦਮੀ ਨਾਲ ਲੈ ਕੇ ਆਏ ਅਤੇ ਗੁਰਦੁਆਰਾ ਦੇ ਮੁੱਖ ਦਰਵਾਜ਼ੇ ਦੇ ਸਾਹਮਣੇ ਸੜਕ ਦੇ ਦੂਜੇ ਪਾਰ ਦੋ ਘੰਟੇ ਖੜੇ ਰਹੇ। ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਭੈ-ਭੀਤ ਕਰਨ ਦੇ ਮੰਤਵ ਨੂੰ ਮੁੱਖ ਰੱਖ, ਆਪਣੇ ਸਰੀਰਕ ਬਲ ਦਾ ਪ੍ਰਦਰਸ਼ਨ ਕਰ, ਇਹ ਲੋਕ ਘਰਾਂ ਨੂੰ ਵਾਪਸ ਚਲੇ ਗਏ। ਇਹਨਾਂ ਦੋ ਦਿਨਾਂ ਤੇ ਗਿਆਨੀ ਜੀ ਅਤੇ ਉਸਦੇ ਸਾਥੀਆਂ ਗੁਰਦੁਆਰਾ ਸਾਹਿਬ ਅੰਦਰ ਦਾਖਲ ਹੋ ਗੁਰੂ ਮਹਾਰਾਜ ਨੂੰ ਮੱਥਾ ਵੀ ਟੇਕਿਆ।

ਢਿੱਲੋਂ ਸਾਹਿਬ, ਤੁਸੀਂ ਵਿੱਦਵਾਨ ਹੋ, ਦੱਸੋ ਐਸੇ ਵਿਅਕਤੀਆਂ ਦਾ ਕੀ ਇਲਾਜ ਕੀਤਾ ਜਾਏ ?

(7) ਢਿੱਲੋਂ ਸਾਹਿਬ, ਤੁਹਾਨੂੰ ਪਤਾ ਹੀ ਹੈ ਕਿ ਵਿੰਨੀਪੈਗ ਸੰਗਤ ਦੀ ਬਹੁ-ਗਿਣਤੀ ਨੇ ਕੁਝ ਵਿਅਕਤੀਆਂ ਨੂੰ ਸਿੱਖ ਸੋਸਾਇਟੀ ਦੀ ਪ੍ਰਬੰਧਕ ਕਮੇਟੀ ਦੀਆਂ ਕੁਰਸੀਆਂ ਤੋਂ ਦੂਰ ਰੱਖਿਆ ਸੀ। ਕੀ ਇਹਨਾਂ ਅਸੰਤੁਸ਼ਟ ਲੋਕਾਂ ਨੂੰ ਬੇ-ਨਾਮ (anonymous) ਲੇਖ ਲਿਖ, ਉਸ ਥੱਲੇ, 'ਵਿੰਨੀਪੈਗ ਸਿੱਖ ਸੰਗਤ' ਦੇ ਅੱਖਰ ਲਿਖ, ਕਿਸੇ ਅਖਬਾਰ ਵਿਚ ਛਾਪਣ ਦਾ ਕੋਈ ਅਧਿਕਾਰ ਹੈ ?

ਤੁਸੀਂ ਜਾਣਦੇ ਹੋ ਕਿ ਇਹਨਾਂ ਲੋਕਾਂ ਨੇ ਸਿੱਖ ਸੰਸਥਾ ਦੇ ਪ੍ਰਬੰਧਕਾਂ ਨੂੰ ਬਦਨਾਮ ਕਰਨ ਲਈ 'ਕਮੇਟੀ ਉਤਰ ਦੇਵੇ' ਨਾਮ ਦਾ ਲੇਖ ਇੰਡੋ-ਕੈਨੇਡੀਅਨ ਟਾਈਮਜ਼ (ਅਪਰੈਲ 14/83) ਵਿਚ ਛਪਵਾਇਆ ਸੀ।

(8) ਢਿੱਲੋਂ ਸਾਹਿਬ, ਨਵੰਬਰ 1982 ਵਿਚ, ਆਪਣਾ ਇਕ ਲਿਖਤੀ ਅੰਗਰੇਜ਼ੀ ਬਿਆਨ, ਵਿੰਨੀਪੈਗ ਦੇ ਇਕ ਸਰਕਾਰੀ ਦਫਤਰ ਵਿਚ ਦਾਖਲ ਕਰਦੇ ਹੋਏ, ਤੁਸੀਂ ਆਪਣੇ ਸਬੰਧ ਵਿਚ ਇਹ ਕਿਹਾ ਸੀ :

ੳ. ਮੈਂ, ਵਿਸ਼ੇਸ਼ ਕਰਕੇ, ਪਿਛਲੇ ਦਸ ਸਾਲਾਂ ਤੋਂ ਵਿੰਨੀਪੈਗ ਦੀ ਸੰਗਤ ਨੂੰ ਸਿੱਖ ਧਰਮ ਅਤੇ ਸਿੱਖ ਇਤਿਹਾਸ ਤੇ ਲੈਕਚਰ ਦੇਂਦਾ ਆ ਰਿਹਾ ਹਾਂ।

ਅ. ਮੈਂ, ਬਹੁਤ ਸਾਰੇ ਅਖਬਾਰਾਂ ਅਤੇ ਰਸਾਲਿਆਂ ਨੂੰ ਛਪਣ ਲਈ, ਲਗਾਤਾਰ ਆਪਣੇ ਹੱਥ ਨਾਲ ਲੇਖ ਲਿਖ ਕੇ ਭੇਜਦਾ ਆ ਰਿਹਾ ਹਾਂ।

ੲ. ਮੈਂ, ਆਧੁਨਿਕ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਜਨਮ ਅਤੇ ਵਿਕਾਸ ਉਪਰ ਇਕ ਕਿਤਾਬ ਦੀ ਰਚਨਾ ਕੀਤੀ ਹੈ।

ਨਿਮਰਤਾ ਸਹਿਤ ਮੈਂ ਪੁਛਣਾ ਚਾਹੁੰਦਾ ਹਾਂ ਕਿ ਤੁਹਾਡੇ ਹੱਥਾਂ ਦੇ ਲੇਖ ਕਿਸ ਕਿਸ ਅਖਬਾਰ, ਰਸਾਲੇ ਆਦਿ ਵਿਚ ਲਗਾਤਾਰ ਛਪ ਰਹੇ ਹਨ ? ਪੰਜਾਬੀ ਭਾਸ਼ਾ ਅਤੇ ਸਾਹਿਤ ਤੇ ਲਿਖੀ ਹੋਈ ਤੁਹਾਡੀ ਕਿਤਾਬ ਕਿਸੇ ਵਿੰਨੀਪੈਗ ਨਿਵਾਸੀ ਦੇ ਵੇਖਣ ਵਿਚ ਨਹੀਂ ਆਈ, ਨਾ ਹੀ ਕਿਸੇ ਪੁਸਤਕ-ਸੂਚੀ ਵਿਚ ਇਸ ਦਾ ਵਰਨਣ ਮਿਲਦਾ ਹੈ। ਢਿੱਲੋਂ ਸਾਹਿਬ, ਕੀ ਸੱਚ ਮੁੱਚ ਤੁਸੀਂ ਕਿਸੇ ਕਿਤਾਬ ਦੇ ਰਚਨਹਾਰ ਹੋ ਜਾਂ ਇਹ ਕੇਵਲ ਤੁਹਾਡੀ ਬਾਦ-ਦਾਸ਼ਤ ਦੀ ਇਕ ਅਨੋਖੀ ਭੁੱਲ ਹੈ ? (ਬ੍ਰਿਧ ਅਵਸਥਾ ਵਿਚ ਪੁੱਜੇ ਹੋਏ, ਤੁਹਾਡੇ ਜੇਹੇ ਸਹਿਤਕਾਰਤ ਵਿਅਕਤੀਆਂ ਤੋਂ, ਇਸ ਸਬੰਧ ਵਿਚ, ਗਲਤ ਬਿਆਨੀ ਦੀ ਸੁਪਨੇ ਵਿਚ ਵੀ ਆਸ ਨਹੀਂ ਕੀਤੀ ਜਾ ਸਕਦੀ।)

ਆਸ ਰੱਖਦਾ ਹਾਂ ਕਿ ਉਪਰ ਵਾਲੇ ਸਭ ਸਵਾਲਾਂ ਦੇ ਉਤਰ ਦੇ ਕੇ ਤੁਸੀਂ ਵਿੰਨੀਪੈਗ, ਵੈਨਕੂਵਰ, ਕੈਲਗਰੀ, ਐਡਮਿੰਟਨ ਆਦਿ ਦੇ ਸ਼ਹਿਰਾਂ ਦੀਆਂ ਸੰਗਤਾਂ ਨੂੰ ਨਿਹਾਲ ਕਰ ਆਪਣਾ ਧੰਨਵਾਦੀ ਬਣਾਉਗੇ ?

(ਸਫ਼ਾ 14 ਦੀ ਬਾਕੀ)

ਵਿਚ)ਪਰ ਦੂਜੇ ਪਾਸੇ ਜੁਲਾਈ 1934 ਵਿਚ ਕਮਿਊਨਿਸਟ ਪਾਰਟੀ ਨੂੰ ਗੈਰ ਕਾਨੂੰਨੀ ਕਰਾਰ ਦਿਤਾ।

1934 ਵਿਚ ਕਾਂਗਰਸ ਦੇ ਵਿਧਾਨ ਵਿਚ ਦਰਜ ਕਰ ਦਿਤਾ ਕਿ ਖੱਬੇ ਪੱਖੀ ਲੋਕ ਕਾਂਗਰਸ ਦੀ ਲੀਡਰਸ਼ਿਪ ਵਿਚ ਨਹੀਂ ਆ ਸਕਦੇ।

ਕੇਂਦਰੀ ਅਸੈਂਬਲੀ ਦੀਆਂ ਚੋਣਾ ਫਿਰਕੂ ਆਧਾਰ ਤੇ ਹੋਈਆਂ ਸਨ ਤੇ ਕਾਂਗਰਸ ਸਭ ਤੋਂ ਵਧ ਕੁਲ 44ਸੀਟਾਂ ਲੈ ਗਈ। ਇਸ "ਫਿਰਕੂ ਤੇ ਜਾਤਾਂ ਵਾਲੇ ਅਵਾਰਡ" ਦੇ ਰਾਹੀਂ ਅੰਗਰੇਜਾਂ ਨੇ ਦੇਸ਼ ਦੇ ਲੋਕਾਂ ਨੂੰ ਪੱਕੀ ਤਰਾਂ ਵੰਡ ਦਿਤਾ ਅਤੇ ਕਾਂਗਰਸ ਤੇ ਮੁਸਲਮ ਲੀਗ ਨੇ ਇਹ ਗਲ ਸਵੀਕਾਰ ਕਰ ਲਈ।

(ਚਲਦਾ)

"ਕੈਨੇਡਾ ਦਰਪਣ" ਦਾ ਇਕ
ਪਾਠਕ ਹੋਰ ਬਣਾਓ

ਫੋਰਟ ਸੇਂਟ ਜੌਹਨ ਸਿੱਖ ਟੈਂਪਲ ਅਤੇ ਕਲਚਰਲ ਸੁਸਾਇਟੀ ਦੇ ਮੈਂਬਰਾਂ ਦੀ ਚੋਣ

ਫੋਰਟ ਸੇਂਟ ਜੌਹਨ ਦੀਆਂ ਸੰਗਤਾਂ ਨੇ ਸਰਬਸੰਮਤੀ ਨਾਲ ਪਹਿਲੀ ਕਮੇਟੀ ਬਣਾਈ ਹੈ। ਕਮੇਟੀ ਦੇ ਅਹੁਦੇਦਾਰਾਂ ਦੇ ਨਾਮ ਇਸ ਪ੍ਰਕਾਰ ਹਨ :—

ਸਤੰਵਤ ਸਿੰਘ ਢੀਂਡਸਾ	ਪ੍ਰਧਾਨ
ਹਰਭਜਨ ਸਿੰਘ ਕੈਂਥ	ਮੀਤ-ਪ੍ਰਧਾਨ
ਸੁਬੇਗ ਸਿੰਘ ਬਰਾੜ	ਜਨਰਲ ਸਕੱਤਰ
ਬਲਵਿੰਦਰ ਸਿੰਘ ਜੱਸਲ	ਮੀਤ ਸਕੱਤਰ
ਨਛੱਤਰ ਸਿੰਘ ਸਿੱਧੂ	ਖਜ਼ਾਨਚੀ
ਬਲਦੇਵ ਸਿੰਘ ਗਿੱਲ	ਮੀਤ ਖਜ਼ਾਨਚੀ
ਬਰਜਿੰਦਰ ਸਿੰਘ ਸੰਘਾ	ਮੈਂਬਰ
ਪ੍ਰੀਤਮ ਸਿੰਘ ਧੋਤ	ਮੈਂਬਰ
ਰਜਿੰਦਰ ਸਿੰਘ ਵਰਨ	ਮੈਂਬਰ
ਦਰਸ਼ਨ ਸਿੰਘ ਕੈਂਥ	ਮੈਂਬਰ

ਸੰਗਤ ਦਾ ਦਾਸ
ਸੁਬੇਗ ਸਿੰਘ ਬਰਾੜ
ਜਨਰਲ ਸਕੱਤਰ

ਫਾਰਮ ਵਰਕਰ ਨੂੰ ਕੰਮਪਨਜੇਸ਼ਨ ਦੇ ਸੱਤ ਹਜ਼ਾਰ ਮਿਲਣਗੇ

ਬੀ. ਸੀ. ਸਪਰੀਮ ਕੋਰਟ ਨੇ ਬਸਤਾ ਸਿੰਘ ਗਰੇਵਾਲ ਨੂੰ ਸੱਤ ਹਜ਼ਾਰ ਡਾਲਰ ਕੰਮਪਨਜੇਸ਼ਨ ਵਜੋਂ ਦੇਣ ਦਾ ਫੈਸਲਾ ਦਿੱਤਾ ਹੈ। ਜਿਊਰੀ ਨੇ ਉਸਦਾ 40 ਫੀ ਸਦੀ ਕਸੂਰ ਕੱਢਿਆ ਹੈ ਉਂਜ ਉਸਨੂੰ 11000 ਡਾਲਰ ਮਿਲਣਾ ਸੀ।

ਘੱਗਰ ਦਰਿਆ ਵਿਚ ਹੜ੍ਹ

ਰਾਮਾ ਮੰਡੀ—ਇਥੋਂ 30 ਕਿਲੋਮੀਟਰ ਦੂਰ ਵਗਦੇ ਘੱਗਰ ਦਰਿਆ ਵਿਚ ਬਾਰਸ਼ਾਂ ਕਾਰਨ ਪਾਣੀ ਬਹੁਤ ਚੜ੍ਹ ਚੁਕਿਆ ਹੈ ਅਤੇ ਜ਼ਿਲਾ ਸਰਸਾ ਦੇ ਪਿੰਡਾਂ ਲਈ ਭਾਰੀ ਖਤਰਾ ਬਣਿਆ ਹੋਇਆ ਹੈ। ਲੋਕ ਪਿੰਡਾਂ ਲਾਗੇ ਬੰਨ੍ਹ ਉਚੇ ਕਰ ਰਹੇ ਹਨ

ਅਸੀਂ ਜਿਸ ਕਾਗਜ਼ ਤੇ ਲਿਖ ਰਹੇ ਹਾਂ ਇਹ ਕਦੇ ਰੁੱਖ ਹੁੰਦਾ ਹੋਵੇਗਾ ਤੇ ਸੂਰਜ ਦੀ ਰੋਸ਼ਨੀ ਵਿਚ ਖੇਡਦਾ ਹੋਵੇਗਾ। ਇਹੋ ਸਾਡੀ ਹੋਣੀ ਹੈ।

ਮੈਨੂੰ ਕਿਸੇ ਮੰਡੀ ਦੇ ਰੁੱਖ ਹੇਠ ਦਫਨ ਕਰ ਦੇਣਾ ਕਿਉਂ ਜੋ ਉਥੋਂ ਦਾ ਸ਼ੋਰ ਢੋਲ ਢਮੱਕਾ ਮੈਂ ਸੁਣ ਸਕਾਂ।—ਜੀਔਫਰੇ ਹਾਰੇਸਨਾਪੇ

ਇਕ ਬਹੁਤ ਜ਼ਰੂਰੀ ਮੀਟਿੰਗ

ਸਾਥੀ ਹਰਦਿਆਲ ਬੈਂਸ ਕਨੇਡਾ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਦੀ ਕੇਂਦਰੀ ਕਮੇਟੀ ਦੇ ਮੁੱਖ ਸਕੱਤਰ, 25 ਸਤੰਬਰ 1983 ਨੂੰ 2:00 ਵਜੇ ਬਾਦ ਦੁਪਹਿਰ ਹੇਠ ਲਿਖੇ ਵੱਡੇ ਮਸਲਿਆਂ ਬਾਰੇ ਦੇਸ਼ ਭਗਤ ਟੈਂਪਲ 5880 ਮੇਨ ਸਟਰੀਟ ਵੈਨਕੂਵਰ ਬੀ. ਸੀ. ਵਿਚ ਇਕ ਬਹੁਤ ਅਹਿਮ ਅਪੀਲ ਜਾਰੀ ਕਰਨਗੇ।

1. ਲੋਕਾਂ ਦੇ ਹੱਕਾਂ ਦੀ ਰਾਖੀ ਦਾ ਰਾਹ
2. ਫਿਰਕਾ ਪ੍ਰਸਤੀ ਵਿਰੁਧ ਅਤੇ ਸਰਮਾਇਦਾਰਾਂ ਅਤੇ ਉਨ੍ਹਾਂ ਦੇ ਰਾਜ, ਅਤੇ ਸੋਧਵਾਦੀਆਂ ਅਤੇ ਮੌਕਾਪ੍ਰਸਤਾਂ ਅਤੇ ਉਨ੍ਹਾਂ ਦੇ ਝੋਲੀਚੁਕਾਂ ਦੀ ਦਖਲ ਅੰਦਾਜ਼ੀ ਵਿਰੁਧ, ਅਤੇ ਮਿਹਨਤਕਸ਼ ਲੋਕਾਂ ਦੇ ਆਪਣੇ ਹੱਕਾਂ ਲਈ ਘੋਲ ਬਾਰੇ
3. ਬੀ. ਸੀ. ਸਰਕਾਰ ਦੇ ਸਰਕਾਰੀ ਖੇਤਰ ਦੇ ਮਜ਼ਦੂਰਾਂ ਉਤੇ ਹਮਲਿਆਂ ਵਿਰੁਧ ਘੋਲ ਬਾਰੇ
4. ਆਪਣੀਆਂ ਸਮਾਜਕ ਅਤੇ ਸਭਿਆਚਾਰਕ ਸੰਸਥਾਵਾਂ ਵਿਕਸਤ ਕਰਨ ਦੀ ਲੋੜ ਬਾਰੇ

ਹਰ ਇਕ ਨੂੰ ਇਸ ਅਹਿਮ ਮੀਟਿੰਗ ਵਿਚ ਆਉਣ ਲਈ ਨਿੱਘਾ ਸੱਦਾ ਦਿੱਤਾ ਜਾਂਦਾ ਹੈ। ਇਸ ਮੀਟਿੰਗ ਵਿਚ ਈਸਟ ਇੰਡੀਅਨ ਡੀਫੈਂਸ ਕਮੇਟੀ ਦੀ ਸਥਾਪਨਾ ਦੀ ਆ ਰਹੀ 10ਵੀਂ ਵਰ੍ਹੇ ਗੰਢ ਦੇ ਜਸ਼ਨਾਂ ਦੇ ਪ੍ਰੋਗਰਾਮ ਅਤੇ ਲੋਕ ਘੋਲ ਤੇਜ ਕਰਨ ਦੀ ਲੋੜ ਬਾਰੇ ਵੀ ਵਿਚਾਰ ਵਿਟਾਂਦਰਾ ਹੋਵੇਗਾ।

ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?
ਕ੍ਰਿਪਾ ਕਰਕੇ ਸਾਨੂੰ ਜਰੂਰ ਦੱਸੋ।

ਚਿਟ ਨੰਬਰ------------------------
ਪੁਰਾਣਾ ਪਤਾ--------------------------------

ਨਵਾਂ ਪਤਾ ਸਟਰੀਟ/ਐਵੇਨਿਊ------------------
ਟਾਊਨ------------------------------------
ਸਟੇਟ------------------------------------
ਪੋਸਟਲ ਕੋਡ--------------------------------
ਫੋਨ ਨੰਬਰ---------------------------------

ਪੰ ਜਾ ਬ ਦ ਰ ਪ ਣ

ਅੰਮ੍ਰਿਤਸਰ ਯੂਨੀਵਰਸਿਟੀ ਵਿਚ ਹੇਰਾ ਫੇਰੀ

ਅੰਮ੍ਰਿਤਸਰ—ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਵਿਚ ਦਸ ਹਜ਼ਾਰ ਰੁਪਏ ਦੀ ਰਕਮ ਦੀ ਹੇਰਾਫੇਰੀ ਦਾ ਮਾਮਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਦਸਿਆ ਜਾਂਦਾ ਹੈ ਕਿ ਡੁਪਲੀਕੇਟਿੰਗ ਪੱਧਰ ਦੀ ਸਪਲਾਈ ਦੇ ਸਬੰਧ ਵਿਚ ਇਕ ਉਚ ਅਧਿਕਾਰੀ ਨੇ ਦਸ ਹਜ਼ਾਰ ਰੁਪਏ ਦੀ ਰਕਮ ਦਾ ਚੈਕ ਐਡਵਾਂਸ ਵਜੋਂ ਹਾਲਸ ਕੀਤਾ ਜੋ ਕਿ ਇਸ ਸਾਲ ਫਰਵਰੀ ਦੇ ਪਹਿਲੇ ਹਫਤੇ ਕੈਸ਼ ਕਰਵਾ ਲਿਆ ਗਿਆ ਅਤੇ ਇਸਦੇ ਇਵੇਜ ਵਿਚ 400 ਰਿਮ ਕਾਗਜ਼ ਰਿਕਾਰਡ ਵਿਚ ਸਪਲਾਈ ਹੋ ਗਿਆ ਦਿਖਾ ਦਿਤਾ ਗਿਆ।

ਪਰ ਬਾਅਦ ਵਿਚ ਪੜਤਾਲ ਉਤੇ ਪਤਾ ਲਗਾ ਕਿ ਨਾ ਕੇਵਲ ਕੋਈ ਕਾਗਜ਼ ਸਪਲਾਈ ਹੋਇਆ ਸਗੋਂ ਜਿਸ ਫਰਮ ਦੇ ਨਾਂਅ ਉਤੇ ਇਸ ਕਾਗਜ਼ ਦੀ ਸਪਲਾਈ ਦਿਖਾਈ ਗਈ ਸੀ। ਦਿਲਚਸਪ ਗੱਲ ਇਹ ਹੈ ਕਿ ਇਸ ਕਾਗਜ਼ ਦੀ ਕੀਮਤ ਦੇ ਨਾਲ ਨਾਲ ਇਸ ਦੀ ਢੋਆ ਢੁਆਈ ਦੀ ਅਦਾਇਗੀ ਵੀ ਦਿਖਾਈ ਗਈ ਹੈ।

ਭਰੋਸੇਯੋਗ ਵਸੀਲਿਆਂ ਅਨੁਸਾਰ ਇਸ ਗਬਨ ਦੀ ਫਾਈਲ ਵੀ. ਸੀ. ਸਾਹਿਬ ਕੋਲ ਪੂਰੀ ਜਾਂਚ-ਪੜਤਾਲ ਸਮੇਤ ਪਈ ਹੈ।

ਪੰਜਾਬ ਸਮਸਿਆ : ਸੰਤ ਭਿੰਡਰਾਂਵਾਲਿਆਂ ਦਾ ਪੂਰਨ ਸਹਿਯੋਗ ਦਾ ਭਰੋਸਾ —

ਜਲੰਧਰ (ਪੀ. ਟੀ. ਆਈ.)—ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਨੇ ਪੰਜਬ ਦੀ ਉਲਝੀ ਹੋਈ ਸਮਸਿਆ ਵਲੋਂ ਸਾਰੀਆਂ ਸਬੰਧਤ ਧਿਰਾਂ ਵਲੋਂ ਅਪਣਾਏ ਗਏ ਵਤੀਰੇ ਦਾ ਸਵਾਗਤ ਕੀਤਾ ਅਤੇ ਆਸ ਜ਼ਾਹਰ ਕੀਤੀ ਕਿ ਇਹ ਵਤੀਰਾ ਜਾਰੀ ਰਹੇਗਾ ਅਤੇ ਇਸ ਸਮਸਿਆ ਦਾ ਛੇਤੀ ਹੀ ਹੱਲ ਲੱਭ ਲੈਣ ਵਿਚ ਸਹਾਈ ਹੋਵੇਗਾ.

ਅਖਬਾਰੀ ਨੁਮਾਇੰਦਿਆਂ ਨਾਲ ਗਲਬਾਤ ਕਰਦਿਆਂ ਉਹਨਾ ਇਸ ਗੱਲ ਉਤੇ ਵੀ ਤਸੱਲੀ ਪਰਗਟ ਕੀਤੀ ਕਿ ਅਕਾਲੀ ਲੀਡਰਸ਼ਿਪ ਨੇ ਅੱਤਵਾਦੀ ਸਰਗਰਮੀਆਂ ਦੀ ਨਿਖੇਧੀ ਕਰਕੇ ਯਥਾਰਥਵਾਦੀ ਪਹੁੰਚ ਅਪਣਾਈ ਹੈ. ਉਹਨਾ ਇਹ ਵੀ ਕਿਹਾ, "ਜਾਪਦਾ ਹੈ ਅੱਤ-ਵਾਦੀਆਂ ਨੇ ਵੀ ਇਹ ਅਹਿਸਾਸ ਕਰ ਲਿਆ ਹੈ"

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਪਾਲਸੀ ਤੇ "ਇਕ ਪੈਰ ਅੱਗੇ, ਦੋ ਪੈਰ ਪਿੱਛੇ" ਤੇ ਤਾਂ ਨਹੀਂ ਚੱਲ ਰਹੇ? ਉਹਨਾ ਦੀਆਂ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੀ ਵਾਰਸਕ ਕਾਨਫਰੰਸ 20 ਸਤੰਬਰ 83 ਨੂੰ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਤੋਂ ਇਹ ਪ੍ਰਤਾਖ ਹੈ। ਸੰਤ ਜਰਨੈਲ ਸਿੰਘ ਭਿੰਡਰਾਵਾਲੇ ਵਲੋਂ ਕੀਤੀ "ਚਿੱਟੇ ਦਿਲੀਏ ਸਿੱਖਾਂ" ਦੀ ਮੀਟਿੰਗ ਦੇ ਕਾਰਨ ਸ਼ੰਤ ਲੌਂਗੋਵਾਲ ਵਲੋਂ ਕੀਤੀ ਤਾੜਨਾ ਦੇ ਜੁਵਾਬ ਵਜੋਂ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਪੰਥ ਵਿਚ ਦੁਫਾੜ ਪਾਉਣ ਦੀ ਸਰਗਰਮੀਆਂ ਤੋਂ ਦੂਰ ਰਹਿਣ ਲਈ ਕਿਹਾ ਹੈ ਖਾਸ ਕਰਕੇ ਇਸ ਸਮੇਂ ਜਦੋਂ ਕਿ ਪੰਥ ਆਪਣੀ ਵਖਰੀ ਹੋਂਦ ਲਈ ਜਿੰਦਗੀ ਅਤੇ ਮੌਤ ਦੇ ਵਿਚਕਾਰ ਜੂਝ ਰਿਹਾ ਹੈ। ਸੰਤ ਭਿੰਡਰਾਂ ਵਾਲੇ ਨੇ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿਤਾ।

ਪੰਜਾਬ ਵਿਚ ਬੱਸਾਂ ਦੇ ਮਾਰੂ ਹਾਦਸਿਆਂ ਦੇ ਅੰਕੜੇ

ਪਿਛਲੇ ਸਾਲ ਵਿਚ ਪੰਜਾਬ ਵਿਚ ਬੱਸ ਹਾਦਸਿਆਂ ਵਿਚ ਮਰਨ ਵਾਲਿਆਂ ਦੀ ਗਿਣਤੀ 236 ਹੈ। ਪੰਜਾਬ ਰੋਡਵੇਜ ਦੀਆਂ ਬੱਸਾਂ ਦੇ ਹਾਦਸਿਆਂ ਵਿੱਚ 165 ਅਤੇ ਪੈਪਸੂ ਰੋਡਵੇਜ ਦੇ ਹਾਦਸਿਆਂ ਵਿਚ 71 ਜਾਨਾਂ ਗਈਆਂ

ਦਾਜ ਦੀ ਮੰਗ — ਮਾਸੂਮਾਂ ਦੀ ਮੌਤ —

ਅੰਮ੍ਰਿਤਸਰ ਵਿਚ ਮਿਸਜ ਲਲਿਤਾ ਅਗਰਵਾਲ ਉਮਰ 22 ਸਾਲ ਨੂੰ ਕੈਰੋਸੀਨ ਤੇਲ ਪਾਕੇ ਜਲਾਕੇ ਮਾਰ ਦਿਤਾ ਗਿਆ। ਇਸ ਅਪਰਾਧ ਦੇ ਦੋਸ਼ੀ ਉਸ ਦਾ ਪਤੀ ਸ਼ੌਹਰਾ ਅਤੇ ਸੱਸ ਹਨ। ਕਮਲਾ ਰਾਣੀ ਅਤੇ ਸੀਤਾ ਰਾਮ ਸੱਸ ਅਤੇ ਸੌਹਰਾ ਗ੍ਰਿਫਤਾਰ ਕਰ ਲਏ ਗਏ ਹਨ। ਪਤੀ ਦੇਵ ਜੀ ਸ੍ਰੀ ਭੂਸ਼ਨ ਹਾਲੇ ਲੁਕਦੇ ਫਿਰ ਰਹੇ ਹਨ। ਕਤਲ ਦਾ ਕਾਰਨ ਵੀ ਬਹੁਤੇ ਦਹੇਜ ਦੀ ਮੰਗ ਹੀ ਦੱਸੀ ਜਾਂਦੀ ਹੈ।

ਹਥਿਆਰਬੰਦ ਗਾਰਦ ਹੇਠਾਂ ਬਾਹਰ ਜਾਣ ਦੇ ਆਦੇਸ਼ —

ਮੋਗੇ ਵਿਚ ਪੁਲਸ ਦੇ ਮੁਖ ਅਧਿਕਾਰੀ ਸ਼੍ਰੀ ਐਸ ਵੀ ਸਿੰਘ ਨੇ ਦੱਸਿਆ ਹੈ ਕਿ ਨਰਿੰਕਾਰੀਆਂ ਨੂੰ ਆਦੇਸ਼ ਦੇ ਦਿਤੇ ਗਏ ਹਨ ਕਿ ਉਹ ਘਰੋਂ ਬਾਹਰ ਜਾਣ ਸਮੇਂ ਉਹ ਹਥਿਆਰਬੰਦ ਸਕਿਉਰਟੀ ਗਾਰਦ ਦੇ ਨਾਲ ਬਾਹਰ ਜਾਣ। ਉਹਨਾ ਅਨੁਸਾਰ ਕੁਲਵੰਤ ਸਿੰਘ ਨਿਰੰਕਾਰੀ ਜਿਸਨੂੰ ਅੰਮ੍ਰਿਤਸਰ ਵਿਚ ਗੋਲੀ ਮਾਰ ਦਿਤੀ ਗਈ ਹੈ ਨੇ ਇਸ ਆਦੇਸ਼ ਦੀ ਉਲੰਘਣਾ ਕੀਤੀ ਸੀ ਅਤੇ ਉਸਨੇ ਘਰੋਂ ਜਾਣ ਸਮੇਂ ਗਾਰਦ ਲੈ ਕੇ ਜਾਣ ਤੋਂ ਇਨਕਾਰ ਕਰ ਦਿਤਾ ਸੀ।

ਪੰਜਾਬੀ ਭਾਸ਼ਾ ਬਾਰੇ 1967 ਦੇ ਕਾਨੂੰਨ 'ਤੇ ਠੀਕ ਅਮਲ ਹੋਵੇ ਲੇਖਕ ਪ੍ਰਤੀਨਿਧਾਂ ਵਲੋਂ ਚੰਡੀਗੜ੍ਹ 'ਚ ਵਿਖਾਵਾ ਅਤੇ ਵਿਧਾਨ ਸਭਾ ਅਗੇ ਧਰਨਾ

ਜਲੰਧਰ—ਕੇਂਦਰੀ ਪੰਜਾਬੀ ਲੇਖਕ ਸਭਾ ਦੀ ਐਗਜ਼ੈਕਟਿਵ ਕਮੇਟੀ ਦੇ ਮੈਂਬਰਾਂ ਅਤੇ ਵਿਸ਼ੇਸ਼ ਨਿਮੰਤਰਿਤ ਮੈਂਬਰਾਂ ਨੇ ਪੰਜਾਬੀ ਭਾਸ਼ਾ ਬਾਰੇ ਆਪਣੀਆਂ ਮੰਗਾਂ ਦੇ ਹੱਕ ਵਿਚ ਚੰਡੀਗੜ੍ਹ ਵਿਚ ਵਿਖਾਵਾ ਕੀਤਾ ਅਤੇ ਪੰਜਾਬ ਵਿਧਾਨ ਸਭਾ ਦੇ ਸਾਹਮਣੇ ਧਰਨਾ ਦਿਤਾ। ਧਰਨੇ ਵਿਚ ਸ਼ਾਮਲ ਉਘੇ ਲੇਖਕਾਂ ਵਿਚ ਪ੍ਰੋ: ਸੁਜਾਨ ਸਿੰਘ, ਪ੍ਰੋ: ਪ੍ਰੀਤਮ ਸਿੰਘ,(ਸਾਬਕ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ), ਪ੍ਰੋ: ਪਿਆਰਾ ਸਿੰਘ ਭੋਗਲ ਮੀਤ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ, ਸ੍ਰੀ ਤੇਰਾ ਸਿੰਘ ਚੰਨ ਜਨਰਲ ਸਕੱਤਰ, ਗੁਰਮੀਤ ਪਲਾਹੀ ਅਤੇ ਸ੍ਰੀ ਮਾਰਕੰਡਾ(ਦੋਵੇਂ ਸਕੱਤਰ), ਸ੍ਰੀ ਸੰਤੋਖ ਸਿੰਘ ਧੀਰ, ਪ੍ਰੋ: ਐਸ ਤਰਸੇਮ, ਪ੍ਰੋ: ਤੇਜਵੰਤ ਮਾਨ, ਡਾ: ਐਸ. ਪੀ. ਸਿੰਘ, ਪ੍ਰੋ: ਰਘਬੀਰ ਸਿੰਘ ਆਦਿ ਸ਼ਾਮਲ ਸਨ। ਮੌਜੂਦਾ ਪ੍ਰਧਾਨ ਪ੍ਰੋ: ਸੰਤ ਸਿੰਘ ਸੇਖੋਂ ਬਿਮਾਰੀ ਦੇ ਕਾਰਨ ਸ਼ਾਮਲ ਨਾ ਹੋ ਸਕੇ। ਧਰਨੇ ਦੇ ਝੱਟ ਪਟ ਬਾਦ ਕੇਂਦਰੀ ਸਭਾ ਦਾ ਇਕ ਵਫਦ ਪ੍ਰੋ: ਪ੍ਰੀਤਮ ਸਿੰਘ, ਪ੍ਰੋ: ਪਿਆਰਾ ਸਿੰਘ ਭੋਗਲ, ਸ੍ਰੀ ਸੰਤੋਖ ਸਿੰਘ ਧੀਰ, ਸ੍ਰੀ ਤੇਰਾ ਸਿੰਘ ਚੰਨ ਅਤੇ ਗੁਰਮੀਤ ਪਲਾਹੀ ਉਤੇ ਅਧਾਰਤ ਪੰਜਾਬ ਦੇ ਸਿਖਿਆ ਮੰਤਰੀ ਸ: ਹਰਚਰਨ ਸਿੰਘ ਅਜਨਾਲਾ ਨੂੰ ਮਿਲਿਆ ਅਤੇ ਸਭ ਦੀਆਂ ਮੰਗਾਂ ਵੱਲ ਉਹਨਾਂ ਦਾ ਧਿਆਨ ਦੁਆਇਆ। ਲੇਖਕਾਂ ਦੀ ਪਹਿਲੀ ਮੁਖ ਮੰਗ ਇਹ ਸੀ ਕਿ 1967 ਦੇ ਪੰਜਾਬ ਰਾਜ ਭਾਸ਼ਾ ਕਾਨੂੰਨ ਉਤੇ ਠੀਕ ਠੀਕ ਅਮਲ ਕਰਾਇਆ ਜਾਏ। ਅੰਕੜੇ ਪੇਸ਼ ਕਰਕੇ ਇਹ ਤੱਥ ਦ੍ਰਿੜ ਕਰਵਾਇਆ ਗਿਆ ਕਿ ਪੰਜਾਬ ਸਕੱਤਰੇਤ ਵਿਚ ਬਹੁਤੇ ਅਧਿਕਾਰੀ ਪੰਜਾਬੀ ਦੀ ਥਾਂ ਅੰਗਰੇਜ਼ੀ ਵਿਚ ਹੀ ਕੰਮ ਕਰਦੇ ਹਨ। ਸਭਾ ਦੀ ਦੂਜੀ ਮੰਗ ਸੀ ਕਿ ਪੰਜਾਬ ਦੀਆਂ ਸਭ ਯੂਨੀਵਰਸਿਟੀਆਂ ਵਿਚ ਬੀ. ਏ ਦੀ ਪੱਧਰ ਤਕ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਾਜ਼ਮੀ ਹੋਣੀ ਚਾਹੀਦੀ ਹੈ। ਸ: ਹਰਚਰਨ ਸਿੰਘ ਅਜਨਾਲਾ ਨੇ ਭਰੋਸਾ ਦੁਆਇਆ ਕਿ ਉਹ ਇਹ ਮਾਮਲਾ ਉਪ ਕੁਲਪਤੀਆਂ ਦੀ ਤਾਲਮੇਲ ਕਮੇਟੀ ਵਿਚ ਉਠਾਉਣਗੇ। ਸਭਾ ਦੀ ਤੀਜੀ ਮੰਗ ਇਹ ਸੀ ਕਿ ਪੰਜਾਬ ਸਰਕਾਰ ਇਕ ਵਖਰਾ ਲਾਇਬਰੇਰੀ ਵਿਭਾਗ ਕਾਇਮ ਕਰੇ ਜਿਸ ਦੇ ਅਧੀਨ ਪੰਜਾਬ ਦੇ ਪਿੰਡਾਂ ਵਿਚ ਪੁਸਤਕਾਲੇ ਖੋਲ੍ਹਣ ਦਾ ਸਿਲਸਿਲਾ ਸ਼ੁਰੂ ਕੀਤਾ ਜਾਏ।

ਅਸੀਂ ਹਰ ਸੁਣਨ ਸ਼ਕਤੀ ਦੀ ਪਹੁੰਚ ਤੋਂ ਪਰ੍ਹੇ
ਪਰਾਈਆਂ ਸੋਚਾਂ ਨਾਲ ਘਿਰੇ ਹੁੰਦੇ ਹਾਂ।

ਪੰਜਾਬੀ ਸਾਹਿਤਕਾਰਾਂ ਨੂੰ ਸਨਮਾਨਤ ਕੀਤਾ ਜਾਏਗਾ

ਅੰਮ੍ਰਿਤਸਰ - ਪੰਜਾਬੀ ਦੇ ਉਚ ਕੋਟੀ ਦੇ ਚੋਣਵੇਂ ਸਾਹਿਤਕਾਰਾਂ ਨੂੰ ਉਹਨਾ ਦੀ ਸਾਹਿਤ ਨੂੰ ਦਿਤੀ ਦੇਣ ਲਈ ਸਨਮਾਨਤ ਕਰਨ ਲਈ ਪੰਜਾਬ ਸਾਹਿਤ ਕਲਾ ਕੇਂਦਰ 23 ਅਕਤੂਬਰ 83 ਇਕ ਸਮਾਗਮ ਕਰ ਰਿਹਾ ਹੈ। ਇਸ ਵਿਚ ਸਨਮਾਨੇ ਜਾਣ ਵਾਲੇ ਸਾਹਿਤਕਾਰ ਹਨ ਸੰਤ ਸਿੰਘ ਸੇਖੋਂ, ਸ੍ਰੀ ਸੁਖਪਾਲਵੀਰ ਸਿੰਘ ਹਸਰਤ, ਸ੍ਰੀ ਕੁਲਵੰਤ ਸਿੰਘ ਵਿਰਕ ਸ੍ਰੀਮਤੀ ਪ੍ਰਭਜੋਤ ਕੌਰ ਅਤੇ ਕੁਲਵੀਰ ਸਿੰਘ ਕਾਂਗ।

ਪੰਚਾਇਤ ਚੋਣਾ : ਤਿੰਨ ਲੱਖ ਨੌਜਵਾਨ ਵੋਟ ਤੋਂ ਵਾਂਝੇ

ਜਲੰਧਰ—ਪੰਜਾਬ ਸਰਕਾਰ ਤੁਰੰਤ ਪੰਚਾਇਤ ਚੋਣਾਂ ਕਰਵਾਕੇ ਲੱਖਾਂ ਨੌਜਵਾਨ ਵੋਟਰਾਂ ਦੇ ਹੱਕ ਉਤੇ ਛਾਪਾ ਮਾਰ ਰਹੀ ਹੈ। ਇਹ ਚੋਣਾ 1980 ਦੀਆਂ ਲਿਸਟਾਂ ਦੇ ਆਧਾਰ ਉਤੇ ਹੋਣੀਆਂ ਹਨ। ਪਿਛਲੇ ਤਿੰਨ ਸਾਲ ਅੰਦਰ ਜੋ ਤਿੰਨ ਲੱਖ ਨੌਜਵਾਨ 21 ਸਾਲ ਉਮਰ ਦੀ ਹੱਦ ਟੱਪ ਚੁਕੇ ਹਨ, ਉਹਨਾਂ ਨੂੰ ਵੋਟ ਤੋਂ ਵਾਂਝਿਆਂ ਰਖਿਆ ਜਾਏਗਾ।

ਨਵੀਆਂ ਵੋਟਾਂ ਬਣਾਉਣ ਲਈ ਕੋਈ ਐਲਾਨ ਨਹੀਂ ਕੀਤਾ ਗਿਆ। ਇਸ ਇਤਰਾਜ਼ ਨੂੰ ਦੂਰ ਕਰਨ ਲਈ ਇਕ ਹੁਕਮ ਪੰਜਾਬ ਦੇ ਚੋਣ ਅਫਸਰ ਵਲੋਂ 6 ਸਤੰਬਰ ਨੂੰ ਵਾਇਰਲੈਸ ਰਾਹੀਂ ਡਿਪਟੀ ਕਮਿਸ਼ਨਰਾਂ ਨੂੰ ਭੇਜਿਆ ਗਿਆ ਕਿ 9 ਸਤੰਬਰ ਤਕ ਨਵੀਂ ਵੋਟ ਬਣਾਉਣ ਲਈ ਦਰਖਾਸਤ ਲਓ। ਇਹ ਹੁਕਮ 9 ਸਤੰਬਰ ਤੱਕ ਪਟਵਾਰੀਆਂ ਤੱਕ ਮੁਸ਼ਕਲ ਨਾਲ ਪੁਜਿਆ ਵੋਟ ਕਿਸ ਤਰ੍ਹਾਂ ਬਣ ਸਕਦੀ ਹੈ?

ਨਵੀਆਂ ਚੋਣਾ ਸ਼ਾਮਲ ਕੀਤੇ ਬਗੈਰ ਪੰਚਾਇਤ ਚੋਣਾ ਕਰਾਉਣ ਦੀ ਇਹ ਤੇਜ਼ੀ ਕਿਉਂ? ਲੋਕੀਂ ਮੰਗ ਕਰ ਰਹੇ ਹਨ ਕਿ ਸਭ ਹੱਕਦਾਰਾਂ ਦੀਆਂ ਵੋਟਾਂ ਬਣਾ ਕੇ ਤਿੰਨ ਮਹੀਨੇ ਬਾਦ ਚੋਣਾ ਕਰਾਈਆਂ ਜਾਣ।

ਲੜਕੀਆਂ ਨੂੰ ਵੇਚਣ ਵਾਲਾ ਗਰੋਹ ਫੜਿਆ ਗਿਆ

—ਥਾਣਾ ਚਮਕੌਰ ਸਾਹਿਬ ਦੀ ਪੁਲਸ ਨੇ ਲੜਕੀਆਂ ਨੂੰ ਅਗਵਾ ਕਰਕੇ ਉਹਨਾਂ ਨੂੰ ਵੇਚਣ ਵਾਲੇ ਇਕ ਗਿਰੋਹ ਦਾ ਪਤਾ ਲਾਇਆ ਹੈ। ਪੁਲਸ ਸੂਤਰਾਂ ਅਨੁਸਾਰ ਇਸ ਗਿਰੋਹ ਦੇ ਤਿੰਨ ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਜਦ ਕਿ ਚੌਥਾ ਮੈਂਬਰ ਫਰਾਰ ਹੋਣ ਵਿਚ ਸਫਲ ਰਿਹਾ ਹੈ। ਪ੍ਰਾਪਤ ਸਮਾਚਾਰ ਅਨੁਸਾਰ ਇਸ ਗਿਰੋਹ ਦੇ ਮੈਂਬਰਾਂ ਨੇ ਆਨੰਦਪੁਰ ਅਤੇ ਚਮਕੌਰ ਸਾਹਿਬ ਦੇ ਇਲਾਕਿਆਂ ਵਿਚ ਆਪਣੇ ਪੱਕੇ ਅੱਡੇ ਬਣਾ ਰਖੇ ਹਨ। ਗਿਰੋਹ ਦੇ ਮੈਂਬਰ ਖੂਬਸੂਰਤ ਲੜਕੀਆਂ ਨੂੰ ਅਗਵਾ ਕਰਕੇ ਇਹਨਾਂ ਅੱਡਿਆਂ ਤੇ ਲੈ ਆਂਦੇ ਸਨ ਅਤੇ ਉਹਨਾਂ ਨਾਲ ਸਮੂਹਿਕ ਬਲਾਤਕਾਰ ਕਰਨ ਤੋਂ ਬਾਅਦ ਉਹਨਾਂ ਨੂੰ ਦਿਲੀ ਅਤੇ ਹੋਰ ਸ਼ਹਿਰਾਂ ਵਿਚ ਸਥਿਤ ਚਕ-ਲਿਆਂ ਵਿਚ ਵੇਚ ਦਿੰਦੇ ਸਨ। ਇਸ ਗਿਰੋਹ ਦਾ ਪਰਦਾਫਾਸ਼ ਉਸ ਸਮੇਂ ਹੋਇਆ ਜਦ ਕਿ ਗਿਰੋਹ ਦੇ ਕੁਝ ਮੈਂਬਰਾਂ ਨੇ ਬੀਤੀ 24 ਜੁਲਾਈ ਨੂੰ ਨੇੜੇ ਦੇ ਪਿੰਡ ਦੀ ਇਕ ਲੜਕੀ ਨੂੰ ਅਗਵਾ ਕਰ ਲਿਆ। ਦਸਿਆ ਜਾਂਦਾ ਹੈ ਕਿ ਉਸ ਲੜਕੀ ਦੇ ਨਾਲ ਪਹਿਲਾਂ ਤਾਂ ਗਿਰੋਹ ਦੇ ਮੈਂਬਰਾਂ ਨੇ ਬਲਾਤਕਾਰ ਕੀਤਾ ਅਤੇ ਬਾਅਦ ਵਿਚ ਉਸਨੂੰ ਦਿਲੀ ਲਿਜਾ ਕੇ ਟੈਕਸੀ ਮਾਲਕਾਂ ਨੂੰ ਵੇਚ ਦਿਤਾ ਜਿਹੜੇ ਕਿ ਲੜਕੀਆਂ ਦੀ ਖਰੀਦ ਅਤੇ ਵਿਕਰੀ ਦਾ ਕੰਮ ਕਰਦੇ ਸੀ।

"ਅਕਾਲੀ ਪੱਤਰਕਾ" ਦੇ ਸੰਪਾਦਕ ਦੀ ਸਰਕਾਰ ਵਲੋਂ ਖਾਤਰ

ਚੰਡੀਗੜ੍ਹ—ਇਕ ਖਬਰ ਅਨੁਸਾਰ ਅਕਾਲੀ ਪੱਤਰਕਾ ਦੇ ਮੁੱਖ ਸੰਪਾਦਕ ਕਿਵੇਂ ਸਰਕਾਰੀ ਸਹੂਲਤਾਂ ਪ੍ਰਾਪਤ ਹਨ ਇਨਾਂ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਰਿਹਾ ਹੈ ਕਿ ਦਿੱਲੀ ਦੇ ਪੰਜਾਬ ਭਵਨ ਦਾ ਕਮਰਾ ਨੰ: 17 ਉਸ ਵਾਸਤੇ ਲੰਮਾਂ ਸਮਾਂ ਬੁੱਕ ਰਿਹਾ ਹੈ ਅਤੇ ਇਸਦਾ ਕਿਰਾਇਆ ਸਾਢੇ ਬਾਰਾਂ ਹਜ਼ਾਰ ਰੁਪਿਆ ਬਣਦਾ ਹੈ ਪਰ ਇਸਦੀ ਉਗਰਾਹੀ ਪੰਜਾਬ ਦੇ ਮੁੱਖ ਮੰਤਰੀ ਦਰਬਾਰ ਸਿੰਘ ਵਲੋਂ ਵਿਸ਼ੇਸ਼ ਧਿਆਨ ਦੇ ਕੇ ਰੁਕਵਾ ਦਿੱਤੀ ਗਈ ਹੈ। ਇਸੇ ਤਰ੍ਹਾਂ ਚੰਡੀਗੜ੍ਹ ਵਿਚ ਵੀ ਇਸ ਸੰਪਾਦਕ ਲਈ ਸਰਕਾਰੀ ਰਹਾਇਸ਼ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਂਦਾ ਹੈ। ਪਰ ਇਹ ਸਾਰੇ ਖਰਚੇ ਕਿਸ ਖਾਤੇ ਵਿਚ ਪਾਏ ਜਾ ਰਹੇ ਹਨ ਇਹ ਗੱਲ ਅਜੇ ਬੁਝਾਰਤ ਹੈ। ਯਾਦ ਰਹੇ ਕਿ ਇਹ ਸੰਪਾਦਕ ਸ: ਸੁਖਜਿੰਦਰ ਸਿੰਘ ਦੇ ਖਾਸ ਬੰਦੇ ਹਨ।

ਗੁਰੂ ਨਾਨਕ ਗਲੀ ਵਿਚੋਂ ਮਿਲੀ ਲਾਸ਼ ਅੰਮ੍ਰਿਤਸਰ ਦੇ ਫੋਟੋਗਰਾਫਰ ਦੀ?

ਅੰਮ੍ਰਿਤਸਰ—ਪੱਤਰਕਾਰ ਦੀ ਖਬਰ ਅਨੁਸਾਰ ਗੁਰੂ ਨਾਨਕ ਨਿਵਾਸ ਗਲੀ ਦੇ ਪਿਛਵਾੜੇ ਗੁਰੂ ਨਾਨਕ ਗਲੀ, ਜਿਸਦਾ ਪਹਿਲਾ ਨਾਮ ਬਾਗ ਵਾਲੀ ਗਲੀ ਸੀ ਦੇ ਗਟਰ ਵਿਚੋਂ ਮਿਲੀ ਗਲੀ ਸੜੀ ਲਾਸ਼, ਜਿਸਦੀ ਅਜੇ ਤੱਕ ਪੂਰੀ ਤਰ੍ਹਾਂ ਸ਼ਨਾਖਤ ਨਹੀਂ ਹੋ ਸਕੀ ਬਾਰੇ ਸਮਝਿਆ ਜਾ ਰਿਹਾ ਹੈ ਕਿ ਇਹ ਲਾਸ਼ ਅੰਮ੍ਰਿਤਸਰ ਦੇ ਇਕ ਫੋਟੋਗਰਾਫਰ ਦੀ ਹੈ। ਜੋ ਇਕ ਮਹੀਨੇ ਤੋਂ ਲਾ ਪਤਾ ਸੀ। ਸਮਝਿਆ ਜਾਂਦਾ ਹੈ ਕਿ ਇਹ ਫੋਟੋਗਰਾਫਰ ਸੰਤ ਭਿੰਡਰਾਂਵਾਲੇ ਦਾ ਚੇਲਾ ਸੀ। ਬਾਗ ਵਾਲੀ ਗਲੀ ਨੂੰ ਲੋਕ ਅੱਜ ਕੱਲ੍ਹ ਖੂਨੀ ਗਲੀ ਦੇ ਨਾਂ ਨਾਲ ਪੁਕਾਰਨ ਲੱਗ ਪਏ ਹਨ ਅਤੇ ਬਹੁਤ ਸਾਰੇ ਮਕਾਨ ਵੇਚ ਕੇ ਕਿਸੇ ਦੂਜੇ ਥਾਂ ਮਕਾਨ ਲੈਣ ਦੀ ਸੋਚ ਰਹੇ ਹਨ। ਇਸ ਗਲੀ ਵਿਚ ਅੱਠ ਗਟਰ ਹਨ ਜਿਨ੍ਹਾਂ ਵਿਚੋਂ ਚਾਰ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਮਿਲ ਚੁਕੀਆਂ ਹਨ। ਪੁਲਸ ਅਨੁਸਾਰ ਇਹ ਨੌਜਵਾਨ ਵੀ ਪੂਰਨ ਸਿੱਖ ਸੀ। ਇਸਦੀ ਗਰਦਨ ਅਤੇ ਲੱਕ ਨੂੰ ਮਜ਼ਬੂਤ ਰੱਸੀ ਨਾਲ ਕੱਸ ਕੇ ਬੰਨਿਆਂ ਹੋਇਆ ਸੀ ਤਾਂ ਕਿ ਲਾਸ਼ ਗਲ ਜਾਣ ਤੋਂ ਪਹਿਲਾਂ ਉਪਰ ਨਾ ਆਵੇ। ਜਦ ਸ: ਗੁਰਚਰਨ ਸਿੰਘ ਟੌਹੜਾ ਦੇ ਸਕੱਤਰ ਸ: ਅਵਿਨਾਸ਼ੀ ਸਿੰਘ ਨੇ ਪੁਲਸ ਨੂੰ ਲਾਸ਼ ਨੂੰ ਕਬਜ਼ੇ ਵਿਚ ਲੈਣ ਦੀ ਸੂਚਨਾ ਦਿੱਤੀ ਤਾਂ ਪੁਲਸ ਵਾਲਿਆਂ ਨੇ ਕਿਹਾ ਕਿ ਉਹ ਗਲੀ ਵਿਚ ਆਉਣ ਨੂੰ ਤਿਆਰ ਨਹੀਂ ਕਿਉਂਕਿ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ। ਪਰ ਅਵਿਨਾਸ਼ੀ ਸਿੰਘ ਦੇ ਪੁਲਸ ਨੂੰ ਪੂਰੀ ਸੁਰਖਿਆ ਦੀ ਗਰੰਟੀ ਦੇਣ ਤੇ ਪੁਲਸ ਨੇ ਲਾਸ਼ ਕਬਜ਼ੇ ਵਿਚ ਲੈ ਲਈ ਤੇ ਕਾਗਜ਼ੀ ਕਾਰਵਾਈ ਸ਼ੁਰੂ ਕੀਤੀ। ਇਸ ਗਲੀ ਵਿਚ ਸ਼ਾਮ ਬਾਦ ਕੋਈ ਨਹੀਂ ਲੰਘਦਾ ਤੇ ਨਾ ਹੀ ਘਰਾਂ ਵਾਲੇ ਬਾਹਰ ਨਿਕਲਦੇ ਹਨ।

ਸਾ ਹਿ ਤ ਦ ਰ ਪ ਣ

ਮੇਰੇ ਰਾਜ਼ਦਾਰ

ਮਨਜੀਤ 'ਮੀਤ' - ਸਰੀ, ਬੀ. ਸੀ.

ਖੁਦਾ ਕਿਸ ਸ਼ੈਅ ਦਾ ਨਾਂ ਹੈ ?

ਇਹ ਸਿੱਕੇ ਵਰਗਾ ਨਿਗਰ ਜਿਹਾ ਲਫਜ਼ ਹੈ ਜੋ ਹਰ ਦੇ ਮਨ ਵਿਚ ਰਹਿੰਦਾ ਹੈ ਕਦੇ ਢਲਦਾ ਨਹੀਂ ਕਦੇ ਗਲਦਾ ਨਹੀਂ।

ਕੀ ਰੱਬ ਕਦੇ ਗਲਤੀ ਨਹੀਂ ਕਰਦਾ ?

ਜ਼ਰੂਰ ਕਰਦਾ ਹੈ। ਰੱਬ ਵੀ ਇਨਸਾਨ ਵਾਂਗ ਗਲਤੀ ਕਰਦਾ ਹੈ ਤੇ ਫਿਰ ਪਛਤਾਉਂਦਾ ਹੈ।

ਫਲਾਣੇ ਦਾ ਫਲਾਣੇ ਨਾਲ ਕੀ ਰਿਸ਼ਤਾ ਹੈ ? ਉਹ ਉਸਦੀ ਮਾਂ ਨਹੀਂ ਲਗਦੀ। ਉਹ ਉਸ ਦਾ ਭਰਾ ਨਹੀਂ ਲਗਦਾ। ਉਹਨੂੰ ਉਸਦਾ ਖਾਵੰਦ ਨਹੀਂ ਸੀ ਹੋਣਾ ਚਾਹੀਦਾ ਬਗੈਰਾ ਬਗੈਰਾ। ਇਹ ਵਾਹੇਯਾਤ ਖਿਆਲ ਹਮੇਸ਼ਾ ਮੇਰੇ ਮਨ ਵਿਚ ਘੜੀ ਦੀਆਂ ਸੂਈਆਂ ਵਾਂਗ ਘੁੰਮਦੇ ਰਹਿੰਦੇ ਨੇ। ਜਿਹਨਾਂ ਦੇ ਇਕ ਨਹੀਂ ਹਜ਼ਾਰਾਂ ਹੀ ਉਤਰ ਮੇਰਾ ਮਨ ਹੀ ਦਿੰਦਾ ਰਹਿੰਦਾ ਹੈ।

ਇਨਸਾਨ ਦਾ ਇਨਸਾਨ ਨਾਲ ਕੀ ਰਿਸ਼ਤਾ ਹੈ ?

ਜਾਂ ਰੂਹਾਂ ਦਾ ਰਿਸ਼ਤੇ ਕਿਹੋ ਜਿਹੇ ਹੁੰਦੇ ਹਨ ਜੋ ਪਲ ਵਿਚ ਜੁੜ ਜਾਂਦੇ ਹਨ ਤੇ ਕਈ ਵਾਰ ਜੋੜਦਿਆਂ ਜੋੜਦਿਆਂ ਵਰ੍ਹੇ ਲੰਘ ਜਾਂਦੇ ਨੇ ਤੇ ਇਹ ਫਿਰ ਵੀ ਨਹੀਂ ਜੁੜਦੇ। ਕਈ ਵਾਰ ਇਜਹਾਰ ਕਰਦਿਆਂ ਸਾਰੀ ਉਮਰ ਲੰਘ ਜਾਂਦੀ ਹੈ ਪਰ ਤੁਹਾਨੂੰ ਕੋਈ ਸਮਝ ਹੀ ਨਹੀਂ ਸਕਦਾ। ਖੈਰ ਮੈਂ ਰੂਹਾਂ ਦੇ ਰਿਸ਼ਤੇ ਇਨਸਾਨੀ ਰਿਸ਼ਤੇ ਵਿਚ ਜ਼ਿਆਦਾ ਵਿਸ਼ਵਾਸ਼ ਰੱਖਦਾ ਹਾਂ ਬਾਕੀ ਦੁਨੀਆਂ ਦੇ ਮੱਲੋਮੱਲੀ ਘੜੇ ਰਿਸ਼ਤਿਆਂ ਨਾਲੋਂ। ਰੂਹਾਂ ਦਾ ਰਿਸ਼ਤਾ ਕਿਵੇਂ ਪਛਾਣਿਆ ਜਾਂਦਾ ਹੈ ਇਹ ਵੀ ਅਹਿਮ ਸਵਾਲ ਹੈ ਜਿਸਦਾ ਕਈ ਵਾਰ ਉਤਰ ਲਭਣਾ ਦੁਸ਼ਵਾਰ ਹੁੰਦਾ ਹੈ।

ਜਿਸ ਦਫਤਰ ਵਿਚ ਮੈਂ ਕੰਮ ਸ਼ੁਰੂ ਕੀਤਾ ਸੀ ਅਨੀਤਾ ਉਥੇ ਮੇਰੇ ਤੋਂ ਪਹਿਲਾਂ ਹੀ ਕੰਮ ਕਰਦੀ ਸੀ। ਬਹੁਤ ਹੀ ਸੰਜੀਦਾ ਕੁੜੀ ਸੀ। ਬੜੀ ਚੁਪ ਚੁਪ ਹਮੇਸ਼ਾ ਸੋਚਾਂ ਵਿਚ ਉਲਝੀ ਹੋਈ। ਹਮੇਸ਼ਾ ਜਿਵੇਂ ਕੋਈ ਗੱਲ ਦੱਬਣ ਦੀ ਕੋਸ਼ਿਸ਼ ਵਿਚ ਰਹਿੰਦੀ ਹੋਵੇ। ਸ਼ਾਇਦ ਇਹ ਉਸਦਾ ਸੁਭਾਅ ਸੀ। ਮੇਰਾ ਉਸਦਾ ਨਿਜੀ ਜੀਵਨ ਨਾਲ ਕੋਈ ਵਾਸਤਾ ਨਹੀਂ ਸੀ।

ਮੈਨੂੰ ਉਸ ਦਫਤਰ ਵਿਚ ਕੰਮ ਕਰਦਿਆਂ ਤਿੰਨ ਸਾਲ ਹੋ ਗਏ ਸਨ ਕਦੇ ਕਦੇ ਚਾਹ ਦਾ ਕੱਪ ਇਕੱਠੇ ਬੈਠ ਕੇ ਪੀ ਲੈਂਦੇ ਸਾਂ ਜਾਂ ਜ਼ਿੰਦਗੀ ਦੀਆਂ ਹੋਰ ਸਮੱਸਿਆਵਾਂ ਤੇ ਬਹਿਸਣ ਲਗ ਪੈਂਦੇ ਸਾਂ। ਬਸ ਦਿਨ ਗੁਜ਼ਰਦਾ ਜਾਂਦਾ ਸੀ ਤੇ ਘਰ ਚਲੇ ਜਾਂਦੇ ਸਾਂ। ਇਸ ਤਰ੍ਹਾਂ ਦਿਨਾਂ ਤੋਂ ਹਫਤੇ, ਹਫਤਿਆਂ ਤੋਂ ਮਹੀਨੇ, ਮਹੀਨਿਆਂ ਤੋਂ ਸਾਲ ਗੁਜ਼ਰਦੇ ਗਏ।

ਅਸਲ ਵਿਚ ਮੈਂ ਉਸ ਰੋਜ਼ ਦੇ ਮਸ਼ੀਨੀ ਕੰਮ ਤੋਂ ਅੱਕ ਗਿਆ ਸਾਂ। ਮੈਂ ਉਸ ਮਾਹੌਲ ਨੂੰ ਉਸ ਵਾਤਾਵਰਣ ਉਸ ਜ਼ਿੰਦਗੀ ਨੂੰ ਛੱਡਣਾ ਚਾਹੁੰਦਾ ਸਾਂ। ਮੈਂ ਮਨ ਬਣਾ ਕਿ ਤਿੰਨ ਮਹੀਨੇ ਦੀਆਂ ਛੁੱਟੀਆਂ ਲੈ ਕੇ ਪਿੰਡ ਚਲਾ ਗਿਆ ਤੇ ਆਉਣ ਵਾਲੀ ਜ਼ਿੰਦਗੀ ਵਾਰੇ ਸੋਚਣ ਲੱਗਾ ਕਿ ਕੀ ਕੀਤਾ ਜਾਵੇ। ਸੋਚਿਆ ਇਰਾਦਾ ਪੱਕਾ ਬਣ ਜਾਵੇ ਤਾਂ ਅਸਤੀਫ਼ਾ ਘੱਲ ਦਿਆਂਗਾ। ਹਾਲੇ ਡੇਢ ਕੁ ਮਹੀਨਾ ਹੋਇਆ ਸੀ ਮੈਨੂੰ ਇਕ ਦਿਨ ਖਤ ਆਇਆ। ਬੜਾ ਨਿੱਕਾ ਜਿਹਾ ਖਤ ਸੀ। ਲਿਖਿਆ ਸੀ —

ਕੈਸੇ ਹੋ। ਲਿਖਣਾ ਕਦ ਆ ਰਹੇ ਹੋ। ਇਕ ਖਤ ਲਿਖਣ ਦੀ ਗੁਸਤਾਖੀ ਕਰਨ ਲੱਗੀ ਹਾਂ। ਉਮੀਦ ਕਰਦੀ ਹਾਂ ਮਾਫ਼ ਕਰ ਦਿਉਗੇ ਤੁਸੀਂ ਕਈ ਵਾਰ ਰੂਹਾਂ ਦੇ ਰਿਸ਼ਤਿਆਂ ਵਾਰੇ ਗੱਲਾਂ ਕਰਦੇ ਹੁੰਦੇ ਸਾਉ। ਅੱਜ ਤੁਸੀਂ ਦੂਰ ਹੋ ਇਉਂ ਲੱਗ ਰਿਹਾ ਹੈ ਜਿਵੇਂ ਮੇਰੇ ਨਾਲ ਗੱਲਾਂ ਕਰਨ ਵਾਲਾ ਕੋਈ ਨਹੀਂ ਹੈ। ਇਉਂ ਲੱਗਦਾ ਹੈ ਜਿਵੇਂ ਮੈਂ ਕੁਝ ਗੁਆ ਲਿਆ ਹੈ। ਮੈਨੂੰ ਇਉਂ ਮਹਿਸੂਸ ਹੋ ਰਿਹਾ ਹੈ ਜਿਵੇਂ ਤੁਸੀਂ ਹੀ ਮੇਰੇ ਆਪਣੇ ਸੀ ਜਿਹਨੂੰ ਚੁਪ ਕੀਤੀ ਵੀ ਦਿਲ ਦੀਆਂ ਸਾਰੀਆਂ ਗੱਲਾਂ ਕਹਿ ਲੈਂਦੀ ਸਾਂ। ਕਈ ਵਾਰ ਇਉਂ ਲੱਗਦਾ ਹੈ ....

ਬਾਕੀ ਫਿਰ

ਅਨੀਤਾ।

ਮੈਨੂੰ ਇਉਂ ਲੱਗਿਆ ਸੀ ਜਿਵੇਂ ਉਸਦੇ ਪਤੀ ਦੇਵ ਨੇ ਆਵਾਜ਼ ਮਾਰ ਲਈ ਹੋਵੇ ਤੇ ਉਹ ਖਤ ਅਧੂਰਾ ਛੱਡ ਕੇ ਚਲੀ ਗਈ ਹੋਵੇ। ਉਸਤੋਂ ਬਾਅਦ ਉਸਦਾ ਮਨ ਲਿਖਣ ਨੂੰ ਨਹੀਂ ਕੀਤਾ ਤੇ ਉਸਨੇ ਉਸੇ ਤਰ੍ਹਾਂ ਖਤ ਪੋਸਟ ਕਰ ਦਿਤਾ। ਹਰ ਇਕ ਦੀਆਂ ਆਪੋ ਆਪਣੀਆਂ ਮਜਬੂਰੀਆਂ ਹੁੰਦੀਆਂ ਨੇ।

ਮੈਂ ਇਹ ਖਤ ਕਈ ਵਾਰ ਪੜ੍ਹਿਆ ਤੇ ਸੋਚਿਆ ਕੀ ਲੋਕ ਵੀ ਮੇਰੇ ਵਾਂਗ ਝੱਲੇ ਹਨ ਜੋ ਹਮੇਸ਼ਾ ਸੋਚਦੇ ਰਹਿੰਦੇ ਨੇ। ਮੈਂ ਅਨੀਤਾ ਬਾਰੇ ਸੋਚ ਰਿਹਾ ਸਾਂ ਤੇ ਆਪਣੇ ਬਾਰੇ। ਅਨੀਤਾ ਦੀਆਂ ਡੂਬੀਆਂ ਡੂਬੀਆਂ ਅੱਖਾਂ ਮੈਨੂੰ ਹਮੇਸ਼ਾ ਦਿੱਸਣ ਲੱਗ ਪਈਆਂ। ਉਹਦਾ ਚੁਪ ਜਿਹਾ ਚਿਹਰਾ ਮੇਰੇ ਜ਼ਿਹਨ ਵਿਚ ਘੁੰਮਣ ਲੱਗ ਪਿਆ। ਉਸਨੂੰ ਫਿਰ ਤੱਕਣ ਨੂੰ ਦਿਲ ਕੀਤਾ। ਮੈਂ ਤਿੰਨ ਮਹੀਨੇ ਦੀਆਂ ਛੁੱਟੀਆਂ ਕੱਟ ਕੇ ਫਿਰ ਆ ਕੇ ਕੰਮ ਤੇ ਲਗ ਗਿਆ। ਦਿਨ ਖੂਹ ਦੀਆਂ ਟਿੰਡਾਂ ਵਾਂਗ ਆਉਂਦੇ ਤੇ ਰਾਤ ਵਾਂਗ ਪੁੱਠੇ ਹੋ ਕੇ ਚਲੇ ਜਾਂਦੇ। ਜ਼ਿੰਦਗੀ ਖੂਹ ਦੇ ਬੈੜ ਵਾਂਗ ਘੁੰਮਦੀ ਰਹੀ।

ਇਕ ਦਿਨ ਦੁਪਿਹਰ ਦੇ ਖਾਣੇ ਵੇਲੇ ਮੈਂ ਅਨੀਤਾ ਨੂੰ ਕਿਹਾ

"ਆ ਉਥੇ ਬੈਠਦੇ ਹਾਂ। ਬੜੀ ਸੋਹਣੀ ਧੁੱਪ ਨਿਕਲੀ ਹੋਈ ਹੈ। ਅੱਜ ਧੁੱਪ ਸੇਕਣ ਨੂੰ ਬੜਾ ਦਿਲ ਕਰਦਾ ਹੈ।"

"ਚਲੋ। ਤੁਸੀਂ ਤਾਂ ਮੇਰੇ ਦਿਲ ਦੀ ਕਹਿ ਦਿੱਤੀ।"

ਸਿਆਲਾਂ ਦੀ ਮਦਹੋਸ਼ ਜੇਹੀ ਦੁਪਿਹਰ ਸੀ। ਬੜੀ ਸੁਨਿਹਰੀ ਧੁੱਪ ਨਿਕਲੀ ਹੋਈ ਸੀ। ਅਸੀਂ ਕੁਰਸੀਆਂ ਲੈ ਕੇ ਕੈਨਟੀਨ ਦੇ ਸਾਹਮਣੇ ਵਾਲੇ ਲਾਨ ਵਿਚ ਜਾ ਬੈਠੇ। ਕੁਝ ਦੇਰ ਖਾਮੋਸ਼ੀ ਤਣੀ ਰਹੀ। ਇੰਨੇ ਨੂੰ ਨੌਕਰ ਚਾਹ ਲੈ ਆਇਆ। ਅਸੀਂ ਠਰੇ ਹੋਏ ਹੱਥਾਂ ਵਿਚ ਚਾਹ ਦਾ ਗਰਮ ਪਿਆਲਾ ਫੜਕੇ ਸੇਕ ਦਾ ਆਨੰਦ ਲੈਣ ਲੱਗੇ। ਅਨੀਤਾ ਨੇ ਸੁਭਾਵਕ ਹੀ ਗੱਲ ਸ਼ੁਰੂ ਕੀਤੀ।

"ਡਿਊਟੀ ਤੋਂ ਬਾਅਦ ਦੇ ਵਕਤ ਵਿਚ ਤੁਸੀਂ ਕੀ ਕਰਦੇ ਹੋ ਰੋਜ਼"

"ਤਨਹਾਈ ਵਿਚ ਬੈਠ ਕੇ ਕੁਝ ਲਿਖ ਲੈਂਦਾ ਹਾਂ ਜੇ ਮਨ ਬਣੇ ਤਾਂ"

'ਕਿਸ ਵਿਸ਼ੇ ਤੇ ਲਿਖਦੇ ਹੋ"

"ਆਪਣੇ ਦੁੱਖਾਂ ਬਾਰੇ, ਸਮੱਸਿਆਵਾਂ ਬਾਰੇ, ਲੋਕਾਂ ਦਿਆਂ ਦੁਖਾਂ ਬਾਰੇ ਤੇ ਉਹਨਾਂ ਨੂੰ ਸੁਲਝਾਉਣ ਦੇ ਸੁਝਾਅ ਜੋ ਕੋਈ ਮੇਰੇ ਮਨ ਵਿਚ ਠੀਕ ਲਗਦਾ ਹੋਵੇ"

"ਇਹ ਤਾਂ ਬਹੁਤ ਚੰਗੀ ਗੱਲ ਹੈ।"

"ਇਹ ਤਾਂ ਨਹੀਂ ਕਹਿ ਸਕਦਾ ਚੰਗੀ ਹੈ ਜਾਂ ਮਾੜੀ। ਕਈਆਂ ਨੂੰ ਸ਼ਾਇਦ ਮੇਰਾ ਕਿਹਾ ਚੰਗਾ ਨਾ ਲਗਦਾ ਹੋਵੇ। ਹਾਂ ਇਕ ਗੱਲ ਜ਼ਰੂਰ ਹੈ ਆਪਣਾ ਦਿਲ ਜ਼ਰੂਰ ਬਹਿਲ ਜਾਂਦਾ ਹੈ ਕੁਝ ਦੇਰ ਲਈ। ਦਿਲ ਵਿਚ ਖਿਆਲ ਦਾ ਨਿੱਕਾ ਜਿਹਾ ਬੀਜ ਹੁੰਦਾ ਹੈ। ਵਕਤ ਨਾਲ ਉਹ ਫੈਲਰਦਾ ਹੈ ਵਧਦਾ ਫੁਲਦਾ ਹੈ। ਜਦੋਂ ਦਿਲ ਭਾਰ ਚੁਕਣ ਦੇ ਕਾਬਲ ਨਹੀਂ ਰਹਿੰਦਾ ਤਾਂ ਉਸਨੂੰ ਕਾਗਜ਼ ਤੇ ਉਤਾਰ ਦਿੰਦਾ ਹਾਂ। ਦਿਲ ਦਾ ਭਾਰ ਹੌਲਾ ਹੋ ਜਾਂਦਾ ਹੈ।

"ਅਨੀਤਾ ਜੀ ਤੁਹਾਡੀ ਹਰ ਸ਼ਾਮ ਕਿਵੇਂ ਗੁਜ਼ਰਦੀ ਹੈ"

" ਰੋ ਕੇ"

"ਕਿਉਂ ? ਹਾਂ ਸੱਚ ਕੱਲ ਤੁਸੀਂ ਇੰਨੇ ਉਦਾਸ ਕਿਉਂ ਸੀ ?"

"ਤੁਹਾਨੂੰ ਕਿਵੇਂ ਪਤਾ ?"

"ਮੈਂ ਤੁਹਾਡੇ ਚੇਹਰੇ ਤੇ ਲਿਖਿਆ ਪੜ੍ਹ ਲਿਆ ਸੀ।"

"ਉਹ ਵੀ ਦੱਸਾਂਗੀ ਵਕਤ ਆਉਣ ਤੇ। ਹਾਂ ਤੁਸੀਂ ਅਜ ਬੜੇ ਥੱਕੇ ਥੱਕੇ ਸਾਓ ਸੁਭਾ ਹੀ।"

"ਹਾਂ ਸ੍ਰੀ ਮਤੀ ਕੁਝ ਜ਼ਿਆਦਾ ਹੀ ਮੇਹਰਬਾਨ ਸੀ ਮੇਰੇ ਤੇ ਇਸ ਲਈ"

"ਐਸੀ ਕੀ ਆਫਤ ਆ ਗਈ ਸੁਭਾ ਹੀ।"

"ਅਨੀਤਾ, ਮੇਰੇ ਦਿਲ ਦੇ ਕੁਝ ਕੁ ਜ਼ਖਮ ਅਜਿਹੇ ਨੇ ਜੋ ਕਦੇ ਨਹੀਂ ਭਰਨੇ। ਮੇਰੀ ਸ਼ਾਦੀ ਅਸਲ ਵਿਚ ਸ਼ਾਦੀ ਨਹੀਂ ਸੀ ਇਕ ਬਾਲ ਵਿਆਹ ਸੀ ਜਾਂ ਉਹ ਮੇਰੀ ਮਜਬੂਰੀ ਸੀ ਜਾਂ ਕੁਝ ਹੋਰ। ਨਾ ਉਸ ਵਿਚ ਸ਼ਾਦੀ ਵਾਲਾ ਕੋਈ ਆਨੰਦ ਹੈ ਨਾ ਕੋਈ ਮਜ਼ਾ। ਬਸ ਜ਼ਿੰਦਗੀ ਗੁਜ਼ਾਰ ਰਿਹਾ ਹਾਂ ਜਿਸ ਤਰ੍ਹਾਂ ਵੀ ਗੁਜ਼ਰੇ। ਇਕ ਇਕ ਜ਼ਿੰਦਗੀ ਦਾ ਪਲ ਇਕ ਇਕ ਸਿਗਰਟ ਵਾਂਗ ਬਲ ਰਿਹਾ ਹੈ। ਮੇਰੀ ਤੇ ਮੇਰੇ ਜੀਵਨ ਸਾਥੀ ਦੀ ਸੋਚਣੀ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਸ਼ਾਦੀ ਤੋਂ ਬਾਅਦ ਜ਼ਿੰਦਗੀ ਵਿਚ ਅਜੀਬ ਖਲਾਅ ਜਿਹਾ ਆ ਗਿਆ ਹੈ।"

"ਹਾਂ ਇਹ ਤਾਂ ਕੁਝ ਜ਼ਖਮ ਅਜਿਹੇ ਹੁੰਦੇ ਨੇ ਜੋ ਵਕਤ ਨਾਲ ਵੀ ਨਹੀਂ ਭਰਦੇ ਸਗੋਂ ਹੋਰ ਡੂੰਘੇ ਹੋ ਜਾਂਦੇ ਨੇ।"

"ਹਾਂ ਤੁਹਾਡਾ ਖਿਆਲ ਠੀਕ ਹੈ। ਮੁਆਫ ਕਰਨਾ ਮੈਂ ਕੁਝ ਮਿੰਟਾਂ ਲਈ ਲਾਇਬਰੇਰੀ ਜਾਣਾ ਸੀ ਕਹੋ ਤਾਂ ਹੋ ਆਵਾਂ।"

"ਕਿਉਂ ਕੋਈ ਕਿਤਾਬ ਚਾਹੀਦੀ ਸੀ।"

"ਹਾਂ ਕਈ ਦਿਨ ਹੋਏ ਲੈਟਰਜ਼ ਬਾਈ ਜੋਨ ਕਇਸ' ਦੀ ਤਲਾਸ਼ ਵਿਚ ਹਾਂ ਮਿਲ ਨਹੀਂ ਰਹੀ"

"ਬੈਠ ਜਾਉ। ਉਹ ਮੇਰੇ ਪਾਸ ਹੈ। ਮੈਂ ਕੱਲ੍ਹ ਲਿਆ ਦਿਆਂਗੀ"

"ਬਹੁਤ ਖੂਬ ਤੁਹਾਨੂੰ ਵੀ ਪੜ੍ਹਨ ਦਾ ਬਹੁਤ ਸ਼ੌਕ ਹੈ"

"ਪਹਿਲਾਂ ਨਹੀਂ ਸੀ ਪਰ ਵਕਤ ਗੁਜ਼ਾਰਨ ਲਈ ਜ਼ਰੂਰ ਪਾ ਲਿਆ ਹੈ"

"ਚਲੋ ਫਿਰ ਦਫਤਰ ਚੱਲੀਏ, ਵਕਤ ਹੋ ਗਿਆ ਹੈ"

"ਚਲੋ ਆਉ"

ਦੂਸਰੇ ਦਿਨ ਲੰਚ ਟਾਈਮ ਅਨੀਤਾ ਨੇ ਮੈਨੂੰ ਕਿਤਾਬ ਫੜਾਈ ਜਦੋਂ ਮੈਂ ਖੋਲ੍ਹੀ ਤੇ ਦੇਖਿਆ ਉਸ ਵਿਚ ਇਕ ਖਤ ਸੀ। ਮੈਂ ਖਤ ਉਸ ਵਿਚੋਂ ਕੱਢ ਲਿਆ ਤੇ ਅਨੀਤਾ ਨੂੰ ਫੜਾਉਂਦਾ ਕਹਿਣ ਲੱਗਾ।

"ਅਨੀਤਾ ਜੀ, ਸ਼ਾਇਦ ਕੋਈ ਤੁਹਾਡਾ ਖਤ ਇਸ ਵਿਚ ਰਹਿ ਗਿਆ ਹੈ"

"ਨਹੀਂ ਮੇਰਾ ਨਹੀਂ ਇਹ ਤੁਹਾਡੇ ਲਈ ਹੈ"

"ਮੇਰੇ ਲਈ" ਮੈਂ ਹੈਰਾਨ ਹੋ ਕੇ ਪੁਛਿਆ।

"ਹਾਂ ਤੁਹਾਡੇ ਲਈ। ਤੁਸੀਂ ਕੱਲ ਪੁਛ ਰਹੇ ਸੀ ਮੈਂ ਉਦਾਸ ਕਿਉਂ ਹਾਂ। ਇਸ ਵਿਚ ਉਸ ਉਦਾਸੀ ਦਾ ਕਾਰਨ ਲਿਖਿਆ ਹੋਇਆ ਹੈ।

ਮੈਂ ਸ਼ਾਮ ਨੂੰ ਘਰ ਪਹੁੰਚਦਿਆਂ ਹੀ ਕਿਤਾਬ ਪੜ੍ਹਨ ਤੋਂ ਪਹਿਲਾਂ ਉਸ ਖਤ ਨੂੰ ਪੜ੍ਹਨ ਲਗ ਪਿਆ ਲਿਖਿਆ ਸੀ :

ਦੋਸਤ

"ਮੇਰੀ ਜ਼ਿੰਦਗੀ ਇਕ ਉਦਾਸ ਜੇਹੀ ਕਹਾਣੀ ਹੈ। ਤੁਸੀਂ ਪਹਿਲੇ ਇਨਸਾਨ ਹੋ ਜਿਸਨੇ ਮੈਨੂੰ ਪੁੱਛਿਆ ਹੈ ਕਿ ਤੂੰ ਉਦਾਸ ਕਿਉਂ ਹੈ ? ਹੋਰ ਤਾਂ ਕਿਸੇ ਨੂੰ ਐਨੀ ਫੁਰਸਤ ਨਹੀਂ ਕਿ ਕੋਈ ਕਿਸੇ ਦੀ ਉਦਾਸੀ ਨੂੰ ਮਹਿਸੂਸ ਕਰ ਸਕੇ ਸਮਝ ਸਕੇ। ਉਦਾਸੀ ਮੈਨੂੰ ਦਾਜ ਵਿਚ ਮਿਲੀ ਹੈ ਇਸੇ ਲਈ ਕਈ ਵਾਰ ਪਹਿਨ ਕੇ ਆਉਂਦੀ ਹਾਂ। ਸ਼ਾਦੀ ਤੋਂ ਪਹਿਲਾਂ ਮੈਂ ਆਪਣੀ ਉਮਰ ਮੁਤਾਬਿਕ ਭਲਾ ਬੁਰਾ ਸੋਚ ਸਕਦੀ ਸਾਂ। ਪਰ ਮਾਂ ਪਿਉ ਨੇ ਪਾਲਣ ਪੋਸਣ ਦਾ ਇਵਜ਼ਾਨਾ ਇਹ ਲਿਆ ਸੀ ਕਿ ਜਿਥੇ ਉਹ ਚਾਹੁਣ ਮੈਂ ਸ਼ਾਦੀ ਕਰ ਲਵਾਂ। ਇਹ ਹੀ ਉਹਨਾਂ ਦੀ ਦਿਲੀ ਖਾਹਿਸ਼ ਸੀ। ਬੇਸ਼ੱਕ ਮੇਰੀ ਜ਼ਿੰਦਗੀ ਕੋਰੇ ਕਾਗਜ਼ ਦੀ ਤਰ੍ਹਾਂ ਸੀ। ਮੈਂ ਕਿਸੇ ਨੂੰ ਚਾਹੁੰਦੀ ਨਹੀਂ ਸਾਂ ਉਸ ਵਕਤ ਪਰ ਇਸ ਸ਼ਾਦੀ ਲਈ ਤਿਆਰ ਨਹੀਂ ਸਾਂ। ਪਹਿਲਾਂ ਪੜ੍ਹਾਈ ਖਤਮ ਕਰਨਾ ਚਾਹੁੰਦੀ ਸਾਂ ਬਾਕੀ ਸਭ ਕੁਝ ਉਸਤੋਂ ਬਾਅਦ। ਮੇਰੇ ਖਿਆਲਆਤ ਹੋਰ ਸਨ। ਜਿਵੇਂ ਸ਼ਾਦੀ ਜੇਹੀ ਜ਼ਿੰਦਗੀ ਹੋਵੇ ਜੋ ਕਿਸੇ ਚਾਹੁਣ ਵਾਲੇ ਨਾਲ ਹੌਲੀ ਹੌਲੀ ਗੁਜ਼ਰ ਜਾਵੇ। ਮੇਹਨਤ ਮਜ਼ਦੂਰੀ ਦੀ ਰੋਟੀ ਹੋਵੇ ਜੋ ਥੱਕਿਆਂ ਹੋਇਆਂ ਨੂੰ ਬੜੀ ਹੀ ਸੁਆਦ ਲੱਗਦੀ ਹੈ ਤੇ ਪਾਣੀ ਵੀ ਸ਼ਰਾਬ ਵਰਗਾ ਲੱਗਦਾ ਹੈ। ਪਰ ਕਿਸਮਤ ਨੇ ਸਾਥ ਨਾ ਦਿਤਾ। ਬਦਕਿਸਮਤੀ ਨਾਲ ਮੈਂ ਉਸ ਘਰ ਵਿਆਹੀ ਗਈ ਜਿਥੇ ਪੈਸਾ ਸਭ ਤੋਂ ਪਹਿਲਾਂ ਬਾਕੀ ਸਭ ਕੁਝ ਬਾਅਦ ਵਿਚ। ਮੇਰੇ ਮਾਲਕ ਠੇਕੇਦਾਰ ਨੇ ਜੋ ਪਾਣੀ ਦੀ ਥਾਂ ਬੀਅਰ ਪੀਂਦੇ ਨੇ ਤੇ ਵਿਸਕੀ ਵਿਚ ਗਰੀਬਾਂ ਦਾ ਲਹੂ ਘੋਲ ਕੇ ਪੀਂਦੇ ਨੇ। ਬਸ ਇਹ ਰਿਸ਼ਤਾ ਜੋ ਮੈਂ ਨਹੀਂ ਚਾਹਿਆ ਜ਼ਿੰਦਗੀ ਨੂੰ ਤਪਦਿਕ ਦੀ ਤਰ੍ਹਾਂ ਚੁੰਬੜ ਗਿਆ ਜੋ ਦਿਨ ਬਦਿਨ ਮੈਨੂੰ ਖਾ ਰਿਹਾ ਹੈ। ਜਿਸਮ ਉਹਨਾਂ ਨੇ ਪੈਸੇ ਨਾਲ ਖਰੀਦ ਲਿਆ, ਵਿਆਹ ਲਿਆ, ਵਿਆਹ ਲਿਆ ਚੂੰਡ ਲਿਆ ਪਰ ਰੂਹ ਹਾਲੇ ਤੀਕਰ ਕੁਆਰੀ ਹੈ ਜਿਸਨੂੰ ਹਾਣੀ ਨਹੀਂ ਮਿਲਿਆ। ਰੂਹ ਤੇ ਜਿਸਮ ਦਾ ਅਜੀਬ ਸੰਬੰਧ ਹੈ ਪਰ ਮੈਂ ਇਹਨਾਂ ਦੋਹਾਂ ਨੂੰ ਹਮੇਸ਼ਾ ਨਿਖੇੜੀ ਰੱਖਦੀ ਹਾਂ ਫਿਰ ਵੀ ਕਦੇ ਕਦੇ ਰੂਹ ਵਿਚਾਰੀ ਜ਼ਰਬ ਖਾ ਜਾਂਦੀ ਹੈ। ਇਹ ਮੇਰੀ ਉਦਾਸੀ ਹੁੰਦੀ ਹੈ ਜੋ ਤੁਸੀਂ ਚੇਹਰੇ ਤੋਂ ਪੜ੍ਹ ਲੈਂਦੇ ਹੋ। ਹਾਂ ਬਾਕੀ ਕਿੱਸਾ ਤੁਹਾਨੂੰ ਬੈਠ ਕੇ ਸੁਣਾਵਾਂਗੀ। ਘਰ ਸਾਰਾ ਦਿਨ ਸੋਚਾਂ ਦੀਆਂ ਹਵੇਲੀਆਂ ਬਣਾਉਂਦੇ ਜ਼ਰੂਰ ਗੁਜ਼ਰ ਜਾਂਦਾ ਸੀ ਮਨ ਬਹਿਲਾਣ ਲਈ ਨੌਕਰੀ ਕਰ ਲਈ। ਇਸ ਬਹਾਨੇ ਜ਼ਰਾ ਜੇਹਲ ਤੋਂ ਬਾਹਰ ਦੀ ਦੁਨੀਆਂ ਵੇਖ ਆਉਂਦੀ ਹਾਂ।

ਹਾਂ ਬਾਕੀ ਇਕ ਗੱਲ ਹੋਰ ਕਹਿਣਾ ਚਾਹੁੰਦੀ ਹਾਂ ਮੈਂ ਜ਼ਿੰਦਗੀ ਦੇ ਰਿਸ਼ਤੇ ਬੜੇ ਸਿੱਧੇ ਚੁਣੇ ਆ। ਜਿਥੇ ਆਉਣ ਵਾਲੇ ਤੇ ਜਾਣ ਵਾਲੇ ਆਪਣੇ ਤੇ ਬੇਗਾਨੇ ਸਹਿਜੇ ਪਛਾਣੇ ਜਾ ਸਕਦੇ ਹਨ। ਇਹ ਵੀ ਜਾਣਦੀ ਹਾਂ ਕਿਹੜੇ ਜਿਸਮ ਦੇ ਕਰੀਬ ਆ ਕਿਹੜੇ ਰੂਹ ਤੇ ਦਿਲ ਦੇ ਕਰੀਬ ਆ। ਮੈਨੂੰ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਤੁਸੀਂ ਪਹਿਲੇ ਇਨਸਾਨ ਹੋ ਮੇਰੀ ਜ਼ਿੰਦਗੀ ਵਿਚ ਜਿਸਤੋਂ ਮੈਂ ਇਨਸਾਨੀਅਤ ਦੀ ਝਲਕ ਚੰਗੀ ਤਰ੍ਹਾਂ ਨਿਖਰੀ ਹੋਈ ਦੇਖ ਸਕਦੀ ਹਾਂ। ਤੁਹਾਡੇ ਕੋਲ ਬੈਠਿਆਂ ਤੁਹਾਡੇ ਨਾਲ ਗਲਬਾਤ ਕਰਦਿਆਂ ਮੈਨੂੰ ਕੁਝ ਕੁਝ ਹੋ ਜਾਂਦਾ ਹੈ। ਤੁਹਾਡੇ ਵਿਚ ਮੇਰਾ ਕੁਝ ਆਪਣਾ ਛੁਪਿਆ ਹੋਇਆ ਹੈ। ਬੇਸ਼ੱਕ ਤੁਸੀਂ ਬੇਗਾਨੇ ਹੋ ਤੁਹਾਡੇ ਨਾਲ ਦੁਨੀਆਂ ਦੁਨੀਆਂ ਦੇ ਬਣਾਏ ਹੋਏ ਰਿਸ਼ਤਿਆਂ ਵਿਚੋਂ ਕੋਈ ਰਿਸ਼ਤਾ ਪੂਰਾ ਨਹੀਂ ਉਤਰਦਾ ਪਰ ਫਿਰ ਵੀ ਇਉਂ ਭਾਸਦਾ ਹੈ ਤੁਹਾਡੇ ਨਾਲ ਰੂਹਾਨੀ ਰਿਸ਼ਤਾ ਹੈ ਇਨਸਾਨ ਨਾਲ ਇਨਸਾਨ ਦਾ ਇਹੋ ਜਿਹਾ ਰਿਸ਼ਤਾ ਤਾਂ ਸੁਭਾਵਿਕ ਹੀ ਹੈ ਨਾ। ਇਹ ਰਿਸ਼ਤਾ ਕਿਸੇ ਬੰਧਨ ਦਾ ਮੁਥਾਜ ਨਹੀਂ ਹੁੰਦਾ। ਮੈਨੂੰ ਇਹ ਵੀ ਪਤਾ ਹੈ ਤੁਹਾਡਾ ਜ਼ਬਤ ਕੋਈ ਲਕੀਰ ਨਹੀਂ ਲੰਘੇਗਾ ਪਰ ਇਕ ਅਹਿਸਾਨ ਜ਼ਰੂਰ ਕਰ ਦਿਉ ਦੋ ਹਰਫ ਮੇਰੀ ਰੂਹ ਦੇ ਨਾਂ ਤੇ ਲਿਖ ਦਿਉ ਬਾਕੀ ਫਿਰ।

ਅਨੀਤਾ।

ਜਿਉਂ ਜਿਉਂ ਚਿੱਠੀ ਪੜ੍ਹਦਾ ਗਿਆ ਸਾਂ ਇਉਂ ਮਹਿਸੂਸ ਕਰਦਾ ਗਿਆ ਸਾਂ ਉਹ ਕੁੜੀ ਨਹੀਂ ਦਰਪਣ ਹੈ ਜਿਸ ਵਿਚ ਸਭ ਕੁਝ ਸਾਫ ਸਾਫ ਨਜ਼ਰ ਆਉਂਦਾ ਹੈ। ਇਹ ਖਤ ਸਿਰਫ ਇਕ ਖਤ ਹੀ ਨਹੀਂ ਸਗੋਂ ਉਸਦੀ ਰੂਹ ਦੀ ਆਵਾਜ਼ ਸੀ ਜੋ ਵਰ੍ਹਿਆਂ ਬੱਧੀ ਉਹਦੇ ਸੰਘ ਵਿਚ ਅਟਕੀ ਰਹੀ। ਅਜ ਉਹਨੇ ਕਹਿ ਦਿਤੀ ਸੀ ਤੇ ਮੈਂ ਸੁਣ ਲਈ ਸੀ।

ਦੂਸਰੇ ਦਿਨ ਲੰਚ ਟਾਈਮ ਮੈਨੂੰ ਦਫਤਰ ਤੋਂ ਨਿਕਲਣ ਵਿਚ ਕੁਝ ਦੇਰ ਹੋ ਗਈ। ਅਨੀਤਾ ਦਫਤਰ ਦੇ ਬਾਹਰ ਦਰਵਾਜ਼ੇ ਕੋਲ ਮੇਰਾ ਇੰਤਜ਼ਾਰ ਕਰ ਰਹੀ ਸੀ। ਮੈਂ ਸੋਚ ਵੀ ਨਹੀਂ ਸਕਦਾ ਉਹ ਅਜੇਹੀ ਥਾਂ ਖੜ ਕੇ ਮੇਰਾ ਇੰਤਜ਼ਾਰ ਕਰੇਗੀ। ਮੈਨੂੰ ਦੇਖ ਦੇ ਹੀ ਅਨੀਤਾ ਨੇ ਕਿਹਾ

"ਦੇਰ ਕਿਉਂ ਕਰਤੀ ਅੱਜ ?"

"ਇਕ ਫਾਈਲ ਸੁਪਰਡੈਂਟ ਨੂੰ ਘਲਣੀ ਸੀ ਇਸ ਲਈ।"

"ਆਉ ਧੁੱਪੇ ਬੈਠ ਕੇ ਚਾਹ ਪੀਂਦੇ ਹਾਂ"

"ਚੱਲੋ" ਮੈਂ ਕਿਹਾ।

ਕੁਝ ਦੇਰ ਅਸੀਂ ਚੁਪ ਚਾਪ ਬੈਠੇ ਰਹੇ। ਇਕ ਅਜੀਬ ਕਿਸਮ ਦੀ ਖਾਮੋਸ਼ੀ ਸੀ। ਅੰਦਰ ਕਹਿਣ ਲਈ ਬਹੁਤ ਕੁਝ ਸੀ ਪਰ ਫਿਰ ਵੀ ਕੋਸ਼ਿਸ਼ ਕੀਤਿਆਂ ਬੁਲ ਹਿਲ ਨਹੀਂ ਸੀ ਰਹੇ। ਅਖੀਰ ਮੈਂ ਚੁਪ ਤੋੜੀ

"ਅਨੀਤਾ ਜੀ, ਕੱਲ ਮੈਨੂੰ ਤੁਹਾਡੇ ਖਤ ਨੇ ਬਹੁਤ ਰੁਆਇਆ"

"ਮਾਫ ਕਾਰਨਾ। ਫੇਰ ਮੈਂ ਤੁਹਾਨੂੰ ਬਹੁਤ ਦੁਖ ਪਹੁੰਚਾਇਆ ਹੈ ਨਾ"

"ਨਹੀਂ ਇਹ ਗਲ ਨਹੀਂ ਤੁਸੀਂ ਗਲਤ ਸੋਚ ਰਹੇ ਹੋ।"

"ਫਿਰ ਕੀ ਗਲ ਹੈ"

"ਇਹ ਦਰਦ ਤੇ ਗਮ ਦੀ ਸ਼ਰਾਬ ਜੋ ਅਸੀਂ ਵੱਖ ਵੱਖ ਪਿਆਲਿਆਂ ਵਿਚ ਪੀ ਰਹੇ ਹਾਂ ਉਸਦਾ ਰੰਗ ਵੀ ਇਕੋ ਹੈ ਤੇ ਸੁਰਾਹੀ ਵੀ ਇਕੋ। ਇਹ ਸਮਾਜ ਇਕ ਸੁਰਾਹੀ ਹੈ ਤੇ ਇਹ ਰਸਮਾਂ ਤੇ ਰਿਵਾਜਾਂ ਦੀ ਸ਼ਰਾਬ ਪਤਾ ਨਹੀਂ ਕਿੰਨੇ ਲੋਕ ਨਾ ਚਾਹੁਣ ਤੇ ਵੀ ਕਿਹੜਿਆਂ ਕਿਹੜਿਆਂ ਥਾਵਾਂ ਤੇ ਬੈਠੇ ਪੀ ਰਹੇ ਨੇ। ਇਹ ਨਜਾਇਜ਼ ਸ਼ਰਾਬ ਕੱਢਣ ਵਾਲੇ ਇਹ ਨਜਾਇਜ਼ ਸ਼ਰਾਬ ਵੇਚਣ ਵਾਲੇ ਇਹ ਨਜਾਇਜ਼ ਸ਼ਰਾਬ ਵਿਕਾਉਣ ਵਾਲਿਆਂ ਨੂੰ ਕਾਨੂੰਨ ਵੀ ਕੁਝ ਨਹੀਂ ਕਹਿੰਦਾ। ਇਹਨਾਂ ਦੀ ਵਾਰੀ ਸਾਡਾ ਕਾਨੂੰਨ ਸਾਡਾ ਇਨਸਾਫ ਵੀ ਚੁੱਪ ਹੋ ਜਾਂਦਾ ਹੈ।"

ਅਨੀਤਾ ਦਾ ਮਨ ਭਰ ਆਇਆ। ਅੱਖੀਆਂ 'ਚ ਕੋਈ ਜੁਆਰ-ਭਾਟਾ ਆ ਗਿਆ। ਪਰ ਉਹ ਇਸ ਸ਼ਰਾਬ ਵਰਗੇ ਕੌੜੇ ਪਾਣੀ ਨੂੰ ਬਾਹਰ ਨਹੀਂ ਸੀ ਕੱਢਣਾ ਚਾਹੁੰਦੀ ਮਤਾ ਉਹਦੀ ਰੂਹ ਦਾ ਨਸ਼ਾ ਘਟ ਜਾਵੇ।

ਉਸਨੇ ਗੱਲ ਦਾ ਰੂਪ ਬਦਲਦਿਆਂ ਕਿਹਾ

"ਇਹ ਪੰਜਾਬੀ ਦਾ ਰਸਾਲਾ ਵੇਖਿਆ ਸੀ। ਬਹੁਤ ਸੋਹਣੀ ਕਵਿਤਾ ਛਪੀ ਹੈ ਇਸ ਵਿਚ। ਕਹੋ ਤਾਂ ਸੁਣਾ ਦਿਆਂ ਪੜ੍ਹ ਕੇ।"

"ਜ਼ਰੂਰ"

"ਲਉ ਚਾਹ ਆ ਗਈ। ਪਹਿਲਾਂ ਚਾਹ ਦਾ ਪਿਆਲਾ ਫੜ ਲਉ।"

ਦੋਹਾਂ ਹੱਥਾਂ ਅੱਗੇ ਕਰਕੇ ਚਾਹ ਦੇ ਪਿਆਲੇ ਫੜ ਲਏ ਤੇ ਨੌਕਰ ਚਲਿਆ ਗਿਆ। ਅਨੀਤਾ ਨੇ ਸਾਹ ਦਾ ਘੁੱਟ ਭਰਦਿਆਂ ਕਿਹਾ

"ਸੁਣੋ। ਕਵਿਤਾ ਦੇ ਬੋਲ ਹਨ।"

ਇਹ ਕੈਸਾ ਆਲਮ ਹੈ।
ਦੁਨੀਆਂ ਬੜੀ ਜ਼ਾਲਮ ਹੈ।
ਤੂੰ ਇੰਨੀ ਉਦਾਸ ਨਾ ਹੋ।
ਤੂੰ ਇੰਨੀ ਬੇ ਆਸ ਨਾ ਹੋ।
ਮੈਂ ਯਾਰ ਪਛਾਣ ਲਿਆ।
ਮੈਂ ਪਿਆਰ ਪਛਾਣ ਲਿਆ।
ਤੇਰਾ ਦੁਖ ਨਹੀਂ ਸਹਿ ਸਕਦਾ।
ਤੈਨੂੰ ਆਪਣਾ ਨਹੀਂ ਕਹਿ ਸਕਦਾ।
ਕਹੋ, ਰਿਸ਼ਤੇ ਦਾ ਨਾਂ ਦੇਂਦਾ।
ਤੈਨੂੰ ਦਿਲ ਵਿਚ ਥਾਂ ਦੇਂਦਾ।

ਇਕ ਵਾਰੀ ਬੋਲ ਤਾਂ ਸਈ।
ਘੁੰਡੀ ਦਿਲ ਦੀ ਖੋਲ੍ਹ ਤਾਂ ਸਈ।
ਤੈਨੂੰ ਨੇੜਿਉਂ ਤੱਕਿਆ ਹੈ।
ਹੁਣ ਮੈਂ ਬੇਬਸ ਹੋ ਚਲਿਆ।
ਗਲ ਬਾਹਾਂ ਪਾ ਚਲਿਆ।
ਤੂੰ ਮੇਰਾ ਯਾਰ ਪੁਰਾਣਾ ਏ।
ਮੇਰੀ ਰੂਹ ਦਾ ਬਾਣਾ ਏ।
ਕਿਉਂ ਜਕਦਾ ਰਹਿੰਦਾ ਏ।
ਕੁਝ ਢਕਦਾ ਰਹਿੰਦਾ ਏ।
ਇੰਦਾ ਦੁਖ ਨਹੀਂ ਲੁਕਦੇ।
ਇੰਦਾ ਹੰਝੂ ਨਹੀਂ ਰੁਕਦੇ।
ਆ ਬਹਿ ਜਾ ਪਾਸ ਜ਼ਰਾ।
ਛੇੜ ਦਿਲ ਦਾ ਸਾਜ ਜ਼ਰਾ।

"ਸ਼ੁਕਰੀਆ ਅਨੀਤਾ ਜੀ"

"ਕੀਹਦੇ ਲਈ ਲਿਖੀ ਸੀ ਜਨਾਬ ਨੇ ਇਹ ਕਵਿਤਾ। ਲਿਖੀ ਤਾਂ ਤੁਹਾਡੀ ਹੀ ਹੈ ਮੈਂ ਤੁਹਾਡਾ ਨਾਂ ਪੜ੍ਹ ਲਿਆ ਹੈ ਹੁਣ ਝੂਠ ਨਾ ਬੋਲਣਾ"

"ਜੀ"

ਮੈਂ ਜਿਵੇਂ ਚੌਂਕ ਜਿਹਾ ਗਿਆ ਸਾਂ ਜਦੋਂ ਅਨੀਤਾ ਨੇ ਇਹੋ ਜਿਹਾ ਸਵਾਲ ਬਿਨਾਂ ਕਿਸੇ ਝਿਜਕ ਦੇ ਪੁੱਛ ਲਿਆ ਸੀ। ਦਿਲ ਵਿਚ ਸੋਚ ਰਿਹਾ ਸਾਂ ਕੁਝ ਕਹਿਣਾ ਤਾਂ ਪਏਗਾ ਝੂਠ ਬੋਲ ਨਹੀਂ ਹੋਣਾ। ਮੈਂ ਉਹਦੀ ਅੱਖਾਂ 'ਚ ਤੱਕ ਕੇ ਆਖਿਆ ਸੀ।

ਇਕ ਨਜ਼ਮ

ਆਉ —
ਇਸ ਤੋਂ ਪਹਿਲਾਂ
ਕਿ ਸ਼ਾਮ ਪੈ ਜਾਵੇ
ਘਰਾਂ ਨੂੰ ਪਰਤ ਜਾਈਏ
ਆਪਣਾ ਮਾਤਮ ਮਨਾਈਏ
ਤੇ ਆਪਣੇ ਹਉਕਿਆਂ ਸੰਗ
ਆਪਣੇ ਸੋਗ ਦੇ ਹੀ ਗੀਤ ਗਾਈਏ—
ਆਉ ਘਰਾਂ ਨੂੰ ਪਰਤ ਜਾਈਏ—

ਇਸ ਤੋਂ ਪਹਿਲਾਂ—
ਕਿ ਰਾਹਵਾਂ ਦੀ ਧੂੜ ਬਣ ਜੰਮ ਜਾਵੇ
ਤਨ 'ਤੇ ਖਰੇਪੜ
ਲੰਘ ਜਾਣ ਦਈਏ
ਹਵਾ ਦੇ ਵਰੋਲੇ
ਪਲ ਭਰ ਅਟਕ ਜਾਈਏ
ਨ ਚੁੱਪੀਂ ਬੀਤ ਜਾਈਏ—
ਆਉ ਘਰਾਂ ਪਰਤ ਜਾਈਏ—

ਇਸ ਤੋਂ ਪਹਿਲਾਂ ਕਿ ਮਨ ਦੇ
.ਕਿ ਮਨ ਦੇ ਵਿਹੜੇ 'ਚ ਉੱਗ ਆਏ
ਜੰਗਲ ਨੂੰ ਅੱਗ ਲਾਈਏ
ਤੇ ਆਪਣੇ ਅਣਜੰਮੇ ਬੱਚੇ ਦੀ
ਲੋਹੜੀ ਮਨਾਈਏ
ਨਪੁੱਤਰੇ ਮਰ ਜਾਈਏ
ਅਸੀਂ ਪਿਆਲੇ ਡੀਕ ਜਾਈਏ—
ਆਉ ਘਰਾਂ ਨੂੰ ਪਰਤ ਜਾਈਏ—

ਇਸ ਤੋਂ ਪਹਿਲਾਂ
ਕਿ ਉੱਗ ਆਵੇ
ਘਰ ਦੇ ਬੂਹੇ '
ਅਣਸਵਾਗਤ ਅਣਚਾਹਿਆ ਜੇਹਾ ਕੁੱਝ
ਜਾਂ ਉੱਗ ਆਵੇ ਉਡੀਕ
ਅਸੀਂ ਭਟਕ ਜਾਈਏ
ਆਉ ਅਸੀਂ ਪਰਤ ਆਈਏ
ਆਖਰ ਤਾਂ ਪਰਤਣਾ ਏਂ
ਘਰਾਂ ਨੂੰ ਪਰਤ ਜਾਈਏ—

ਕਵਿਤਾ

ਹੱਦੋਂ ਵੱਧ ਪਿਆਰੀ ਕੁੜੀਏ
ਐਵੇਂ ਨਹੀਂ ਰੁਸ ਜਾਈਦਾ।
ਰੋਸਿਆਂ ਦਾ ਨਹੀਂ ਮੌਸਮ ਚੰਗਾ
ਦਿਲ ਨੂੰ ਗ਼ਮ ਨਹੀਂ ਲਾਈਦਾ।...

ਖਮੋਸ਼ੀ ਦੇ ਜੰਗਲ ਵਿਚ ਕੁੜੀਏ
ਜੇ ਹਾਸੇ ਗੁੰਮ ਜਾਵਣ
ਸੱਜਣਾਂ ਬਾਝੋਂ ਲੱਭ ਨਹੀਂ ਹੁੰਦੇ
ਜੇ ਲੱਭਣ ਵੀ ਜਾਈਦਾ।...

ਇੱਛਾਵਾਂ ਦੀ ਬਸਤੀ ਵਿਚ ਕੁੜੀਏ
ਕਿੰਨਾ ਚਿਰ ਕੋਈ ਜੀ ਸਕਦਾ ਏ
ਹਰ ਪਲ ਆਪਣਾ ਹੋ ਨਹੀਂ ਸਕਦਾ
ਹੱਸ ਕੇ ਵਕਤ ਲੰਘਾਈਦਾ।...

ਛਾ ਜਾਵੇ ਰਾਹਵਾਂ 'ਤੇ ਕਾਲਖ
ਕੌਣ ਵਖਾਉਂਦੈ ਰਾਹ ਫੇਰ ਸੱਜਣੀ
ਆਪੇ ਹਿੰਮਤ ਆਪੇ ਜੇਰਾ
ਆਪਣਾ ਰਾਹ ਰੁਸ਼ਨਾਈਦਾ।...

ਛੱਡ ਖਮੋਸ਼ੀ, ਰੁਸਣਾ ਛੱਡ ਕੇ
ਪੈਰਾਂ ਨੂੰ ਹੁਣ ਤਰਨਾ ਦੱਸ
ਇੱਕੋ ਪੈਰੀਂ ਤੁਰ ਕੇ ਕੁੜੀਏ
ਮੰਜ਼ਿਲ 'ਤੇ ਪੁੱਜ ਜਾਈਦਾ।...

ਮਨਮੋਹਨ ਸਿੰਘ ਢਿੱਲੋਂ

ਸਰੋਦ ਸੁਦੀਪ

o

ਇਕ ਹੋਰ ਸੁਰਾਖ਼

ਕਾਹਨੂੰ ਸ਼ਰੀਕ ਹੋਣੈ
ਸਾਜ਼ਿਸ਼ ਵਿੱਚ
ਜਿਥੇ ਲੋਕ ਕਤਾਰਾਂ 'ਚ ਖੜ੍ਹੇ ਨੇ
ਕਿਤੇ ਹੋਰ ਥਾਂ ਚੱਲ
ਜਿਥੇ ਰਾਹ ਨੂੰ ਪੈਰਾਂ ਦੀ ਉਡੀਕ
ਜਿੱਥੇ ਮੁਹੱਬਤ ਦੀ ਬੰਦਗੀ ਹੈ
ਕਿਉਂ ਬੰਦ ਬੂਹੇ ਨੂੰ ਖੋਲ੍ਹੀਏ ?
ਕਿਉਂ ਨਾ ਇਕ ਹੋਰ ਸੁਰਾਖ਼
ਕੰਧ 'ਚ ਕਰ ਦਈਏ
ਤੇ ਆਪਣਾ ਸੂਰਜ ਤੱਕੀਏ।

ਨੀ ਮੈਂ ਬਦਲੀ ਬਣ-ਬਣ ਜਾਵਾਂ
ਸੱਜਣਾ ਨੂੰ ਧੁੱਪ ਨਾ ਲਗੇ।

ਸਾ ਹਿ ਤ ਦ ਰ ਪ ਣ

ਧਰਮ

ਜੋਗਾ ਸਿੰਘ ਭੰਗਲ

○

ਹਜ਼ਰਤ ਨੇ ਤਾਂ ਨਹੀਂ ਸੀ ਕਿਹਾ
ਧਰਮ ਲਈ ਇੰਝ ਕਤਲ ਕਰੋ !
ਲਾ ਦਿਉ ਅੱਗਾਂ, ਲੁਟ ਲਉ ਕਾਫਰਾਂ ਨੂੰ
ਢਾਹ ਕੇ ਮੰਦਿਰ, ਮਸਜਦਾਂ ਬਣਾ ਦਿਉ
ਅਸਲ ਵਿੱਚ ਹੁੰਦੇ ਨੇ ਇਹ ਧਰਮ ਦੇ ਕਾਤਲ
ਇਨਸਾਨੀਅਤ ਦੇ ਦੁਸ਼ਮਣ ।

'ਕਿਰਤ ਕਰੋ, ਵੰਡ ਕੇ ਛਕੋ'
ਬਾਬੇ ਨਾਨਕ ਦਾ ਫਰਮਾਨ ਸੀ
ਅੱਜ ਇਹ ਲੜ ਰਹੇ ਨੇ ਧਰਮ ਦੇ ਨਾ ਤੇ
ਇਹ ਤਾਂ ਖੈਰ ਇਕ ਜੁਦੀ ਗੱਲ ਏ—
ਇਨਸਾਨੀਅਤ ਲਈ ਲੜਨਾ ਕੋਈ ਹੋਰ ਗੱਲ ਏ ।

ਗੋਰੇ ਕਾਲੇ ਦਾ ਮਸੀਹ ਵਿਚਾਰੇ ਨੂੰ ਕੀ ਪਤਾ ਸੀ ।
'ਅਸੀਂ ਸਭ ਉਸੇ ਦੇ ਬੱਚੇ'
ਇਹੀ ਉਸਦਾ ਕਥਨ ਸੀ
"ਐ ਖੁਦਾ ਇਨ੍ਹਾਂ ਨੂੰ ਮਾਫ਼ ਕਰ ਦੇ,
ਇਹ ਵੀ ਤੇਰੇ ਹੀ ਬੱਚੇ"
ਸੂਲੀ ਤੇ ਚੜ੍ਹੇ ਦਾ ਵੀ ਇਹੀ ਬਚਨ ਸੀ ।

ਵਿਸ਼ਵ ਨਾਗਰਿਕ ਸੀ ਉਹ, ਸੁਕਰਾਤ
ਰੂੜ੍ਹੀਵਾਦੀਆਂ ਨੇ ਸਮਝਿਆ
ਇਹ ਏ ਬੜਾ ਖਰਾਬ

ਚਿੜ੍ਹ ਸੀ ਉਨ੍ਹਾਂ ਨੂੰ
ਇਹ ਡੱਡੂ ਖੂਹ ਚੋਂ ਬਾਹਰ
ਕਿਉਂ ਨਿਕਲਿਆ

ਪਲਾਉਂਦਾ ਸੀ ਉਹ ਅਮ੍ਰਿਤ
ਪੀ ਕੇ ਜ਼ਹਿਰ
ਲੜਿਆ ਸੀ ਸਚਾਈ ਲਈ
ਮਨੁਖਤਾ ਲਈ
ਜ਼ਿੰਦਾ ਏ ਇਸੇ ਲਈ ।

ਦੁਨੀਆਂ ਦਾ ਦਸਤੂਰ ਏ,
ਜਿਉਂਦਿਆਂ ਨੂੰ ਮਾਰਨਾ
ਮਰਿਆਂ ਹੋਇਆਂ ਨੂੰ ਪੂਜਣਾ ।

○

ਇਹ ਦੁਸ਼ਮਣੀ ਕਾਹਦੇ ਲਈ

ਦੋਸਤੀ ਦੀ ਮਿਹਰ ਸੀ
ਕਿ ਨਿਭ ਗਈ
ਦੋਸਤੀ ਦੀ ਮੌਜ ਹੈ
ਜੋ ਟੁੱਟ ਗਈ
ਇਹ ਦੁਸ਼ਮਣੀ ਕਾਹਦੇ ਲਈ ?

ਝੂਠ ਹੈ ਕਿ
ਮੈਂ ਤੇਰੇ ਲਈ ਤੜਪਿਆ
ਝੂਠ ਹੈ ਕਿ
ਤੂੰ ਮੇਰੇ ਲਈ ਝੂਰਿਆ
ਆਪੋ-ਆਪਣੀ ਲੋੜ ਸੀ, ਪੂਰੀ ਗਈ ।





...ਫ਼ਾਕਾ-ਸੰਧੂਰੀ, ਘੂਰਦੀਆਂ ਨਜ਼ਰਾਂ ਨੂੰ ਸਹਿਣਾ ਹੈ ਸਾਡੀ ਮਜਬੂਰੀ. ਫ਼ੋਟੋ: ਜਗਦੀਸ਼

"ਤੁਹਾਡੇ ਲਈ । ਕਿਉਂ ਕੋਈ ਇਤਰਾਜ਼ ਹੈ ?"

"ਫਿਰ ਪੜ੍ਹ ਕੇ ਸੁਣਾਈ ਨਹੀਂ ਸੀ ? ਮੈਨੂੰ ਦਿੱਤੀ ਨਹੀਂ ਸੀ ਪੜ੍ਹਨ ਲਈ" ਅਨੀਤਾ ਨੇ ਮੁਸਕਰਾਂਦਿਆਂ ਕਿਹਾ ।

"ਇਹ ਤਾਂ ਸ਼ਾਇਦ ਤੁਸੀਂ ਵੀ ਸਮਝਦੇ ਹੋ ।"

"ਸਮਝਦੀ ਹਾਂ ਇਹ ਸਮਝ ਹੀ ਤਾਂ ਤਪਦਿਕ ਵਾਂਗ ਮੇਰਾ ਅੰਦਰ ਖਾਈ ਜਾਂਦੀ ਹੈ ।

"ਅਨੀਤਾ ਜੀ । ਸਮਾਜ ਨੇ ਸਾਡੇ ਪੈਰਾ ਵਿਚ ਸੀਮਿੰਟ ਪਾ ਕੇ ਸਾਨੂੰ ਬੜੀ ਦੂਰ ਦੂਰ ਗੱਡ ਦਿੱਤਾ ਹੈ । ਅਸੀਂ ਸਿਰਫ ਇਕ ਦੂਜੇ ਨੂੰ ਮੇਹਰਬਾਨ ਨਜ਼ਰਾਂ ਨਾਲ ਤਕ ਸਕਦੇ ਪਰ ਕੁਝ ਕਹਿ ਨਹੀਂ ਸਕਦੇ ਜੇ ਪਹਿਲਾਂ ਮੈਨੂੰ ਤੁਹਾਡੀ ਜ਼ਿੰਦਾ ਦਿਲੀ ਦਾ ਹੁਣ ਜਿੰਨਾ ਅਹਿਸਾਸ ਹੁੰਦਾ ਤਾਂ ਮੈਂ ਜ਼ਰੂਰ ਇਹ ਕਵਿਤਾ ਤੁਹਾਨੂੰ ਸੁਣਾਂਦਾ । ਪਰ ਮਜਬੂਰ ਸਾਂ ਮੈਂ ਤੁਹਾਡਾ ਦਿਲ ਨਹੀਂ ਸਾਂ ਦੁਖਾਣਾ ਚਾਹੁੰਦਾ । ਇਸ ਲਈ ਇਹ ਬੇਹਤਰ ਨਹੀਂ ਸੀ ਸਮਝਿਆ ।"

"ਮੇਰਾ ਖਤ ਕਿਸ ਦਿਨ ਲਿਖ ਰਹੇ ਹੋ ?"

"ਕੀ ਗੱਲ ਇੰਤਜ਼ਾਰ ਨਹੀਂ ਕਰ ਸਕਦੇ"

"ਅੱਛਾ । ਵਕਤ ਹੋ ਗਿਆ । ਚੱਲੀਏ ਕੱਲ੍ਹ ਮਿਲਾਂਗੇ ਫਿਰ"

"ਇਕ ਮਿੰਟ, ਮੁਆਫ ਕਰਨਾ । ਇਹ ਖਤ ਲਿਖਿਆ ਸੀ ਰਾਤੀਂ ਤੁਹਾਡੇ ਲਈ ਜੇ ਚਾਹੋ ਤਾਂ ਲਿਜਾ ਸਕਦੇ ਹੋ । ਪਰ ਪੜ੍ਹਨਾ ਰਾਤ ਨੂੰ । ਪਰੌਮਿਸ ।"

"ਹਾਂ, ਸ਼ੁਕਰੀਆ ਹਜ਼ੂਰ ।"

ਖਤ ਨੂੰ ਬਟੂਏ ਵਿਚ ਪਾਉਂਦੀ ਅਨੀਤਾ ਚਲੀ ਗਈ ।

ਸ਼ਾਮ ਨੂੰ ਸਾਰੇ ਕੰਮ ਤੋਂ ਜਲਦੀ ਹੀ ਵੇਹਲੀ ਹੋ ਕੇ, ਚਾਹ ਦਾ ਪਿਆਲਾ ਲੈ ਕੇ ਅਨੀਤਾ ਚੁਬਾਰੇ ਵਿਚ ਚਲੀ ਗਈ ਤੇ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ ਤੇ ਮੱਧਮ ਜੇਹੀ ਬੱਤੀ ਜਗਾ ਲਈ । ਉਹਦੇ ਚੇਹਰੇ ਤੇ ਹਲਕੀ ਜਿਹੀ ਲਾਲੀ ਸੀ ਜੋ ਕਮਰੇ ਦੇ ਮੱਧਮ ਜਿਹੇ ਹਨੇਰੇ ਵਿਚ ਵੀ ਦੇਖੀ ਜਾ ਸਕਦੀ ਸੀ । ਉਸਨੇ ਲਫਾਫਾ ਖੋਹਲਿਆ ਤੇ ਨਿਗਾਹ ਅੱਖਰਾਂ ਤੇ ਟਿਕਾਈ । ਉਹਨੂੰ ਇਉਂ ਲੱਗਿਆ ਜਿਵੇਂ ਅੱਖਰ ਰੇਡੀਅਮ ਵਾਂਗ ਚਮਕ ਰਹੇ ਸਨ । ਲਿਖਿਆ ਹੋਇਆ ਸੀ ।

ਮੇਰੇ ਰਾਜ਼ਦਾਰ,

ਜ਼ਿੰਦਗੀ ਦੀ ਰਾਤ ਬੜੀ ਹਨੇਰੀ ਹੈ । ਮੈਂ ਮੁੱਦਤਾਂ ਤੋਂ ਹੀ ਇਕੱਲਾ ਹੀ ਇਸ ਹਨੇਰੇ ਵਿਚ ਠੋਕਰਾਂ ਖਾਂਦਾ ਰਿਹਾ ਹਾਂ ਤੇ ਲਹੂ ਲੁਹਾਣ ਪੈਰਾਂ ਨਾਲ ਚਲਦਾ ਰਿਹਾ ਹਾਂ । ਮੈਂ ਜ਼ਿੰਦਗੀ ਦੀ ਇਸ ਹਨੇਰੀ ਰਾਤ ਵਿਚ ਪਿਆਰ ਦੀ ਰੋਸ਼ਨੀ ਦੀ ਤਲਾਸ਼ ਤਿਆਗ ਦਿੱਤੀ ਸੀ । ਸਿਰਫ ਇਕ ਕਿਆਸ ਦਿਲ ਵਿਚ ਲੈ ਕੇ ਚਲ ਰਿਹਾ ਸਾਂ ਕਿ ਜਿਥੇ ਜ਼ਿੰਦਗੀ ਦਾ ਹਨੇਰਾ ਖਤਮ ਹੁੰਦਾ ਹੈ ਉਸ ਲਕੀਰ ਤੋਂ ਅਗਲੇ ਪਾਰ ਮੌਤ ਦਾ ਸੂਰਜ ਉਚਾ ਉਠਦਾ ਨਜ਼ਰ ਆਉਂਦਾ ਹੋਵੇਗਾ । ਪਰ ਅੱਜ ਤੇਰੀ ਮਹੁੱਬਤ ਦੀ ਇਕ ਚਿਣਗ ਨੇ ਮੇਰੀਆਂ ਸਾਰੀਆਂ ਹਾਹਾਂ ਰੋਸ਼ਨਾ ਦਿੱਤੀਆਂ । ਹਰ ਪਾਸੇ ਚਾਨਣ ਹੀ ਚਾਨਣ ਹੈ ਅੱਜ ਮੇਰੇ ਤਨਹਾ ਮਨ ਨੂੰ ਤੇਰੀ ਰੂਹ ਦਾ ਸਾਥ ਲੱਭ ਗਿਆ ਹੈ । ਮੈਨੂੰ ਮੰਜ਼ਲ ਤੇ ਕੋਈ ਸ਼ਿਕਵਾ ਨਹੀਂ । ਅੱਜ ਤੋਂ ਤੂੰ ਹਰ ਮੋੜ, ਹਰ ਪੜਾਅ ਹਰ ਥਾਂ ਹਰ ਪਲ ਮੇਰੇ ਸਾਥ ਹੋਵੇਗੀ । ਅਸੀਂ ਤੰਗ ਦਿਲ ਦੁਨੀਆਂ ਦੀਆਂ ਸੌੜੀਆਂ ਕਦਰਾਂ ਕੀਮਤਾਂ ਤੋਂ ਉਚਾ ਉਠਕੇ ਮਿਲੇ ਹਾਂ । ਉਮੀਦ ਕਰਦਾ ਹਾਂ ਸਾਡੀ ਪਰਵਾਜ਼ ਪਰਵਾਨ ਚੜ੍ਹੇਗੀ । ਅਸੀਂ ਸਦਾ ਤੋਂ ਜਿਸਮਾਂ ਦੀ ਤਰ੍ਹਾਂ ਨਹੀਂ ਬਲਕਿ ਦੋ ਪਾਕ ਰੂਹਾਂ ਦੀ ਤਰ੍ਹਾਂ ਮਿਲਿਆ ਕਰਾਂਗੇ । ਜਿਸ ਮਿਲਨ ਵਿਚ ਕੌੜੇ ਕੁਸੈਲੇ ਗਮ ਨਹੀਂ ਸਗੋਂ ਮੁਹੱਬਤ ਦੇ ਫੁੱਲਾਂ ਦੀ ਖੁਸ਼ਬੋ ਹੋਇਆ ਕਰੇਗੀ । ਇਨਾ ਲਿਖਦਾ ਹੋਇਆ ਮੁਆਫੀ ਚਾਹਾਂਗਾ ।

ਰਾਜ਼।

"ਉਹ ਮੇਰੇ ਰਾਜ਼" ਕਹਿੰਦਿਆਂ ਅਨੀਤਾ ਨੇ ਰਜ਼ਾਈ ਖਿਚ ਕੇ ਮੂੰਹ ਤੇ ਕਰ ਲਈ ਤੇ ਹੰਝੂਆਂ ਦਾ ਪਾਣੀ ਸਰਹਾਣੇ ਨੇ ਫੋਹੇ ਵਾਂਗ ਚੂਸ ਲਿਆ । ਅਨੀਤਾ ਬੜੀ ਦੇਰ ਬਾਅਦ ਰੋਈ ਸੀ । ਉਹਨੂੰ ਇਉਂ ਲੱਗਦਾ ਹੁੰਦਾ ਸੀ ਜਿਵੇਂ ਉਹਦੀਆਂ ਅੱਖਾਂ ਵਿਚ ਅੱਥਰੂ ਪਥਰਾ ਗਏ ਸਨ । ਉਹਨੂੰ ਇਉਂ ਮਹਿਸੂਸ ਹੋ ਰਿਹਾ ਸੀ ਜਿਵੇਂ ਅਜ ਹੰਝੂਆਂ ਦੇ ਪਾਣੀ ਨੇ ਉਹਦੇ ਮਨ ਵਿਚ ਧੁਖਦੀ ਅੱਗ ਨੂੰ ਸ਼ਾਂਤ ਕਰ ਦਿੱਤਾ ਹੋਵੇ ਅਨੀਤਾ ਕੁਝ ਸੋਚਦੀ ਸੋਚਦੀ ਡੂੰਘੀ ਨੀਂਦ ਸੌਂ ਗਈ ।

ਦੋ ਮਿੰਨੀ ਕਹਾਣੀਆਂ : ਕੁਰਬਾਨੀ ਤੇ ਸੁਆਰਥ

ਸੁਖਪਾਲ

ਲੇਖਕ ਉਸਦਾ ਕੋਈ ਗੂੜ੍ਹਾ ਦੋਸਤ ਵੀ ਨਹੀਂ ਸੀ । ਐਵੇਂ ਥੋੜੀ ਜਿਹੀ ਜਾਣ ਪਿਛਾਣ ਸੀ । ਕੰਮਾਂ ਕਾਰਾਂ ਦੇ ਦਿਨ ਸਨ ਜਦੋਂ ਉਸਦੀ ਮਾਂ ਸਖਤ ਬੀਮਾਰ ਪੈ ਗਈ । ਕੋਈ ਉਸ ਨਾਲ ਦੁਖ ਵੰਡਾਉਣ ਨਾ ਆਇਆ । ਲੇਖਕ ਨੇ ਆਪਣਾ ਸਾਰਾ ਕੰਮ ਛੱਡ ਕੇ ਉਸਦੀ ਪੂਰੀ ਮੱਦਦ ਕੀਤੀ, ਉਸਦੀ ਮਾਂ ਦੀ ਆਪਣੀ ਮਾਂ ਵਾਂਗ ਦੇਖਭਾਲ ਕੀਤੀ । ਉਹ ਬੜਾ ਹੈਰਾਨ ਸੀ ਕਿ ਲੇਖਕ ਕਿੰਨਾ ਚੰਗਾ ਆਦਮੀ ਹੈ । ਇਕ ਦਿਨ ਐਵੇਂ ਗੱਲਾਂ ਗੱਲਾਂ ਵਿਚ ਗੱਲ ਨਿਕਲ ਤੁਰੀ ਜਦੋਂ ਉਸਨੇ ਲੇਖਕ ਨੂੰ ਪੁੱਛਿਆ :

"ਯਾਰ, ਜਦੋਂ ਕੋਈ ਨਾ ਬਹੁੜਿਆ ਤੂੰ ਮੇਰੀ ਮੱਦਦ ਕੀਤੀ । ਤੂੰ ਸੱਚ ਮੁਚ ਬਹੁਤ ਚੰਗਾ ਏਂ । ਕੀ ਸਾਰੇ ਲੇਖਕ ਇੰਨੇ ਚੰਗੇ ਹੁੰਦੇ ਨੇ ।"

"ਛੱਡ ਪਰ੍ਹੇ, ਇੰਦਾਂ ਦੀਆਂ ਗੱਲਾਂ ਨਹੀਂ ਸੋਚੀਦੀਆਂ ।" ਲੇਖਕ ਨੇ ਉਬਾਸੀ ਲੈਂਦੇ ਹੋਏ ਜੁਆਬ ਦਿੱਤਾ ।

"ਕਿਉਂ ਨਹੀਂ ਸੋਚੀਦੀਆਂ ਹੁੰਦੀਆਂ ? ਹੋਰ ਕੋਈ ਨਾ ਬਹੁੜਿਆ ? ਤੂੰ ਆਪਣੇ ਸਾਰੇ ਕੰਮ ਛੱਡ ਕੇ ਮੇਰੀ ਮੱਦਦ ਕੀਤੀ । ਕੀ ਇਹ ਤੇਰੀ ਕੁਰਬਾਨੀ ਨਹੀਂ ? ਤੇਰਾ ਕਿਹੜਾ ਇਸ ਵਿਚ ਕੋਈ ਸਵਾਰਥ ਸੀ ।"

"ਮੈਨੂੰ ਨਹੀਂ ਪਤਾ ।"

"ਤੂੰ ਦੱਸ ਤੂੰ ਮੇਰੀ ਮੱਦਦ ਕਿਉਂ ਕੀਤੀ ?" ਉਹ ਇਕ ਤਰ੍ਹਾਂ ਨਾਲ ਲੇਖਕ ਦੇ ਖਹਿੜੇ ਹੀ ਪੈ ਗਿਆ ਸੀ ।

ਲੇਖਕ ਆਪਣੀਆਂ ਭਵਾਂ ਤਣਦਾ ਹੋਇਆ ਬੋਲਿਆ

"ਸੁਣ, ਮੇਰੀ ਇਕ ਕਹਾਣੀ ਲੰਬੇ ਸਮੇਂ ਤੋਂ ਅਧੂਰੀ ਪਈ ਸੀ । ਉਸਨੂੰ ਪੂਰੀ ਕਰਨ ਲਈ ਮੈਨੂੰ ਪਤਾ ਕਰਨਾ ਪੈਣਾ ਸੀ ਕਿ ਜਦੋਂ ਕੋਈ ਮਾਂ ਮੌਤ ਦੇ ਕਰੀਬ ਹੁੰਦੀ ਹੈ ਤਾਂ ਉਹ ਕਿਸ ਤਰਾਂ ਦੀ ਲੱਗਦੀ ਹੈ ਤੇ ਉਸਦੇ ਪੁੱਤਰ ਕਿਸ ਤਰ੍ਹਾਂ ਸੋਚਦੇ ਹਨ । ਸੋ ਮੈਂ ਪਤਾ ਕਰ ਲਿਆ । ਹੁਣ ਤੂੰ ਇਸ ਨੂੰ ਕੁਰਬਾਨੀ ਕਹਿ ਜਾਂ ਸੁਆਰਥ ਮੈਨੂੰ ਕੀ ।"

ਬੜੀ ਬੇਪਰਵਾਹੀ ਵਿਚ ਲੇਖਕ ਮੁਸਕਰਾਇਆ ।

ਆਪਣਾ ਆਪਣਾ ਫ਼ਿਕਰ

ਕਾਮਰੇਡ ਦੇ ਘਰ ਵਾਲੀ ਬੜੀ ਦੁਖੀ ਸੀ । ਬਾਕੀ ਦੁਖਾਂ ਦੇ ਸੰਗ ਇਕ ਦੁਖ ਹੋਰ ਵੀ ਜੁੜ ਰਿਹਾ ਸੀ ਕਿ ਉਸਦੇ ਘਰ ਵਾਲਾ ਜਾਣੀ ਕਾਮਰੇਡ ਦੁਖੀ ਨਹੀਂ ਸੀ ਦਿਖ ਰਿਹਾ । ਉਹ ਉਸਦੀ ਬਾਂਹ ਵਿਚ ਬਾਂਹ ਪਾ ਕੇ ਰੋਜ਼ ਵਾਂਗ ਟਹਿਲਦਾ ਹੋਇਆ ਕੋਈ ਗੀਤ ਗੁਣਗੁਣਾ ਰਿਹਾ ਸੀ । ਉਸਦੀ ਤਾਂ ਵੱਢਿਆਂ ਵੀ ਰੂਹ ਨਹੀਂ ਸੀ ਕਰਦੀ ਅੱਜ ਸੜਕ ਕਿਨਾਰੇ ਟਹਿਲਣ ਨੂੰ, ਪਰ ਕਾਮਰੇਡ ਇਕ ਤਰ੍ਹਾਂ ਨਾਲ ਜ਼ਬਰਦਸਤੀ ਹੀ ਉਸਨੂੰ ਲੈ ਆਇਆ ਸੀ । ਉਹ ਅਚਾਨਕ ਹੀ ਕਾਮਰੇਡ ਦੇ ਹੱਥ ਚੋਂ ਆਪਣਾ ਹੱਥ ਛਡਾਉਂਦੀ ਹੋਈ ਬੋਲੀ :

"ਤੁਸੀਂ ਖੁਸ਼ ਕਿਉਂ ਹੋ ?"

"ਤੂੰ ਦੁਖੀ ਕਿਉਂ ਏਂ ?" ਕਾਮਰੇਡ ਨੇ ਮੋੜਵਾਂ ਸੁਆਲ ਕੀਤਾ ।

"ਦੁਖੀ ਕਿਉਂ ਹਾਂ ? ਦੋਨੋਂ ਮੁੰਡੇ ਇਮਤਿਹਾਨ ਚੋਂ ਫੇਲ੍ਹ ਹੋ ਗਏ । ਤੁਹਾਨੂੰ ਨੌਕਰੀ ਚੋਂ ਕੱਢ ਦਿੱਤਾ ਗਿਆ । ਤੁਹਾਡੀ ਮਾਂ ਹਸਪਤਾਲ ਵਿਚ ਬੀਮਾਰ ਪਈ ਹੈ — ਹੋਰ ਦੁਖੀ ਹੋਣੀ ਲਈ ਕੀ ਚਾਹੀਦਾ ਹੈ ?"

ਕਾਮਰੇਡ ਔਰਤ ਦਾ ਮੋਢਾ ਥਪਥਪਾਉਂਦਾ ਹੋਇਆ ਬੋਲਿਆ,
"ਸ਼ੁਕਰ ਕਰ, ਥਰਡ ਵਰਲਡ ਵਾਰ(ਤੀਜਾ ਸੰਸਾਰ ਯੁਧ) ਅੱਜ ਵੀ ਨਹੀਂ ਲੱਗੀ ।"

ਲਿਖ ਦਿਆਂਗੀ ਤੇਰੇ ਨਾਂ .....

ਭੁਪਿੰਦਰਜੀਤ ਬੱਗਾ, ਨਵੀਂ ਦਿੱਲੀ

ਕਰ ਦਿਆਂਗੀ ਤੇਰੇ ਨਾਂ.
ਆਪਣੇ ਸੱਜਰੇ ਜਿਸਮ ਦੀ ਰਜਿਸਟਰੀ ।
ਤੇ ਲਿਖ ਦਿਆਂਗੀ .....
ਨੀਲੇ ਅਕਾਸ਼ੋ ਧਰਤੀ ਤੱਕ ਦੇ
ਖਲਾਅ ਦੇ ਜਿਸਮ ਦਾ ਅੱਧ
ਆਪਣੇ ਦੋਵਾਂ ਪੈਰਾਂ ਵਿਚਲੀ ਧਰਤੀ ਦਾ ਟੋਟਾ
ਸੋਨ ਰੰਗੇ ਮੱਥੇ ਦੀਆਂ ਲਕੀਰਾਂ,
ਸਾਹ ਰਗ ਦਾ ਵਿਸ਼ੇਸ਼ ਹਿਸਾ
ਦੋਵਾਂ ਦੀਦਿਆਂ ਦੀ ਲੋਅ,
ਉਮਰਾਂ ਦਾ ਅਥਾਹ ਅਕਹਿ ਸੁਮੰਦਰ
ਘਰ ਲੱਗੇ ਮਾਖਿਓਂ ਦਾ ਛੱਤਾ
ਸਰਵਣ ਦੀ ਵਹਿੰਗੀ ਤੇ ਖਿਤੀਆਂ ਸਮੇਤ
ਅਸਮਾਨੀ ਤਾਰਿਆਂ ਦਾ ਝੁੰਡ,
ਪੂਰੇ ਦਾ ਪੂਰਾ ਚੰਨ ਤੇ ਸੂਰਜ,
ਉਹ ਵੀ ਦੀਵੇ ਜੋ ਪੋਟਿਆਂ ਤੇ ਬਾਲਦੀ ਸਾਂ,
ਆਪ ਰਹਿ ਲਵਾਂਗੀ ਸਰਾਪੇ ਹਨੇਰੇ 'ਚ ।
ਲਿਖ ਦਿਆਂਗੀ ਸਰੂ ਦੇ ਬੂਟੇ ਦੀ ਹਰਿਆਲੀ,
ਛਾਤੀ ਵਿਚਲੇ ਦੁੱਧ ਦੀ ਚਟਿਆਈ,
ਤੇ ਜਿਗਰ ਦੇ ਖੂਨ ਦੀ ਲਾਲੀ,
ਤੇਰੇ ਲੇਖੇ ਆਪਣੇ ਵਾਲਾਂ ਦਾ,
ਬਰੀਕ ਮੰਜਾ ਲਾ ਦਿਆਂਗੀ,
ਚਮੜੀ ਵੀ ਚਾਹੇ ਵਿਛਾਉਣ ਲਈ ਲੈ ਜਾਈਂ,
ਪਰ ਉਚੇ ਮੁਨਾਰੇ ਦੀਆਂ,
ਸੋਨ ਚਿੜੀਆਂ ਪਿਛੇ ਨਾ ਲੱਗੀਂ,
ਮੈਂ ਵਿਖਾ ਸਕਦੀ ਹਾਂ
ਤਪਦੇ ਤੰਦੂਰ 'ਚ
ਬਣਾ ਰਹੀਆਂ ਚਿੜੀਆਂ ਦਾ ਆਲ੍ਹਣਾ,
ਆਪਣੇ ਸਾਥ ਦਾ ਬਿਆਨਾ ਲਿਖ ਭੇਜੀ
ਮੈਨੂੰ ਨੌ ਗ੍ਰਹਿਆਂ ਦੀ ਸੁੰਹ,
ਸਭ ਕੁਝ ਲਿਖ ਦਿਆਂਗੀ
ਚੀਚੀ ਚੋਂ ਖੂਨ ਕੱਢ
ਪਰ ਤੂੰ ਆਪਣੀ ਪਰਵਾਨਗੀ ਤੋਂ,
.ਪਰ ਤੂੰ ਆਪਣੀ ਮਰਦਾਨਗੀ ਤੋਂ,
ਬਦਲੀ ਨ ਪ੍ਰਛਾਵੇਂ ਵਾਂਗੂੰ
ਇਹ ਤਾਂ ਧੁੱਪਾਂ ਦੇ ਮੁਥਾਜ ਹੁੰਦੇ ਨੇ ।

ਧਰਤੀ ਵੰਡ ਲਈਏ

ਮੈਂ ਤਾਂ ਮਾਂ ਦੇ ਗਰਭ ਚੋਂ,
ਨਿਕਲਦਿਆਂ ਹੀ,
ਆਦਮ ਕੱਦ ਸ਼ੀਸ਼ੇ ਮੂਹਰੇ,
ਕਸਮ ਖਾਈ ਸੀ,
ਕਦਮ 'ਚ ਧਰਤੀ ਕਾਬਜ਼ ਹੋਵੇਗੀ
ਤੇ ਅੱਧੀ ਤੈਨੂੰ ਤਕਸੀਮ ਕਰ ਦੇਵਾਂਗੀ,
ਪਰ ਬੇ ਕੂਫ ਲੋਕਾਂ ਪਿਛੇ ਨਹ ਲੱਗੀਂ,
ਜੋ ਪਾਟੀਆਂ ਜੇਬਾਂ 'ਚ ਮਾਰੂਥਲ ਦੇ
ਗੁਪਤ ਅੰਗਾਂ ਨੂੰ ਸਦੀਆਂ ਭਰ,
ਕੈਦ ਕਰਨਾ ਚਾਹੁੰਦੇ ਨੇ,
ਉਹ ਤਾਂ ਕਿਰ ਜਾਣਗੇ,
ਰੇਤ ਦੇ ਕਿਣਕਿਆਂ ਵਾਂਗੂੰ ।
ਮੈਂ ਤਾਂ ਇੰਨਾ ਆਖਿਆ ਸੀ,
ਹਰ ਕੋਈ ਆਪਣਾ ਨੰਗੇਜ,
ਨੰਗੀਆਂ ਅੱਖਾਂ ਨਾਲ ਨਹੀਂ ਵਿਖਾਉਣਾ ਚਾਹੁੰਦਾ
ਤੇ ਜਦ ਤੂੰ ਮੁੜਕਰ ਹੋ ਗਿਆ ਸੈਂ,
ਤਾਂ ਮੈਂ ਗਰਭ ਵਿਚਲੇ,
ਟਾਪੂ ਦਾ ਹਵਾਲਾ ਦਿੱਤਾ,
ਤਾਂ ਤੂੰ ਨਦੀ ਦੇ ਪਾਣੀ ਵਾਂਗ,
ਸਾਫ ਬਰੀ ਹੋ ਗਿਆ,
ਤੇ ਮੈਂ ਬੱਦਲ ਦੇ ਗੋਹੜੇ ਵਾਂਗੂੰ
ਖਿਸਕ ਗਈ ਸਾਂ
ਮੰਨਿਆ ਕਿ ਗੱਡੀ ਵੇਖ
ਪੈਰ ਭਾਰੇ ਹੋ ਜਾਂਦੇ ਨੇ
ਬੀਹੀ ਤੋਂ ਬੀਹੀ ਦਾ ਪੈਂਡਾਂ
ਤੇਰੇ ਪੈਰਾਂ ਤੇ ਮੇਰੀਆਂ ਪਾਟੀਆਂ ਬਿਆਈਆਂ ਨੂੰ
ਅਜੇ ਚੇਤੇ ਹੈ ।
ਜੇ ਤੂੰ ਮੇਰੇ ਤੱਕ ਨਹੀਂ ਆਉਣਾ ਤਾਂ
ਅੱਧੀ ਧਰਤੀ ਵੰਡ ਲਈ—
ਕਿਉਂਕਿ ਤੇਰੇ ਪੈਰਾਂ ਨੂੰ ਵੀ ਲੋੜ ਹੋਵੇਗੀ
ਕਿਸੇ ਸੁੰਦਰ ਟਾਪੂ ਦੀ ਛੁਹ ਪ੍ਰਾਪਤ ਕਰਨ ਦੀ ।

ਮੇਰਾ ਅਖਤਿਆਰ ਸਿਰਫ ਬਗ਼ਾਵਤ ਹੈ ।
—ਸਿਕੰਦਰ ਮਿਰਜ਼ਾ

ਸ਼ੇਰ ਜੰਗ ਜਾਂਗਲੀ ਵੈਨਕੂਵਰ ਵਿਚ



'ਦੇਸ ਪ੍ਰਦੇਸ' ਦੇ ਸਹਾਇਕ ਸੰਪਾਦਕ ਤੇ ਪੰਜਾਬੀ ਦੇ ਹਾਸਰਸ ਦੇ ਬਾਦਸ਼ਾਹ ਸ਼ੇਰਜੰਗ ਜਾਂਗਲੀ ਅੱਜ ਕੱਲ੍ਹ ਵੈਨਕੂਵਰ ਵਿਚ ਹਨ। ਸ਼ੇਰਜੰਗ ਜਾਂਗਲੀ ਮੋਗੇ ਦੇ ਰਹਿਣ ਵਾਲੇ ਹਨ ਅਤੇ ਪ੍ਰਸਿੱਧ ਹਾਸਰਸ ਲੇਖਕ ਕਨ੍ਹਈਆ ਲਾਲ ਕਪੂਰ ਦੇ ਸ਼ਗਿਰਦ ਰਹੇ ਹਨ। ਮੋਗੇ ਨੇ ਸ਼੍ਰੀ ਕਪੂਰ ਤੋਂ ਪਿਛੋਂ ਤਿੰਨ ਹਾਸਰਸ ਲੇਖਕ ਪੰਜਾਬੀ ਪਿੜ ਵਿਚ ਲਿਆਂਦੇ ਹਨ - ਗੁਰਨਾਮ ਸਿੰਘ ਤੀਰ, ਸ਼ੇਰ ਜੰਗ ਜਾਂਗਲੀ ਤੇ ਕੇ. ਐਲ. ਗਰਗ। ਪਿਛਲੇ ਦੋ ਦਹਾਕਿਆਂ ਤੋਂ ਆਪ ਇੰਗਲੈਂਡ ਵਿਚ ਹਨ ਅਤੇ ਪੰਜਾਬੀ ਬੋਲੀ ਦੀ ਤਰੱਕੀ ਲਈ ਸਦਾ ਯਤਨਸ਼ੀਲ ਰਹੇ ਹਨ। ਅਸੀਂ ਵੈਨਕੂਵਰ ਵਿਚ ਉਨ੍ਹਾਂ ਦੇ ਆਉਣ ਦਾ ਸੁਆਗਤ ਕਰਦੇ ਹਾਂ। ਉਹ ਇਨਾਂ ਦਿਨਾਂ ਵਿਚ ਪੰਜਾਬੀ ਦੇ ਸਭ ਲੇਖਕਾਂ ਨੂੰ ਮਿਲਣ ਦੇ ਯਤਨਾਂ ਵਿਚ ਹਨ। ਉਨ੍ਹਾਂ ਨੂੰ ਮਿਲਣ ਲਈ ਤੁਸੀਂ ਹੇਠ ਲਿਖੇ ਫੋਨ ਤੇ ਪਤਾ ਕਰ ਸਕਦੇ ਹੋ:- 327-5796। ਉਹ 7 ਅਕਤੂਬਰ ਤੱਕ ਵੈਨਕੂਵਰ ਵਿਚ ਰਹਿਣਗੇ।

ਚੋਰ ਦੀ ਚਿੱਠੀ-ਕਹਾਣੀਕਾਰ ਦੇ ਨਾਂ

ਸ਼ੇਰਜੰਗ ਜਾਂਗਲੀ

ਅਜ ਤੇਰੀ ਕਹਾਣੀ 'ਕਮੀਨਾ ਚੋਰ' ਸਪਤਾਹਿਕ "ਭੜਾਸ" ਵਿਚ ਪੜ੍ਹੀ। ਤੂੰ ਲਿਖਿਆ ਹੈ ਕਿ ਕੋਈ ਕਮੀਨਾ ਚੋਰ ਤੇਰੇ ਘਰੋਂ ਪੰਜਾਹ ਰੁਪਏ, ਤੇਰੀ ਪਤਨੀ ਦਾ ਹਾਰ ਤੇ ਤੇਰਾ ਬਟੂਆ ਚੋਰੀ ਕਰ ਕੇ ਲੈ ਗਿਆ ਹੈ। ਤੂੰ ਇਹ ਵੀ ਲਿਖਿਆ ਹੈਕਿ ਤੈਨੂੰ ਇਹਨਾ ਚੋਰੀ ਹੋਈਆਂ ਚੀਜਾਂ ਦਾ ਕੋਈ ਦੁਖ ਨਹੀਂ ਹੋਇਆ, ਬਲਕਿ ਇਸ ਗੱਲ ਦਾ ਅਫਸੋਸ ਹੈਕਿ ਉਹ ਕਮੀਨਾ ਚੋਰ ਤੇਰੇ ਕੁਝ ਕਾਗਜ ਵੀ ਚੋਰੀ ਕਰਕੇ ਲੈ ਗਿਆ ਹੈ ਜੋ ਕਿ ਬਟੂਏ ਵਿਚ ਸਨ।

ਕਹਾਣੀ ਲਿਖ ਕੇ ਤੂੰ ਤਾਂ ਭੜਾਸ ਕਢ ਲਈ, ਪਰ ਹੁਣ ਮੇਰੀ ਵਾਰੀ ਹੈ। ਕਹਾਣੀਕਾਰ ਦੇ ਬੱਚੇ (ਮੁਆਫ ਕਰੀਂ ਯਾਰ, ਇਸ ਵੇਲੇ ਕੁਝ ਜਿਆਦਾ ਹੀ ਗੁੱਸੇ ਵਿਚ ਹਾਂ) ਮੈਂ ਪੁਛਦਾ ਹਾਂ ਚੋਰ ਕੌਣ ਹੈ, ਤੂੰ ਜਾਂ ਮੈਂ? ਜੇ ਤੇਰੇ ਵਿਚ ਥੋੜ੍ਹੀ ਬਹੁਤ ਵੀ ਸ਼ਰਮ ਹੁੰਦੀ ਤਾਂ ਤੂੰ ਕਹਾਣੀ ਲਿਖਣ ਦੀ ਬਜਾਏ ਚੱਪਨੀ 'ਚ ਨੱਕ ਡਬੋ ਕੇ ਮਰ ਜਾਂਦਾ। ਜੇ ਤੂੰ ਅੱਗੇ ਤੋਂ ਵੀ ਅਜੇਹੀ ਹੀ ਬਕਵਾਸ ਅਤੇ ਬੇਅਰਥ ਕਹਾਣੀਆਂ ਲਿਖਣੀਆਂ ਹਨ ਤਾਂ ਮੈਂ ਤੈਨੂੰ ਇਕ ਨੇਕ ਮਸ਼ਵਰਾ (ਮੁਫਤ) ਦੇਣਾ ਚਾਹੁੰਦਾ ਹਾਂ ਕਿ ਤੂੰ ਪਾਨਾਂ ਸਿਗਰਟਾਂ ਦੀ ਦੁਕਾਨ ਖੋਹਲ ਲੈ, ਘਟ ਤੋਂ ਘਟ ਲੋਕ ਤੇਰੀਆਂ ਕਹਾਣੀਆਂ ਦੀ ਥਾਂ ਸਿਗਰਟਾਂ ਹੀ ਫੂਕਿਆ ਕਰਨਗੇ।

ਸਭ ਤੋਂ ਪਹਿਲਾਂ ਤਾਂ ਮੈਂ ਤੈਨੂੰ ਇਹ ਦੱਸਨਾ ਚਾਹੁੰਦਾ ਹਾਂ ਕਿ "ਭੜਾਸ" ਦਾ ਐਡੀਟਰ ਚੋਰ ਹੈ। ਇਸ ਗੱਲ ਤੋਂ ਤਾਂ ਤੂੰ ਵੀ ਇਨਕਾਰ ਨਹੀਂ ਕਰ ਸਕਦਾ ਕਿ ਭੜਾਸ ਵਧ ਤੋਂ ਵਧ ਪੰਜ ਸੌ ਛਪਦਾ ਹੈ ਤੇ ਉਹ ਲੋਕਾਂ ਨੂੰ ਪੰਜ ਹਜਾਰ ਦਸਦਾ ਹੈ। ਮੈਨੂੰ ਕੀ ਭਾਵੇਂ ਪੰਜਾਹ ਹਜਾਰ ਦੱਸੇ। ਪਰ ਇਸ ਦਾ ਕੀ ਜੁਵਾਬ ਹੈ ਕਿ ਉਹ ਪੰਜ ਹਜਾਰ ਅਖਬਾਰ ਦਾ ਕੋਟਾ ਲੈ ਕੇ ਕਾਗਜ ਚੋਰੀ ਚੋਰੀ ਬਲੈਕ ਵਿਚ ਵੇਚ ਦਿੰਦਾ ਹੈ। ਮੈਂ ਤਾਂ ਸਿਰਫ ਚੋਰ ਹੀ ਹਾਂ। ਉਹ ਚੋਰ ਵੀ ਏ ਤੇ ਬਲੈਕ ਮਾਰਕੀਟੀਆ ਵੀ। ਕੀ ਤੂੰ ਹਿੰਮਤ ਕਰ ਸਕਦਾ ਏਂ ਕਿ ਉਸ ਐਡੀਟਰ ਦੇ ਖਿਲਾਫ ਕਈ ਕਹਾਣੀ ਲਿਖੇਂ? ਨਹੀਂ ਤੂੰ ਇੰਜ ਨਹੀਂ ਕਰ ਸਕਦਾ। ਫੇਰ ਦਸ ਕਮੀਨਾ ਕੌਣ ਹੈ ਤੂੰ ਕਿ ਮੈਂ?

ਹੁਣ ਮੈਂ ਲਾਲਾ ਰਾਮ ਦਿਆਲ ਸ਼ਾਮ ਦਿਆਲ ਕਪੜੇ ਦੇ ਥੋਕ ਵਿਉਪਾਰੀ ਦੀ, ਜਿਨਾਂ ਦੀ ਦੁਕਾਨ ਤੇ ਤੂੰ ਮੁਨੀਮੀ ਵੀ ਕਰਦਾ ਏਂ, ਗੱਲ ਕਰਾਂਗਾ। ਜੇ ਤੇਰੇ 'ਚ ਥੋੜੀ ਜਿਨੀ ਵੀ ਈਮਾਨਦਾਰੀ ਹੈ (ਮੈਨੂੰ ਯਕੀਨ ਹੈ ਕਿ ਹੋਣੀ ਬਿਲਕੁਲ ਨਹੀਂ) ਤਾਂ ਦੱਸੀਂ ਕਿ ਉਨਾਂ ਨੇ ਪਿਛਲੇ ਸਾਲ ਕਿੰਨੇ ਲੱਖ ਟੈਕਸ ਦੀ ਚੋਰੀ ਕੀਤੀ ਹੈ? ਤੂੰ ਇਹ ਵੀ ਨਹੀਂ ਦੱਸ ਸਕਦਾ। ਤੈਨੂੰ ਡਰ ਹੈ ਕਿ ਉਹ ਤੈਨੂੰ ਨੌਕਰੀ ਤੋਂ ਕਢ ਦੇਣਗੇ। ਤੂੰ ਉਹਨਾਂ ਦੇ ਖਿਲਾਫ ਕੋਈ ਕਹਾਣੀ ਵੀ ਨਹੀਂ ਲਿਖ ਸਕਦਾ ਕਿਉਂਕਿ ਉਨ੍ਹਾਂ ਦੀ ਫਰਮ ਦਾ ਇਸ਼ਤਿਹਾਰ "ਭੜਾਸ" 'ਚ ਛਪਦਾ ਹੈ।

ਹਾਂ ਤੂੰ ਸਿਰਫ ਇਕ ਗੱਲ ਕਰ ਸਕਦਾ ਹੈਂ, ਜਿਹੜੀ ਤੂੰ ਪਿਛਲੇ ਸਾਲ ਵੀ ਕੀਤੀ ਸੀ ਕਿ ਲਾਲਾ ਰਾਮ ਦਿਆਲ ਦੇ ਹੱਕ 'ਚ ਇਕ ਧੂਆਂਧਾਰ ਤੇ ਜਜਬਾਤੀ ਭਾਸ਼ਨ ਕਰ ਸਕਦਾ ਹੈਂ ਤਾਂ ਜੋ ਤੈਨੂੰ ਦੋ ਚਾਰ ਰੁਪਏ ਦੀ ਤਰੱਕੀ ਮਿਲ ਸਕੇ। ਪਿਛਲੇ ਸਾਲ ਜਦ ਲਾਲਾ ਜੀ ਨੇ ਗਊਸ਼ਾਲਾ ਨੂੰ ਪੰਜ ਹਜਾਰ ਰੁਪਏ ਦਾਨ ਦਿਤੇ ਸਨ ਤਾਂ ਤੂੰ ਇਹ ਭੰਡਪੁਣਾ ਇਸੇ ਲਈ ਕੀਤਾ ਸੀ ਕਿ ਤੈਨੂੰ ਤਰੱਕੀ ਮਿਲ ਸਕੇ। ਜੇ ਤੈਨੂੰ ਮੇਰੇ ਜਹੇ ਸਮਾਜੀ ਕੀੜਿਆਂ ਤੋਂ ਨਫਰਤ ਹੈ ਤਾਂ ਕਿਉਂ ਨਾ ਤੂੰ ਲੋਕਾਂ ਨੂੰ ਦੱਸਿਆ ਕਿ ਲਾਲਾ ਜੀ ਨੇ ਪੰਜ ਲੱਖ ਦੀ ਹੇਰਾ ਫੇਰੀ ਵੀ ਕੀਤੀ ਹੈ। ਦਰਅਸਲ ਤਾਂ ਲਾਲਾ ਜੀ ਤੇ ਮੇਰੇ 'ਚ ਫਰਕ ਕੋਈ ਨਹੀਂ (ਹਾਲਾਂਕਿ ਉਨਾਂ ਦੀ ਡਿਗਰੀ ਜਿਆਦਾ ਹੈ) ਫਰਕ ਤਾਂ ਤੇਰੀ ਨਿਗਾਹ 'ਚ ਹੈ।

ਤੇਰੀ ਨਜਰ ਮੇਰੇ ਤੇ ਤਾਂ ਫੌਰਨ ਆ ਪਈ, ਪਰ ਨਾ "ਭੜਾਸ" ਦੇ ਐਡੀਟਰ ਤੇ ਪਈ, ਨਾ ਲਾਲਾ ਜੀ ਤੇ ਅਤੇ ਨਾ ਹੀ ਹੁਣ ਉਸ ਇਨਸਪੈਕਟਰ ਤੇ ਪੈ ਸਕਦੀ ਹੈ, ਜਿਸ ਨੂੰ ਪੰਦਰਾਂ ਦਿਨ ਹੋਏ ਲਾਲਾ ਜੀ ਨੇ 'ਤਾਜ ਭਵਨ' 'ਚ ਇਕ ਸ਼ਾਨਦਾਰ ਪਾਰਟੀ ਦਿੱਤੀ ਸੀ। ਜਿਥੇ ਸ਼ਰਾਬ ਦੇ ਦੌਰ ਚੱਲੇ ਸਨ ਤੇ ਜਿਥੇ ਲਾਲਾ ਜੀ ਨੇ ਚੋਰੀ ਚੋਰੀ ਇਨਸਪੈਕਟਰ ਦੀ ਜੇਬ ਵਿਚ ਦੋ ਹਜ਼ਾਰ ਰੁਪਏ ਦੇ ਨੋਟ ਪਾ ਦਿਤੇ ਸਨ ਤੇ ਉਸਦੀ ਪਤਨੀ ਨੂੰ ਪੰਜ ਪੰਜ ਸੌ ਵਾਲੀਆਂ ਦੋ ਸਾੜ੍ਹੀਆਂ ਤੋਹਫੇ ਦੇ ਤੌਰ ਤੇ ਦਿਤੀਆਂ ਸਨ।

ਕਹਾਣੀਕਾਰ ਜੀ ਮਹਾਰਾਜ, ਇਨਸਪੈਕਟਰ ਨਾ ਤਾਂ ਕਿਸੇ ਸਿਆਸੀ ਪਾਰਟੀ ਦਾ ਲੀਡਰ ਹੈ ਕਿ ਲਾਲਾ ਜੀ ਨੇ ਉਸ ਨੂੰ ਮੁੱਠੀ 'ਚ ਲੈਣ ਲਈ ਉਸ ਦੀ ਮੁੱਠੀ ਨਿਘੀ ਕਰ ਦਿਤੀ, ਨਾ ਉਹ ਕੋਈ ਧਾਰਮਕ ਸੰਸਥਾ ਦਾ ਪ੍ਰਚਾਰਕ ਹੈ ਕਿ ਲਾਲਾ ਜੀ ਨੇ ਧਰਮ ਦੀ ਰੱਖਿਆ ਲਈ ਇੰਜ ਕੀਤਾ ਹੈ। ਫਿਰ ਕਿਉਂ ਕੀਤਾ ਹੈ? ਇਹ ਤੈਨੂੰ ਵੀ ਪਤਾ ਹੈ ਤੇ ਮੈਨੂੰ ਵੀ। ਲਾਲਾ ਜੀ ਤੇ ਇਨਸਪੈਕਟਰ ਨੂੰ ਵੀ ਪਤਾ ਹੈ।

ਪਰ ਤੂੰ ਲਿਖਣਾ ਕੁਝ ਨਹੀਂ, ਕਿਉਂਕਿ ਇਨਸਪੈਕਟਰ ਦੀ ਮੁੱਠ 'ਚ ਲਾਲਾ ਜੀ ਦੀ ਜਾਨ ਹੈ, ਲਾਲਾ ਜੀ ਦੀ ਮੁੱਠੀ 'ਚ ਤੇਰੀ ਜਾਨ ਹੈ। ਤੇ ਤੈਨੂੰ ਆਪਣੀ ਜਾਨ ਪਿਆਰੀ ਹੈ। ਤੂੰ ਇਹ ਕਦ ਚਾਹੇਂਗਾ ਕਿ ਲਾਲਾ ਜੀ ਆਪਣੀ ਮੁੱਠੀ ਖੋਹਲ ਦੇਣ ਤੇ ਤੇਰੇ ਰੋਟੀ ਨੁਮਾ ਪੰਛੀ ਦੀ ਜਾਨ ਫੁਰ ਕਰਕੇ ਨਿਕਲ ਜਾਏ ਤੇ ਉਸ ਦੀ ਆਤਮਾ ਪ੍ਰਮਾਤਮਾ 'ਚ ਲੀਨ ਹੋ ਜਾਵੇ। ਚੰਗਾ ਹੈ ਕਿ ਤੂੰ ਮੂੰਹ 'ਚ ਘੁੰਗਣੀਆਂ ਹੀ ਪਾਈ ਰਖ। ਐਡੀਟਰ ਤੋਂ ਲੈ ਕੇ ਤੇਰੇ ਤੱਕ ਸਭ ਮਹਾਨ ਹਨ। ਮਹਾਨ ਆਤਮਾਵਾਂ ਦੀ ਜੈ—ਕਮੀਨੇ ਕਿਸੇ ਥਾਂ ਦੇ।

ਕਹਾਣੀਕਾਰ ਪਿਆਰੇ, ਮੈਨੂੰ ਪਤਾ ਹੈ ਕਿ ਤੂੰ ਮੇਰਾ ਖਤ ਪੜ੍ਹ ਕੇ ਤਿਲਮਿਲਾਏਂਗਾ, ਤਰਲੋ-ਮੱਛੀ ਹੋਵੇਂਗਾ, ਗੁੱਸੇ 'ਚ ਮੁਠੀਆਂ ਬੰਦ ਕਰੇਂਗਾ ਤੇ ਵਧ ਤੋਂ ਵੱਧ ਤੂੰ ਆਪਣੀ ਪਤਨੀ ਦੇ ਦੋ ਚਾਰ ਠੋਕ ਲਵੇਂਗਾ।

ਤੇਰੀ ਪਤਨੀ ਹਮੇਸ਼ਾ ਵਾਂਗ, 'ਮੈਂ ਚਲੀ ਹਾਂ ਪੇਕੇ' ਆਪਣੇ ਜੀ ਦਾ ਰਾਗ ਅਲਾਪ ਕੇ ਚੁੱਪ ਹੋ ਜਾਏਗੀ, ਬੱਚੇ ਸਹਿਮੇ ਹੋਏ ਡਰ ਦੇ ਮਾਰੇ ਭੁੱਖੇ ਸੌਂ ਜਾਣਗੇ, ਪਰ ਤੇਰੀ ਸੌਂ ਚੁਕੀ ਅਣਖ ਨਹੀਂ ਜਾਗੇਗੀ। ਚੋਰ ਤਾਂ ਮੈਂ ਵੀ ਹਾਂ (ਤੇਰੇ ਕਹਿਣ ਮੁਤਾਬਿਕ ਕਮੀਨਾ ਵੀ) ਪਰ ਇਸ ਗੱਲ ਦੀ ਦਾਦ ਤਾਂ ਦੇਹ ਕਿ ਮੇਰੀ ਅਣਖ ਜਾਗਦੀ ਹੈ ਤੂੰ ਮੇਰੇ ਖਿਲਾਫ ਕਹਾਣੀ ਲਿਖੀ, ਮੈਂ ਤੈਨੂੰ ਉਤਰ ਦੇ ਰਿਹਾ ਹਾਂ, ਪਰ ਤੂੰ ਕਿਹੋ ਜਿਹਾ ਚੋਰ ਏਂ ਜੋ ਬਹੁਤ ਕੁਝ ਵੇਖਦਾ ਹੋਇਆ ਵੀ ਉਸ ਤੇ ਪਰਦੇ ਪਾ ਰਿਹਾ ਏਂ।

ਮੁਆਫ਼ ਕਰੀਂ ਯਾਰ ਕੀ ਤੇਰੀ ਅਣਖ ਦਾ ਕੁੰਭਕਰਨ ਨਾਲ ਕੋਈ ਰਿਸ਼ਤਾ ਤਾਂ ਨਹੀਂ, ਜੋ ਬਾਰਾਂ ਸਾਲਾਂ 'ਚ ਇਕ ਵਾਰੀ ਹੀ ਜਾਗਦੀ ਹੈ? ਕੀ ਤੂੰ ਇਹ ਦੱਸਣ ਦੀ ਖੇਚਲ ਕਰੇਂਗਾ ਕਿ ਤੂੰ 'ਔਰਤ ਜਾਗ ਪਈ ਹੈ' ਤੇ 'ਕੱਲ੍ਹ ਦੇ ਵਾਰਸ' ਕਿਸ ਗੱਲ ਤੋਂ ਪ੍ਰਭਾਵਤ ਹੋ ਕੇ ਲਿਖੀਆਂ ਸਨ, ਜਦ ਕਿ ਤੇਰੇ ਘਰ ਦਾ ਨਕਸ਼ਾ ਇਸ ਤੋਂ ਬਿਲਕੁਲ ਉਲਟ ਹੈ।

ਸੋ ਪਿਆਰੇ ਦੋਰੰਗੀ ਲਾਲ, ਮੈਂ ਤਾਂ ਤੈਨੂੰ ਇਹੀ ਆਖਾਂਗਾ ਸਰਾਸਰ ਮੋਮ ਹੋ ਜਾ ਜਾਂ ਸੰਗ ਹੋ ਜਾ! ਇਹ ਠੀਕ ਨਹੀਂ ਜੋ ਤੂੰ ਲਿਖ ਰਿਹਾ ਏਂ। ਚੋਰਾਂ ਦੇ ਖਿਲਾਫ ਏਂ ਤਾਂ ਡਟ ਕੇ ਲਿਖ। ਕੋਈ ਹਰਖ ਨਹੀਂ ਮੈਨੂੰ। ਪਰ ਜਦ ਤੂੰ ਸਾਡੇ ਭਾਈਚਾਰੇ 'ਚੋਂ ਵੱਡੇ ਚੋਰਾਂ ਨੂੰ ਛਡ ਕੇ ਮੇਰੇ ਵਰਗਿਆਂ ਬਾਰੇ ਲਿਖਣਾ ਸ਼ੁਰੂ ਕਰਦਾ ਹੈਂ, ਤਾਂ ਮੇਰਾ ਗੁੱਸਾ ਲਾਜ਼ਮੀ ਹੈ।

ਬਾਕੀ ਦੋਰੰਗੀ, (ਨਵਾਂ ਨਾਂ ਕਿਹੋ ਜਿਹਾ ਲੱਗਿਆ) ਇਹ ਤੂੰ ਕੀ ਗਜ਼ਬ ਕਰ ਦਿਤਾ ਕਿ ਮੇਰੇ ਤੇ ਪੰਜਾਹ ਰੁਪਏ ਚੋਰੀ ਕਰਨ ਦਾ ਘਿਨੌਣਾ ਇਲਜਾਮ ਲਾ ਦਿੱਤਾ। ਨੱਬੇ ਰੁਪਏ ਮਹੀਨਾ ਤਾਂ ਤੇਰੀ ਆਪਣੀ ਤਨਖਾਹ ਹੈ। ਇਹ ਤੈਨੂੰ ਵੀ ਪਤਾ ਹੈ ਕਿ ਮੈਂ ਚੋਰੀ 27 ਤਾਰੀਖ ਨੂੰ ਤੇਰੇ ਘਰ ਕੀਤੀ ਸੀ। ਸੋ ਸਾਰਾ ਜ਼ੋਰ ਲਾ ਕੇ ਮੈਨੂੰ ਤੇਰੇ ਘਰੋਂ ਇਕ ਰੁਪਈਆ ਦਸ ਆਨੇ ਲੱਭੇ ਸਨ। (ਉਨ੍ਹਾਂ ਚੋਂ ਅੱਠ ਆਨੇ ਖੋਟੇ ਨਿਕਲੇ) ਜਿਥੋਂ ਤਕ ਤੇਰੀ ਪਤਨੀ ਦੇ ਹਾਰ ਦਾ ਸੁਆਲ ਹੈ, ਉਹ ਖਾਲਸ ਸੋਨੇ ਦਾ ਤਾਂ ਇਕ ਪਾਸੇ ਰਿਹਾ, ਉਹ ਖਾਲਸ ਪਿੱਤਲ ਦਾ ਵੀ ਨਹੀਂ। (ਜੇ ਮੇਰਾ ਅੱਜ ਕਿਤੇ ਚੋਰੀ ਕਰਨ ਦਾ ਖਿਆਲ ਨਾ ਹੋਇਆ ਤਾਂ ਤੁਹਾਡਾ ਨੌਲੱਖਾ, ਛੱਤ ਤੇ ਸੁੱਟ ਜਾਵਾਂਗਾ) ਹਾਂ ਸੱਚ ਖਾਲਸ ਸੋਨੇ ਦੇਖੇ ਨੂੰ ਨੂੰ ਕਿੰਨਾ ਚਿਰ ਹੋ ਗਿਆ ਹੈ? ਜੇ ਵੇਖਣਾ ਚਾਹੁੰਦੇ ਹੋ ਤਾਂ ਕਿਸੇ ਦਿਨ ਵਿਖਾ ਦਿਆਂਗਾ, ਪਰ ਹੈ ਚੋਰੀ ਦਾ।

ਬਾਕੀ ਕਹਾਣੀਕਾਰ ਜੀ, ਤੁਹਾਡੇ ਬਟੂਏ ਵਿਚ ਜਿਹੜੇ ਕੀਮਤੀ ਕਾਗਜ਼ ਸਨ, ਉਹ ਵੀ ਤੁਹਾਨੂੰ ਵਾਪਸ ਮਿਲ ਜਾਣਗੇ। ਪੰਜ ਜਾਂ ਛੇ ਤਾਂ ਬਿਲ ਹਨ। ਇਕ ਬਿਲ ਵਿਚ ਬਿਜਲੀ ਵਾਲਿਆਂ ਵਲੋਂ ਧਮਕੀ ਵੀ ਹੈ ਕਿ ਜੇ 15 ਦਿਨਾਂ 'ਚ ਬਿਜਲੀ ਦਾ ਬਿਲ ਨਾ ਦਿਤਾ ਗਿਆ ਤਾਂ ਤਹਾਡਾ ਕਨੈਕਸ਼ਨ ਕੱਟ ਦਿਤਾ ਜਾਵੇਗਾ। ਬਾਈ ਦੀ ਵੇ, ਮੈਂ, ਇਹ ਬਿੱਲ ਦੇ ਦਿਤਾ ਹੈ।

ਇਹ ਮੇਰੀ ਆਖਰੀ ਚੇਤਾਵਨੀ ਹੈ ਕਿ ਜੇ ਹੁਣ ਤੂੰ ਲਾਲਾ ਰਾਮ ਦਿਆਲ ਸ਼ਾਮ ਦਿਆਲ ਇਨਸਪੈਕਟਰ, ਜੇਹੇ ਚੋਰਾਂ ਦੇ ਖਿਲਾਫ ਨਾ ਲਿਖਿਆ ਤਾਂ ਮੈਂ ਤੇਰਾ ਨਾਂ ਬਦਲ ਕੇ ਦੋਰੰਗੀ ਲਾਲ ਤੋਂ ਚੌਰੰਗੀ ਲਾਲ ਰਖ ਦਿਆਂਗਾ।

ਸੋ ਪਿਆਰੇ ਦੋਰੰਗੀ ਲਾਲ, ਜੇ ਤੇਰੀ ਕਹਾਣੀ ਇੱਟ ਸੀ ਤਾਂ ਮੇਰਾ ਖਤ ਪੱਥਰ ਹੈ। ਫੈਸਲਾ ਤੂੰ ਕਰ ਲਵੀਂ ਕਮੀਨਾ ਕੌਣ ਹੈ?

ਸ਼ੁਭਚਿੰਤਕ,
ਤੇਰਾ - ਚੋਰ

ਵਿੰਨੀਪੈੱਗ ਵਿਚ ਸ: ਨਾਜ਼ਰ ਸਿੰਘ ਸਿੱਧੂ ਸਵਰਗਵਾਸ

ਸਿੱਖ ਸੁਸਾਇਟੀ, ਵਿੰਨੀਪੈੱਗ ਦੇ ਜਾਇੰਟ ਸਕੱਤਰ ਸ: ਜਸਵੰਤ ਸਿੰਘ ਸਿੱਧੂ ਜੀ ਦੇ ਪਿਤਾ ਜੀ ਸ: ਨਾਜ਼ਰ ਸਿੰਘ ਸਿੱਧੂ 14 ਸਤੰਬਰ, 1983 ਨੂੰ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦੀ ਉਮਰ 87 ਸਾਲ ਸੀ। 17 ਸਤੰਬਰ ਨੂੰ ਉਨ੍ਹਾਂ ਦਾ ਦਾਹ ਸੰਸਕਾਰ ਹੋਇਆ। ਸ: ਨਾਜ਼ਰ ਸਿੰਘ ਸਿੱਧੂ ਪਿੰਡ ਚੱਕ ਰਾਮ ਸਿੰਘ ਵਾਲਾ ਭਾਈਕੇ, ਜ਼ਿਲਾ ਬਠਿੰਡਾ ਦੇ ਵਸਨੀਕ ਸਨ। ਉਨ੍ਹਾਂ ਦੇ ਸਪੁੱਤਰ ਸ: ਜਸਵੰਤ ਸਿੰਘ ਸਿੱਧੂ, ਜਬਰ ਜੰਗ ਸਿੰਘ ਸਿੱਧੂ, ਹਰਬੰਸ ਸਿੰਘ ਸਿੱਧੂ ਤੇ ਕੁਲਦੀਪ ਸਿੰਘ ਸਿੱਧੂ ਹਨ।

'ਕੈਨੇਡਾ ਦਰਪਣ' ਦਾ ਸਟਾਫ ਸ: ਜਸਵੰਤ ਸਿੰਘ ਸਿੱਧੂ ਤੇ ਪਰਵਾਰ ਨਾਲ ਇਸ ਅਸਹਿ ਦੁੱਖ ਵਿਚ ਸ਼ਾਮਲ ਹੈ ਤੇ ਪ੍ਰਾਰਥਨਾ ਕਰਦਾ ਹੈ ਕਿ ਪ੍ਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ।

ਸ: ਨਾਜ਼ਰ ਸਿੰਘ ਸਿੱਧੂ ਹੋਰਾਂ ਦੀ ਰੂਹ ਦੀ ਸ਼ਾਂਤੀ ਲਈ ਸ੍ਰੀ ਅਖੰਡਪਾਠ ਜੀ ਦਾ ਭੋਗ 25 ਸਤੰਬਰ ਨੂੰ ਪਵੇਗਾ।

ਸੰ ਸਾ ਰ ਦ ਰ ਪ ਣ

ਜਿਆ ਦੀ ਫੌਜੀ ਜੁੰਡਲੀ ਦੇ ਅਤਿਆਚਾਰ —

ਲੰਦਨ ਵਿਚ ਪਾਕਿਸਤਾਨੀ ਪੀਪਲਜ਼ ਪਾਰਟੀ ਦੇ ਇਕ ਦੇਸ ਬਿਦਰ ਲੀਡਰ ਨੇ ਦੱਸਿਆ ਹੈ ਕਿ ਜਨਰਲ ਜਿਆ ਦੀ ਫੌਜੀ ਸਰਕਾਰ ਆਪਣੇ ਵਿਰੋਧੀ ਪੀਪਲਜ ਪਾਰਟੀ ਦੇ ਬੰਦਿਆਂ ਨੂੰ ਖਾਸ ਕਰਕੇ ਸਿੰਧ ਪ੍ਰਾਂਤ ਦੇ ਵਾਸੀਆਂ ਨੂੰ ਬਹੁਤ ਤਸੀਹੇ ਦੇ ਰਹੀ ਹੈ ਉਹਨਾਂ ਤੋਂ ਇਹ ਮਨਾਉਣ ਲਈ ਕਿ ਉਨਾਂ ਨੂੰ ਇਸਲਾਮਾਬਾਦ ਵਿਰੁਧ ਕਾਰਵਾਈਆਂ ਕਰਨ ਲਈ ਭਾਰਤੀਆਂ ਵਲੋਂ ਕਿਹਾ ਜਾਂਦਾ ਹੈ। ਇਹਨਾ ਤਸੀਹਾ ਦੇ ਕਾਰਨ ਤਿੰਨ ਵਿਅਕਤੀ ਜਾਨ ਤੋਂ ਵੀ ਹੱਥ ਧੋ ਬੈਠੇ ਹਨ। ਉਹ ਵਿਚਾਰੇ ਸਨ ਯੂਸਫ ਲੇਸੇਵਾਲਾ, ਰਜਾ ਮੁਹੰਮਦ (ਨਵਾਬਸ਼ਾਹ ਤੋਂ)ਅਤੇ ਜੂਨੇ ਖਾਂ (ਦਾਦੂ ਤੋਂ)

ਕੋਰੀਅਨ ਜਹਾਜ਼ ਬਾਰੇ ਪੱਛਮੀ ਦੇਸ਼ਾਂ ਦਾ ਅਮਰੀਕੀ ਦਬਾਅ ਅੱਗੇ ਝੁਕਣੋਂ ਇਨਕਾਰ

ਲੰਡਨ—ਅਮਰੀਕਾ ਦੇ ਜ਼ਬਰਦਸਤ ਦਬਾਅ ਦੇ ਬਾਵਜੂਦ ਸਾਰੇ ਯੂਰਪੀ ਦੇਸ਼ ਦੱਖਣੀ ਕੋਰੀਆਈ ਜਹਾਜ਼ ਦੇ ਮਾਮਲੇ ਉਤੇ ਸੋਵੀਅਤ ਯੂਨੀਅਨ ਵਿਰੁੱਧ ਨਾਕਾਬੰਦੀਆਂ ਵਿਚ ਸ਼ਾਮਲ ਹੋਣ ਲਈ ਤਿਆਰ ਨਹੀਂ ਹੋਏ।

ਫਰਾਂਸ, ਸਪੇਨ, ਯੂਨਾਨ ਤੇ ਤੁਰਕੀ ਨੇ ਸੀਮਤ ਨਾਕਾਬੰਦੀਆਂ ਦੀ ਅਮਰੀਕੀ ਤਜ਼ਵੀਜ ਨੂੰ ਵੀ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਅਮਰੀਕਾ ਦੀ ਤਜ਼ਵੀਜ ਸੀ ਕਿ ਜੇ ਹੋਰ ਨਹੀਂ ਘੱਟੋ ਘੱਟ ਮਾਸਕੋ ਤੋਂ ਆਉਣ ਜਾਣ ਵਾਲੀਆਂ ਉਡਾਣਾਂ ਉਤੇ ਹੀ ਆਰਜ਼ੀ ਰੋਕ ਲਾ ਦਿਤੀ ਜਾਏ।



ਮਨੀਲਾ ਵਿਚ ਭਾਰੀ ਦੰਗੇ

ਮਨੀਲਾ ਵਿਚ ਪ੍ਰਧਾਨ ਮਾਰਕੋਸ ਤੋਂ ਅਸਤੀਫੇ ਦੀ ਮੰਗ ਕਰਦੇ ਹੋਏ ਹਜ਼ਾਰਾਂ ਹੀ ਦਿਖਾਵਾਕਾਰੀਆਂ ਦੀ ਪੁਲੀਸ ਨਾਲ ਭਾਰੀ ਟੱਕਰ ਹੋ ਗਈ। ਪੁਲੀਸ ਵਲੋਂ ਚਲਾਈਆਂ ਗੋਲੀਆਂ ਕਾਰਨ 7 ਬੰਦੇ ਮਾਰੇ ਗਏ ਅਤੇ ਬੇਸ਼ੁਮਾਰ ਜਖਮੀ ਹੋ ਗਏ।

ਅਮਰੀਕਨ ਦੂਤ ਦੀ ਰੂਸ ਤੋਂ ਵਾਪਸੀ

ਮਾਸਕੋ — ਰੂਸ ਵਿਚ ਅਮਰੀਕਾ ਦੇ ਉਪ ਕੌਂਸਲ LON DAVID AUGUSTENBORG ਨੂੰ ਰੂਸ ਵਿਚੋਂ ਉਨਾਂ ਦੀ ਪਤਨੀ ਸੁਮੇਤ ਅਮਰੀਕਾ ਵਾਪਸ ਚਲੇ ਜਾਣ ਦੇ ਆਦੇਸ਼ ਦੇ ਦਿਤੇ ਗਏ ਹਨ। ਉਨਾਂ ਵਿਰੁਧ ਲੈਨਿਨਗਰਾਡ ਵਿਚ ਅਮਰੀਕਾ ਲਈ ਜਾਸੂਸੀ ਕਰਨ ਦਾ ਦੋਸ਼ ਲਾਇਆ ਗਿਆ ਹੈ

ਮਰਨ ਉਪਰਾਂਤ ਫੇਰੇ —

ਸੀਓਲ — ਕੇ ਏ ਐਲ 007 ਫਲਾਈਟ ਦੇ ਜਿਸ ਹਵਾਈ ਜਹਾਜ ਨੂੰ ਰੂਸ ਦੇ ਜੰਗੀ ਜਹਾਜਾਂ ਨੇ ਪਿੱਛੇ ਜਹੇ ਗੋਲੀ ਮਾਰ ਕੇ ਸਮੁੰਦਰ ਵਿਚ ਸੁਟ ਦਿਤਾ ਸੀ ਅਤੇ 269 ਜਾਨਾਂ ਦੀ ਹਾਨੀ ਹੋਈ ਸੀ ਉਸ ਵਿਚ ਮਰਨ ਵਾਲੀਆਂ ਦੋ ਏਅਰ ਹੋਸਟਿਸਾਂ ਦੀ ਸ਼ਾਦੀ ਮਰਨ ਉਪਰਾਂਤ ਇਕ ਬੋਧੀ ਮੰਦਰ ਵਿਚ ਕੀਤੀ ਗਈ। ਇਹਨਾਂ ਦੇ ਲਾੜੇ ਵੀ ਇਸ ਬਦਕਿਸਮਤ ਜਹਾਜ ਵਿਚ ਸਵਾਰ ਸਨ।

ਇਜ਼ਰਾਈਲ ਦੇ ਨਵੇਂ ਪ੍ਰਧਾਨ ਮੰਤਰੀ ਸ਼ਮੀਰ ਬਣ ਗਏ

ਯੇਰੋਸ਼ਲਮ—ਮਨਾਖਨ ਬੇਗਨ ਦੀ ਥਾਂ ਤੇ ਇਜ਼ਰਾਈਲ ਦਾ ਨਵਾਂ ਪ੍ਰਧਾਨ ਮੰਤਰੀ ਯਤਸ਼ਕ ਸ਼ਮੀਰ ਬਣ ਗਿਆ ਹੈ। ਸ਼ਮੀਰ ਨੂੰ ਛੋਟੀਆਂ ਚਾਰ ਪਾਰਟੀਆਂ ਦੀ ਹਮਾਇਤ ਹਾਸਲ ਹੋ ਗਈ ਹੈ। ਸ਼ਮੀਰ ਦੀ ਪਾਰਟੀ ਕੋਲ ਪਾਰਲੀਮੈਂਟ ਵਿਚ ਸਿਰਫ ਚਾਰ ਵੋਟਾਂ ਦਾ ਹੀ ਬਹੁਮੱਤ ਪ੍ਰਾਪਤ ਹੈ। ਸ਼ਮੀਰ 67 ਸਾਲ ਦਾ ਹੈ ਤੇ ਉਹ ਬੇਗਨ ਦੀਆਂ ਪਾਲਸੀਆਂ ਨੂੰ ਹੀ ਚਾਲੂ ਰੱਖੇਗਾ। 28 ਅਗਸਤ ਨੂੰ ਸ਼ਮੀਰ ਨੂੰ ਹਰੂਤ ਪਾਰਟੀ ਦਾ ਲੀਡਰ ਚੁਣ ਲਿਆ ਗਿਆ ਸੀ।

'ਵਾਹ ਦਾਤਾ ਤੇਰੀਆਂ ਦਾਤਾਂ'

ਸਪੇਨ ਵਿਚ ਇਕ ਇਸਤਰੀ ਦੇ ਚੌਥਾ ਬੱਚਾ ਪੈਦਾ ਹੋਣ ਸਮੇਂ ਸਾਰੇ ਪਰਵਾਰ ਦੀ ਇਹ ਪ੍ਰਾਰਥਨਾ ਸੀ ਕਿ ਇਸ ਵਾਰ ਦਾਤਾ ਪੁਤਰੀ ਦੀ ਦਾਤ ਬਖਸ਼ ਦੇਵੇ ਕਿਉਂਕਿ ਘਰ ਵਿਚ ਪਹਿਲੇ ਤਿੰਨੇ ਬੱਚੇ ਲੜਕੇ ਹੀ ਸਨ। ਪਰ ਸਰਵਸ਼ਕਤੀਮਾਨ ਪਰਮਾਤਮਾ ਨੇ ਇਸ ਪ੍ਰਾਰਥਨਾ ਨੂੰ ਨਾ-ਮਨਜ਼ੂਰ ਕੀਤਾ ਅਤੇ ਇਕੱਠੇ ਪੰਜ ਪੁੱਤਰ ਹੋਰ ਬਖਸ਼ ਦਿਤੇ।


ਚਿੱਲੀ ਵਿਚ ਅੰਦੋਲਨ ਜਾਰੀ

ਸਨਤਿਆਗੋ—ਚਿੱਲੀ ਵਿਚ ਆਪੋਜੀਸ਼ਨ ਲੀਡਰਾਂ ਨੇ ਦੇਸ਼ ਵਿਚ ਜਮਹੂਰੀਅਤ ਦੀ ਬਹਾਲੀ ਸਬੰਧੀ ਪ੍ਰਧਾਨ ਪਨੋਚੇ ਦੀ ਫੌਜੀ ਹਕੂਮਤ ਨਾਲ ਗੱਲਬਾਤ ਤੋੜ ਦਿਤੀ ਹੈ ਅਤੇ ਆਪਣੀ ਐਜੀਟੇਸ਼ਨ ਜਾਰੀ ਰੱਖਣ ਦੀ ਐਲਾਨ ਕੀਤਾ ਹੈ।

ਆਪੋਜ਼ੀਸ਼ਨ ਪਾਰਟੀਆਂ ਵਲੋਂ ਚਲਾਏ ਜਾ ਰਹੇ ਅੰਦੋਲਨ ਵਿਚ ਫੌਜੀ ਹਕੂਮਤ ਹੁਣ ਤੱਕ 1200 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਚੁਕੀ ਹੈ ਪੰਜ ਤੋਂ ਵੱਧ ਮੌਤਾਂ ਹੋ ਚੁਕੀਆਂ ਹਨ। ਮੁਜ਼ਾਹਰੇ ਸਾਰੇ ਦੇਸ਼ ਵਿਚ ਚਲ ਰਹੇ ਹਨ।

'ਕੈਨੇਡਾ ਦਰਪਣ' ਹੁਣ ਹਰ ਸ਼ੁਕਰਵਾਰ ਤੁਹਾਨੂੰ ਸਟੋਰਾਂ ਤੋਂ ਮਿਲ ਸਕੇਗਾ
ਡਾਕ ਰਾਹੀਂ ਮੰਗਵਾਉਣ ਲਈ ਇਕ ਸਾਲ ਦਾ ਚੰਦਾ 20 ਡਾਲਰ ਹੈ।

ਫਿਲਪਾਈਨ ਵਿਚ ਮਾਰਕੋਸ ਹਕੂਮਤ ਵਿਰੁਧ ਮੁਜ਼ਾਹਰੇ ਜਾਰੀ



ਅੰਗਰੇਜ਼ੀ ਵਿਚ 'ਰਪਚਰ' ਮੈਗਜ਼ੀਨ

ਕੈਨੇਡਾ ਦੇ ਪੰਜਾਬੀ ਦੇ ਦੋ ਕਵੀਆਂ ਸੁਖਿੰਦਰ ਅਤੇ ਇਕਬਾਲ ਰਾਮੂਵਾਲੀਆ ਦੀ ਹਿੰਮਤ ਨਾਲ ਅੰਗਰੇਜ਼ੀ ਵਿਚ ਇਕ ਸਾਹਿਤਕ ਤੇ ਸਭਿਆਚਾਰਕ ਮੈਗਜ਼ੀਨ ਦਾ ਪਲੇਠਾ ਅੰਕ ਪ੍ਰਕਾਸ਼ਤ ਹੋਇਆ ਹੈ। ਅੰਗਰੇਜ਼ੀ ਦੇ ਪਾਠਕਾਂ ਤੱਕ ਪਹੁੰਚਣ ਲਈ ਇਸ ਯਤਨ ਦੀ ਜਿੰਨੀ ਸ਼ਲਾਘਾ ਕੀਤੀ ਜਾਏ ਥੋੜੀ ਹੈ। 'ਰਪਚਰ' ਨੂੰ ਉਨ੍ਹਾਂ ਦੱਖਣੀ-ਏਸ਼ੀਅਨ ਆਧੁਨਿਕ ਕਲਾ ਤੇ ਸਾਹਿਤ ਦਾ ਮੈਗਜ਼ੀਨ ਕਿਹਾ ਹੈ। ਇਸ ਲਈ ਸਪੱਸ਼ਟ ਹੈ ਕਿ ਇਸ ਵਿਚ ਆਧੁਨਿਕ ਸਾਹਿਤ ਤੇ ਕਲਾ ਤੇ ਹੀ ਵਿਸ਼ੇਸ਼ ਜ਼ੋਰ ਦਿਤਾ ਜਾਵੇਗਾ। ਉਨ੍ਹਾਂ ਅਨੁਸਾਰ ਹਰ ਸਾਲ ਇਸ ਦੇ ਤਿੰਨ ਅੰਕ ਪ੍ਰਕਾਸ਼ਤ ਕੀਤੇ ਜਾਣਗੇ। ਸੁਖਿੰਦਰ ਨੇ ਆਪਣੇ ਪਹਿਲੇ ਐਡੀਟੋਰੀਅਲ ਵਿਚ ਕਿਹਾ ਕਿ ਇਸ ਮੈਗਜ਼ੀਨ ਵਿਚ ਮੁੱਖ ਜ਼ੋਰ ਪੰਜਾਬੀ ਕਲਾ, ਸਭਿਆਚਾਰ ਤੇ ਸਾਹਿਤ ਤੇ ਹੋਵੇਗਾ ਭਾਵੇਂ ਹੋਰ ਦੱਖਣੀ ਏਸ਼ੀਅਨ ਬੋਲੀਆਂ ਬਾਰੇ ਵੀ ਲਿਖਿਆ ਜਾਵੇਗਾ।

'ਰਪਚਰ' ਦੇ ਪਹਿਲੇ ਅੰਕ ਵਿਚ ਗੁਰਚਰਨ ਰਾਮਪੁਰੀ, ਰਵਿੰਦਰ ਰਵੀ, ਦਰਸ਼ਨ ਗਿੱਲ, ਗੁਰਦਿਆਲ ਕੰਵਲ, ਸੁਰਿੰਦਰ ਧੰਜਲ, ਸੁਖਿੰਦਰ ਤੇ ਇਕਬਾਲ ਰਾਮੂਵਾਲੀਆ ਦੀਆਂ ਕਵਿਤਾਵਾਂ ਹਨ। ਦੋ ਮੁਲਾਕਾਤਾਂ ਗੁਰਚਰਨ ਰਾਮਪੁਰੀ ਤੇ ਰਵਿੰਦਰ ਰਵੀ ਨਾਲ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਇਕਬਾਲ ਰਾਮੂਵਾਲੀਆ ਦਾ 'ਅਧੁਨਿਕ ਕੈਨੇਡੀਅਨ ਪੰਜਾਬੀ ਕਵਿਤਾ' ਤੇ ਲੇਖ ਤੇ ਸੁਖਿੰਦਰ ਦਾ 'ਕੈਨੇਡੀਅਨ ਪੰਜਾਬੀ ਕਵਿਤਾ ਵਿਚ ਨਵੇਂ ਝੁਕਾਅ' ਆਲੋਚਨਾਤਮਕ ਵਿਵਰਣ ਵੀ ਸ਼ਾਮਲ ਹੈ। ਇਕ 'ਟੇਬਲ ਟਾਕ' ਵੀ ਛਾਪੀ ਗਈ ਹੈ ਜਿਸ ਵਿਚ ਦਰਸ਼ਨ ਗਿੱਲ(ਵੈਨਕੂਵਰ), ਇਕਬਾਲ ਰਾਮੂਵਾਲੀਆ(ਰੈਕਸਡੇਲ) ਸੁਖਿੰਦਰ(ਟਰਾਂਟੋ), ਬਲਬੀਰ ਮੋਮੀ(ਰੈਕਸਡੇਲ) ਤੇ ਆਰ. ਐਸ. ਰਣੀਆ(ਟਰਾਂਟੋ) ਦੀ ਕਵਿਤਾ ਬਾਰੇ ਗਲਬਾਤ ਕਲਮਬੰਦ ਕੀਤੀ ਗਈ ਹੈ। ਦੋ ਕਿਤਾਬਾਂ 'ਕੰਚਨੀ'(ਰਾਮਪੁਰੀ) ਤੇ 'ਤਿੰਨ ਕੋਣ'(ਇਕਬਾਲ, ਸੁਖਿੰਦਰ, ਧੰਜਲ) ਦੇ ਰੀਵੀਊ ਵੀ ਛਾਪੇ ਗਏ ਹਨ

ਸਾਡਾ ਇਕ ਸੁਝਾਅ ਹੈ ਕਿ ਸਾਹਿਤਕ ਪਿੜ ਵਿਚ ਕੁਝ ਕੁ 'ਅਸਾਹਿਤਕ' ਅੰਸ਼ਾਂ ਦੀ ਘੁਸਪੈਂਠ ਕਾਰਨ ਜੋ ਪੰਜਾਬੀ ਲੇਖਕਾਂ ਵਿਚ ਆਪਾਧਾਪੀ ਦਾ ਝਾਉਲਾ ਪੈ ਰਿਹਾ ਹੈ ਇਸ ਨੂੰ ਸਪੱਸ਼ਟ ਕਰਨ ਦੀ ਲੋੜ ਹੈ। 'ਰਪਚਰ' ਵਿਚ ਕੈਨੇਡਾ ਦੇ ਕੁਝ ਕੁ ਲੇਖਕਾਂ ਨੂੰ ਲੋੜ ਤੋਂ ਵੱਧ ਥਾਂ ਦੇਣੀ ਵੀ ਇਸੇ ਭੁਲੇਖੇ ਵਿਚ ਵਾਧਾ ਕਰਨ ਵਾਲੀ ਗੱਲ ਨਾ ਬਣ ਜਾਏ, ਇਸ ਖਦਸ਼ੇ ਤੋਂ ਬਚਣਾ ਚਾਹੀਦਾ ਹੈ। ਸੁਖਿੰਦਰ ਤੇ ਇਕਬਾਲ ਦੇ ਦੋਵਾਂ ਲੇਖਾਂ ਨੂੰ ਵੀ ਨਿਰਪੱਖ ਹੋ ਕੇ ਵਿਚਾਰਨ ਦੀ ਲੋੜ ਹੈ। ਆਸ ਹੈ ਆਉਂਦੇ ਅੰਕ ਅਜਿਹੇ ਭੁਲੇਖੇ ਨੂੰ ਦੂਰ ਕਰਨ ਵਿਚ ਸਹਾਈ ਹੋਣਗੇ। ਈਮਾਨਦਾਰੀ ਸਾਹਿਤ ਦੀ ਪਹਿਲੀ ਸ਼ਰਤ ਹੈ।

ਦੂਜੇ 'ਰਪਚਰ' ਮੈਗਜ਼ੀਨ ਦੀ ਕੀਮਤ — 12 ਡਾਲਰ ਦੀ ਇਕ ਕਾਪੀ ਖਰੀਦਣੀ ਆਮ ਲੇਖਕ ਤੇ ਪਾਠਕ ਦੀ ਪਹੁੰਚ ਤੋਂ ਬਾਹਰ ਦੀ ਗੱਲ ਹੈ। ਮੈਗਜ਼ੀਨ ਵਿਚ ਕੁਝ ਐਡਾਂ ਦਾ ਵਾਧਾ ਕਰਕੇ ਇਸ ਦੀ ਕੀਮਤ ਘਟਾਉਣ ਦਾ ਉਪਰਾਲਾ ਕਰਨਾ ਵੀ ਪ੍ਰਬੰਧਕਾਂ ਲਈ ਜ਼ਰੂਰੀ ਹੋਵੇਗਾ। ਇਹ ਗੱਲ ਠੀਕ ਹੈ ਕਿ ਜਿਸ ਖੂਬਸੂਰਤ ਦੱਖ ਵਿਚ 'ਰਪਚਰ' ਨੂੰ ਪੇਸ਼ ਕੀਤਾ ਗਿਆ ਹੈ ਇਸ ਤੇ ਖਰਚਾ ਅਵੱਸ਼ ਹੀ ਵੱਧ ਹੋਇਆ ਹੈ ਪਰ ਇਸ ਲਈ ਕੋਈ ਹੋਰ ਢੰਗ ਸੋਚੇ ਜਾ ਸਕਦੇ ਹਨ।

ਆਰ. ਐਸ. ਰਣੀਆ ਦੀ ਚਿਤਰਾਂ ਵਿਚ ਕਲਾ ਦੀ ਪ੍ਰਸੰਸਾ ਕਰਨੀ ਹੀ ਬਣਦੀ ਹੈ। ਉਸ ਦੇ ਚਿਤਰਾਂ ਨੂੰ 'ਰਪਚਰ' ਨੂੰ ਚਾਰ ਚੰਨ ਲਾਏ ਹਨ।

ਅਸੀਂ 'ਰਪਚਰ' ਨੂੰ ਜੀਅ ਆਇਆਂ ਕਹਿੰਦੇ ਹਾਂ।

RUPTURE—A journal of the South-Asian Modern art and literature.

Subscription : Individuals 1 Year - $30.00
Institutions 1 Year - $40.00

Pleas address all correspondence-submissions, subscriptions

The Editor
RUPTURE
BOX NO. 732 Postal Station 'A'
Toronto - ONT. M5W 1G2

ਸਿੰਘ ਸਾਹਿਬ ਦੀ ਸ਼ਹਾਦਤ
(ਨਾਵਲ)

ਸਿੰਘ ਸਾਹਿਬ ਭਾਈ ਬਲਵੰਤ ਸਿੰਘ ਖੁਰਦਪੁਰ, ਜਿਲਾ ਜਲੰਧਰ ਖਾਲਸਾ ਦੀਵਾਨ ਸੋਸਾਇਟੀ ਗੁਰਦੁਆਰਾ ਵੈਨਕੂਵਰ, ਕੈਨੇਡਾ ਦੀ ਜੀਵਨ ਗਾਥਾ।

(ਲੜੀਵਾਰ)

ਕਿਸ਼ਤ ਵੀਹਵੀਂ

ਕੇਸਰ ਸਿੰਘ ਨਾਵਲਿਸਟ

ਕਾਂਡ 38



ਅਧੀ ਰਾਤ ਦਾ ਸਮਾਂ ਸੀ। ਭਾਈ ਸਾਹਿਬ ਨੇ ਹਲਕਾ ਜਿਹਾ ਸੂਟ ਪਾਇਆ ਹੋਇਆ ਸੀ ਪਰ ਫਿਰ ਵੀ ਉਨਾਂ ਦੇ ਸਰੀਰ ਵਿਚੋਂ ਮੁੜ੍ਹਕਾ ਚੋ ਰਿਹਾ ਸੀ। ਉਨਾਂ ਦਾ ਸੱਜਾ ਹੱਥ ਦਰਸੀ ਚੈਨਚਈਆ ਦੇ ਖੱਬੇ ਹੱਥ ਨਾਲ ਹੱਥਕੜੀ ਵਿਚ ਜਕੜਿਆ ਹੋਇਆ ਸੀ। ਉਹ ਖੱਬੇ ਖੁਲੇ ਹੱਥ ਨਾਲ ਕਦੇ ਕਦੇ ਮੱਥੇ ਉਤੇ ਆਇਆ ਮੁੜ੍ਹਕਾ ਪੂੰਝ ਲੈਂਦੇ। ਉਨਾਂ ਦੀ ਚਿੱਟੀ ਦਸਤਾਰ ਢਿੱਲੀ ਹੋਈ ਪਈ ਸੀ। ਦਰਸੀ ਨੇ ਆਪਣਾ ਅਮਰੀਕਨ ਸਮਰ ਸੂਟ ਪਾਇਆ ਹੋਇਆ ਸੀ ਤੇ ਸਿਰ ਉਤੇ ਅਮਰੀਕਨ ਫਲੈਟ ਰਖੀ ਹੋਈ ਸੀ। ਉਸ ਦਾ ਸੂਟ, ਉਸ ਦੀ ਟੋਪੀ ਤੇ ਉਸਦੀ ਨਕਟਾਈ ਵੀ ਕਾਲੀ ਸੀ। ਉਸ ਦੀ ਚਿੱਟੀ ਕਮੀਜ ਉਸ ਦੀ ਢਿੱਲੀ ਜਹੀ ਬੱਧੀ ਲਾਲ ਨਕਟਾਈ ਦੇ ਪਿਛੇ ਦਿਸ ਰਹੀ ਸੀ। ਭਾਈ ਸਾਹਿਬ ਨੇ ਕਿਹਾ —"ਦਰਸੀ !ਬੜੀ ਹੁੰਮਸ ਹੈ।"ਦਰਸੀ ਨੇ ਝਟ ਉੱਤਰ ਦਿਤਾ —"ਮੇਰੇ ਸਿਰ ਤੋਂ ਪੈਰਾਂ ਤਕ ਮੁੜ੍ਹਕਾ ਚੋਰਿਹਾ ਹੈ ਪਰ ਮੈਂ ਇਹ ਸੂਟ ਪਿਛੇ ਨਹੀਂ ਸੀ ਛਡਣਾ ਚਾਹੁੰਦਾ।" ਹਵਾ ਦਾ ਮਾੜਾ ਜਿਹਾ ਬੁਲਾ ਆਇਆ। ਦਰਸੀ ਨੇ ਸੱਜੇ ਹੱਥ ਨਾਲ ਨਕਟਾਈ ਖੋਲ੍ਹ ਕੇ ਕੋਟ ਦੀ ਸੱਜੀ ਜੇਬਵਿਚ ਪਾ ਲਈ। ਟੋਪੀ ਸਿਰ ਤੋਂ ਲਾਹ ਕੇ ਸੱਜੇ ਹੱਥ ਵਿਚ ਫੜ ਲਈ। ਉਹ ਚੁਪ ਚੁਪਾਤੇ ਸਿਪਾਹੀ ਪੁਲਸ ਦੇ ਘੇਰੇ ਵਿਚ ਤੁਰੇ ਜਾ ਰਹੇ ਸਨ। ਪਿੱਛੇ ਉਨਾਂ ਵਾਂਗੂ ਹੀ ਦੋ ਜੋੜੀਆਂ ਵਿਚ ਠਾਕਰ ਸਿੰਘ ਨਾਲ ਸ਼ਿਵਦਿਆਲ ਤੇ ਚੈਟਰਜੀ ਨਾਲ ਜੋਧ ਸਿੰਘ ਹਥਕੜੀਆਂ ਵਿਚ ਜਕੜੇ ਹੋਏ ਤੁਰ ਰਹੇ ਸਨ।

ਉਨਾਂ ਤੋਂ ਕੁਝ ਹਟਵੇਂ ਟੋਮੀ ਸਟੂਆਰਟ, ਮਿਸਟਰ ਰੰਗਾ ਤੇ ਕਰਤਾਰ ਸਿੰਘ ਆਪਣੇ ਸਾਈਕਲਾਂ ਦੇ ਨਾਲ ਨਾਲ ਤੁਰੇ ਜਾ ਰਹੇ ਸਨ ਪਰ ਕੈਦੀਆਂ ਤਕ ਉਨਾਂ ਦੀ ਆਵਾਜ ਨਹੀਂ ਸੀ ਪਹੁੰਚ ਰਹੀ। ਇਕ ਘੋੜਾ-ਬਘੀ ਪਿਛਲੇ ਪਾਸਿਓਂ ਆਕੇ ਉਨਾਂ ਦੇ ਪਾਸ ਰੁਕ ਗਈ। ਟੋਮੀ ਅੱਗੇ ਹੋਕੇ ਬਘੀ ਵਿਚ ਬੈਠੇ ਇਕ ਅੰਗਰੇਜ ਜੋੜੇ ਨਾਲ ਗਲਾਂ ਕਰਦਾ ਰਿਹਾ। ਕੈਦੀ ਤੇ ਸਿਆਮੀ ਪੁਲਸ ਤੁਰੇ ਜਾ ਰਹੇ ਸਨ। ਬਘੀ ਤੁਰ ਪਈ। ਬਹੁਤ ਵਕਫਾ ਪੈ ਗਿਆ ਜਾਣ ਕੇ ਟੋਮ ਰੰਗਾ ਤੇ ਕਰਤਾਰ ਸਿੰਘ ਸਾਈਕਲਾਂ ਉਤੇ ਚੜ੍ਹ ਬੈਠੇ।

ਕੈਦੀਆਂ ਵਿਚੋਂ ਕੋਈ ਵੀ ਸਿਆਮੀ ਨਹੀਂ ਸੀ ਜਾਣਦਾ। ਨਾ ਹੀ ਕੋਈ ਸਿਆਮੀ ਪੁਲਸੀਆ ਅੰਗਰੇਜੀ ਬੋਲ ਸਕਦਾ ਸੀ। ਠਾਕਰ ਸਿੰਘ ਨੇ ਪਿਛੇ ਵੇਖ ਕੇ ਕਿਹਾ—"ਸਿੰਘ ਸਾਹਿਬ ! ਕੋਈ ਉਪਰਾਲਾ ਕਰਨਾ ਚਾਹੀਦਾ ਐ।" ਭਾਈ ਸਾਹਿਬ ਨੇ ਆਪਣਾ ਹੱਥ ਦਰਸੀ ਦੇ ਹੱਥ ਵਿਚ ਘੁਟਦਿਆਂ ਅੰਗਰੇਜੀ ਵਿਚ ਕਿਹਾ—"ਦਰਸੀ! ਠਾਕਰ ਸਿੰਘ ਨਸਣ ਦੀ ਗਲ ਕਰਦਾ ਹੈ ਪਰ ਇਹ ਗਲ ਨਹੀਂ ਬਨਣੀ।" ਠਾਕਰ ਸਿੰਘ ਵੀ ਭਾਈ ਸਾਹਿਬ ਦੀ ਗਲ ਸੁਣਕੇ ਚੁੱਪ ਕਰ ਗਿਆ। ਏਨੇ ਨੂੰ ਟੋਮੀ, ਰੰਗਾ ਤੇ ਕਰਤਾਰ ਸਿੰਘ ਉਨਾਂ ਦੇ ਨੇੜੇ ਪਹੁੰਚਕੇ ਸਾਈਕਲਾਂ ਉਤੋਂ ਉਤਰ ਕੇ ਉਨਾਂ ਦੇ ਨਾਲ ਨਾਲ ਤੁਰਨ ਲੱਗੇ। ਗੋਲੇ ਕਬੂਤਰਾਂ ਦਾ ਇਕ ਜੋੜਾ ਭੁਲਾ ਭਟਕਿਆ ਟੋਮੀ ਦੇ ਸਿਰ ਉਤੋਂ ਆ ਲੰਘਿਆ। ਉਹ ਘਬਰਾ ਕੇ ਨੀਵਾਂ ਹੋ ਗਿਆ। ਉਥੇ ਹੀ ਅੜ ਕੇ ਕਿੰਨੀ ਦੇਰ ਉਨਾਂ ਕਬੂਤਰਾਂ ਵਲ ਵੇਖਦਾ ਰਿਹਾ। ਉਹ ਵਹਿਮੀ ਤਬੀਅਤ ਦਾ ਬੰਦਾ ਸੀ। ਉਸ ਦਾ ਦਿਲ ਕੰਬਣ ਲਗ ਪਿਆ। ਉਸ ਨੇ ਆਪਣਾ ਰੀਵਾਲਵਰ ਆਪਣੀ ਪੇਟੀ ਨਾਲੋਂ ਖੋਲ੍ਹਕੇ ਸੱਜੇ ਹੱਥ ਵਿਚ ਫੜ ਲਿਆ। ਰੰਗਾ ਮੂੰਹ ਪਿਛੇ ਕਰ ਕੇ ਮੁਸਕਰਾ ਰਿਹਾ ਸੀ।

ਉਹ ਅਗੜ ਪਿਛੜ ਤੁਰਦੇ ਬੰਕਾਕ ਸ਼ਹਿਰ ਵਿਚੋਂ ਲੰਘਦੀ ਨਦੀ ਚੋਫਈਆ ਦੇ ਕੰਢੇ ਪਹੁੰਚ ਗਏ। ਸਿਆਮ ਸਰਕਾਰ ਦਾ ਇਕ ਬੋਟ ਉਨਾਂ ਦੀ ਉਡੀਕ ਵਿਚ ਖੜਾ ਸੀ। ਪਹਿਲੋਂ ਕੈਦੀਆਂ ਨੂੰ ਬੇੜੀਆਂ ਵਿਚ ਚੜ੍ਹਾਇਆ ਗਿਆ। ਫਿਰ ਬੇੜੀਆਂ ਵਿਚੋਂ ਉਤਰ ਕੇ ਬੋਟ ਵਿਚ। ਜਦ ਰੰਗਾ ਤੇ ਕਰਤਾਰ ਸਿੰਘ ਮੁੜਣ ਲੱਗੇ ਤਾਂ ਟੋਮੀ ਨੇ ਬੇੜੀ ਵਿਚੋਂ ਉਤਰ ਕੇ ਬੋਟ ਉਤੇ ਚੜ੍ਹਨ ਲਗਿਆਂ ਕਿਹਾ—"ਮਿਸਟਰ ਰੰਗਾ! ਕਰਤਾਰਾ ਹਰਾਮੀ ਕਾ ਤੁਖਮ ਹੈ। ਅਗਰ ਅਪਣੇ ਭਾਈ ਕੋ ਬੀਟਰੇਅ ਕਰ ਸਕਤਾ ਹੈ ਤੋ ਕਿਸੇ ਕੋ ਨਹੀਂ ਕਰੇਗਾ। ਇਸ ਹਰਾਮ ਤੁਖਮ ਕਾ ਪੀਛਾ ਕਰਨਾ। ਹਮ ਵਾਪਸ ਆ ਕੇ ਇਸ ਸਾਲਾ ਕੋ ਸੀਧਾ ਕਰੇਗਾ।" ਟੋਮੀ ਦੀਆਂ ਝਿੜਕਾਂ ਸੁਣਕੇ ਕਰਤਾਰ ਸਿੰਘ ਦਾ ਚਿਹਰਾ ਫਕ ਹੋ ਗਿਆ। ਉਸ ਦੇ ਬੁਲ੍ਹਫੁਰਕਣ ਲਗੇਪਰ ਕੋਈ ਗਲ ਨਾ ਕਰ ਸਕਿਆ। ਰੰਗਾ ਨੂੰ ਕੋਈ ਹਰਾਨੀ ਨਾ ਹੋਈ ਕਿਉਂਕਿ ਟੋਮੀ ਅਜਿਹੀਆਂ ਗਲਾਂ ਕਰਤਾਰ ਸਿੰਘ ਬਾਰੇ ਕਈ ਬਾਰ ਕਹਿ ਚੁਕਾ ਸੀ। ਬੇੜੀਕੰਢੇ ਲਗਣ ਸਾਰ ਕਰਤਾਰ ਸਿੰਘ ਨੇ ਆਪਣਾ ਬਾਈਸਿਕਲ ਫੜਿਆ। ਰੰਗਾ ਨਾਲ ਬਿਨਾ ਕੋਈ ਗਲ ਕੀਤੇ ਸਾਈਕਲ ਦੌੜਾ ਲਿਆ। ਬੋਟ ਵਿਚ ਖਲੋਤਾ ਟੋਮੀ ਰੰਗਾ ਨੂੰ ਦੋਵੇਂ ਬਾਈਸਿਕਲ ਸੰਭਾਲ ਕੇ ਤੁਰਦਿਆਂ ਵੇਖ ਕੇ ਜੋਰ ਜੋਰ ਦੀ ਹੱਸ ਰਿਹਾ ਸੀ।

ਚੰਨ ਕਿਧਰੇ ਨਹੀਂ ਸੀ ਵਿਖਾਈ ਦਿੰਦਾ ਪਰ ਤਾਰਿਆਂ ਨਾਲ ਆਕਾਸ਼ ਚਮਕ ਰਿਹਾ ਸੀ। ਭਾਵੇਂ ਅਜੇ ਅੱਧੀ ਰਾਤ ਟੱਪੀ ਹੀ ਸੀ ਪਰ ਮੂੰਹ-ਝਾਖਰਾ ਹੋਇਆ ਦਿਸ ਰਿਹਾ ਸੀ। ਸਾਰੇ ਕੈਦੀ ਬੋਟ ਦੀ ਡੈਕ ਉਤੇ ਬੈਠੇ ਸਨ। ਟੋਮੀ ਨੇ ਸਿਆਮੀ ਪੁਲਸ ਨੂੰ ਕਹਿ ਕੇ ਸਭ ਦੇ ਪੈਰਾਂ ਵਿਚ ਬੇੜੀਆਂ ਲੁਆ ਦਿਤੀਆਂ। ਹਰ ਇਕ ਦੇ ਦੋਹਾਂ ਹੱਥਾਂ ਨੂੰ ਹਥਕੜੀਆਂ ਲੁਆ ਦਿਤੀਆਂ। ਇਕ ਵੱਡਾ ਸੰਗਲ ਸਾਰੇ ਕੈਦੀਆਂ ਦੀਆਂ ਬੇੜੀਆਂ ਵਿਚੋਂ ਲੰਘਾ ਕੇ ਸਭ ਨੂੰ ਜੁੜ ਦਿਤਾ। ਜੇ ਇਕ ਨੂੰ ਕੋਈ ਹਾਜਤ ਹੁੰਦੀ ਤਾਂ ਸਭ ਨੂੰ ਉਸ ਦੇ ਨਾਲ ਉਠਣਾ ਪੈਂਦਾ। ਸਾਰੇ ਕੈਦੀ ਟੋਮੀ ਦੀ ਇਸ ਹਰਕਤ ਉਤੇ ਡਾਢੇ ਗੁਸੇ ਸਨ। ਪਰ ਕੁਝ ਕਰਨ ਜੋਗੇ ਨਹੀਂ ਸਨ। ਉਹ ਸਾਰੇ ਇਕ ਦੂਜੇ ਦੇ ਸਾਹਮਣੇ ਬੈਠੇ, ਗੋਡਿਆਂ ਵਿਚ ਸਿਰ ਦੇ ਕੇ ਉਘਲਾਂਦੇ ਰਹੇ। ਟੋਮੀ ਵੀ ਉਨਾਂ ਦੇ ਨੇੜੇ ਹੀ ਕੁਰਸੀ ਉਤੇ ਬੈਠਾ ਉਘਲਾਂਦਾ ਰਿਹਾ। ਉਹ ਅੰਗਰੇਜੀ ਤੇ ਉਰਦੂ ਦੋਵੇਂ ਬੋਲੀਆਂ ਜਾਣਦਾ ਸੀ। ਇਸ ਕਰਕੇ ਕੈਦੀ ਕੋਈ ਗੁਪਤ ਗਲ ਨਾ ਕਰ ਸਕੇ। ਭਾਈ ਸਾਹਿਬ ਨੂੰ ਤੈਮਲ ਬੋਲੀ ਦੇ ਥੋੜੇ ਜਹੇ ਸ਼ਬਦ ਆਉਂਦੇ ਸਨ ਪਰ ਉਨਾਂ ਸ਼ਬਦਾਂ ਦੇ ਆਧਾਰ ਉਤੇ ਉਹ ਦਰਸੀ ਨਾਲ ਕੋਈ ਗੁਪਤ ਗਲ ਨਹੀਂ ਸਨ ਕਰ ਸਕਦੇ। ਇਕ ਤੈਮਲ, ਇਕ ਬੰਗਾਲੀ ਤੇ ਚਾਰ ਪੰਜਾਬੀ ਕੋਈ ਸਾਂਝੀ ਗਲ ਅੰਗਰੇਜੀ ਵਿਚ ਹੀ ਕਰ ਸਕਦੇ ਸਨ। ਉਨਾਂ ਨੇ ਇਸ਼ਾਰਿਆਂ ਗਲਾਂ ਕਰ ਕੇ ਰਾਤ ਲੰਘਾਈ। ਅਜੇ ਸੂਰਜ ਦੀ ਟਿੱਕੀ ਨਹੀਂ ਸੀ ਦਿਸੀ ਦਰਸੀ ਨੇ ਕੜਕ ਕੇ ਕਿਹਾ— "ਮਿਸਟਰ ਸਟੂਆਰਟ! ਅਸੀਂ ਜਾਨਵਰ ਨਹੀਂ ਇਨਸਾਨ ਹਾਂ। ਜੇ ਤੂੰ ਕਿਧਰੇ ਸਾਡੇ ਕਾਬੂ ਆ ਗਿਆ ਤਾਂ ਅਸੀਂ ਵੀ ਤੇਰਾ ਇਹੋ ਹਾਲ ਕਰਾਂਗੇ।" ਟੋਮੀ ਨੇ ਘਬਰਾ ਕੇ ਉਠਦਿਆਂ ਬੇੜੀਆਂ ਵਿਚੋਂ ਸੰਗਲ ਕੱਢ ਲੈਣ ਦਾ ਹੁਕਮ ਦੇ ਦਿਤਾ। ਹੁਣ ਉਹ ਇਕ ਇਕ ਕਰਕੇ, ਬੇੜੀਆਂ ਲਗੀਆਂ ਹੁੰਦਿਆਂ ਵੀ ਤੁਰਨ ਜੋਗੇ ਹੋਗਏ।

ਸ਼ਾਹ ਵੇਲਾ ਹੋ ਗਿਆ। ਇਕ ਸਿਆਮੀ ਨੇ ਉਬਾਲੇ ਚੌਲਾਂ ਦੀਆਂ ਨਿਕੀਆਂ ਨਿਕੀਆਂ ਠੂਠੀਆਂ ਜਿਹੀਆਂ ਉਨਾਂ ਦੇ ਸਾਹਮਣੇ ਲਿਆ ਰਖੀਆਂ। ਚੈਟਰਜੀ ਨੇ ਹੌਸਲਾ ਕਰਕੇ ਕਿਹਾ—"ਮਿਸਟਰ ਸਟੂਆਰਟ! ਥੋੜਾ ਲੂਣ ਮੰਗਾ ਦੇਹ। ਅਸੀਂ ਫਿਕੇ ਉਬਲੇ ਚੌਲ ਖਾ ਖਾ ਕੇ ਅੱਕ ਗਏ ਹਾਂ।" ਟੋਮੀ ਨੇ ਉਸਦੇ ਨੇੜੇ ਜਾਕੇ ਜਵਾਬ ਦਿਤਾ —"ਤੂੰ ਕੈਦੀ ਹੈਂ ਪ੍ਰਾਹੁਣਾ ਨਹੀਂ।" ਚੈਟਰਜੀ ਨੇ ਗੁਸੇ ਵਿਚ ਆਕੇ ਹਥਕੜੀਆਂ ਵਾਲੀ ਦੁਹੱਥੜ ਉਸ ਦੇ ਮੂੰਹ ਉਤੇ ਕਢ ਮਾਰੀ। ਉਹ ਮੂੰਹ ਢੱਕ ਕੇ ਚੀਕਾਂ ਮਾਰਦਾ ਮਾਰਦਾ ਪਿਛੇ ਹਟ ਗਿਆ। ਜਦ ਉਸ ਨੇ ਮੂੰਹ ਤੋਂ ਦੋਵੇਂ ਹਥ ਹਟਾਏ ਤਾਂ ਉਸਦੀ ਨਕਸੀਰ ਵਹਿ ਤੁਰੀ। ਉਸ ਦੀ ਕਮੀਜ ਤੇ ਰੁਮਾਲ ਲਹੂ ਲੁਹਾਨ ਹੋ ਗਏ। ਦੌੜ ਕੇ ਬੋਟ ਦੇ ਦੂਜੇ ਪਾਸੇ ਜਾਪਹੁੰਚਾ। ਉਸਦੀ ਹਾਲਤ ਵੇਖ ਕੇ ਇਕ ਸਿਆਮੀ ਪੁਲਸੀਏ ਦਾ ਹਾਸਾ ਨਿਕਲ ਗਿਆ। ਟੋਮੀ ਨੇ ਉਸ ਵਲ ਘੂਰ ਕੇ ਤਕਿਆ ਤੇ ਸ਼ੀਸ਼ੇ ਅੱਗੇ ਜਾ ਖਲੋਤਾ।

ਜਦ ਉਹ ਮੂੰਹ ਧੋਕੇ ਕੈਦੀਆਂ ਪਾਸਿਓਂ ਲੰਘਿਆ ਤਾਂ ਉਸ ਨੇ ਉਨਾਂ ਵਲ ਤਕਿਆ ਤਕ ਨਾਹ। ਚੈਟਰਜੀ ਖਿੜ ਖਿੜ ਕਰਕੇ ਹੱਸਣ ਲਗ ਪਿਆ। ਜੋਧ ਸਿੰਘ ਨੇ ਉਸ ਦੇ ਮੂੰਹ ਅਗੇ ਆਪਣੇ ਦੋਵੇਂ ਹਥ ਰਖ ਦਿਤੇ। ਚੈਟਰਜੀ ਨੇ ਝਟਕਾ ਮਾਰ ਕੇ ਉਸਦੇ ਹਥ ਹਟਾਏ ਤੇ ਉਚੀ ਉਚੀ ਅੰਗਰੇਜੀ ਬੋਲਣ ਲਗ ਪਿਆ — "ਇਹ ਦੋਗਲਾ ਐਂਗਲੋ ਇੰਡੀਅਨ ਕੀ ਸਮਝੇਗਾ ਕਿਸੇ ਬੰਗਾਲੀ ਨਾਲ ਵਾਹ ਪਿਆ ਸੀ। ਸਾਲੇ ਦੀ ਮਾਂ ਬੰਗਾਲਣ ਸੀ। ਇਹ ਸਾਲਾ ਬੰਗਾਲ, ਬੰਗਾਲੀ ਤੇ ਇੰਡੀਆ ਨੂੰ ਨਫਰਤ ਕਰਦਾ ਹੈ। ਮੇਰੀਆਂ ਬੇੜੀਆਂ ਹਥਕੜੀਆਂ ਖੋਲ੍ਹੇ। ਇਕੱਲੇ ਨਾਲ ਇਕਲਾ ਹੋ ਕੇ ਵੇਖ ਲਵੇ। ਮੈਂ ਇਸ ਦੀਆਂ ਹਡੀਆਂ ਚੱਬ ਜਾਵਾਂਗਾ।" ਜਾਪਦਾ ਜਿਵੇਂ ਟੋਮੀ ਉਸਦੀਆਂ ਸਾਰੀਆਂ ਗਲਾਂ ਸੁਣਕੇ ਵੀ ਜਤਲਾ ਰਿਹਾ ਸੀ ਕਿ ਉਹ ਨਹੀਂ ਸੀ ਸੁਣ ਰਿਹਾ। ਉਸਦਾ ਅੰਦਰਲਾ ਕੰਬ ਉਠਿਆ ਸੀ। ਉਸਨੇ ਸਿੰਘਾਪੁਰ ਦੇ ਗਦਰ ਵਿਚ ਕਈ ਅੰਗਰੇਜਾਂ ਦਾ ਡੁਲਦਾ ਖੂਨ ਵੇਖ ਕੇ ਆਪਣੀ ਜਾਨ ਬਚਾਉਣ ਦੀ ਕੀਤੀ ਸੀ। ਕਈ ਦਿਨ ਕਿਸੇ ਦੋਸਤ ਦੇ ਘਰ ਲੁਕਿਆ ਰਿਹਾ ਸੀ। ਆਪਣੀ ਡਿਊਟੀ ਉਤੇ ਵੀ ਨਹੀਂ ਸੀ ਗਿਆ। ਉਹ ਇਕ ਬੈਂਚ ਉਤੇ ਅੱਖਾਂ ਮੀਟ ਕੇ ਲੰਮਾ ਪਿਆ ਜਤਲਾ ਰਿਹਾ ਸੀ ਕਿ ਉਹ ਸੁੱਤਾ ਹੋਇਆ ਹੈ।

ਸੂਰਜ ਉਚਾ ਉਠਦਾ ਗਿਆ। ਧੁੱਪ ਤੇਜ ਹੁੰਦੀ ਗਈ। ਦੁਪਹਿਰਾਂ ਆ ਗਈਆਂ। ਉਨਾਂ ਦੇ ਸਾਹਮਣੇ ਚੌਲਾਂ ਦੀਆਂ ਪਲੇਟਾਂ ਵਿਚ ਕੁਝ ਘੁਲੀ ਮਿਲੀ ਸਬਜੀ ਵੀ ਸੀ। ਚੈਟਰਜੀ ਨੇ ਪਹਿਲਾ ਚਮਚਾ ਮੂੰਹ ਵਿਚ ਪਾਇਆ। ਉਸ ਦਾ ਚਿਹਰਾ ਖਿੜ ਗਿਆ। ਉਸ ਨੇ ਨੱਕ ਚੜ੍ਹਾ ਕੇ ਕਿਹਾ —"ਸਾਲਿਆਂ ਨੇ ਸੁਵੇਰ ਦਾ ਲੂਣ ਵੀ ਇਸੇ ਖਾਣੇ ਵਿਚ ਪਾ ਦਿਤਾ ਹੈ।" ਉਹ ਹੱਸ਼ ਰਿਹਾ ਸੀ। ਬਾਕੀ ਸਾਰੇ ਕੈਦੀ ਚੁੱਪ ਚਾਪ ਖਾਣਾ ਖਾ ਰਹੇ ਸਨ। ਕੁਝ ਚਿਰ ਪਿਛੋਂ ਸ਼ਿਵ ਦਿਆਲ ਕਪੂਰ ਬੋਲ ਪਿਆ—"ਲਾਤੋਂ ਕੇ ਭੂਤ ਬਾਤੋਂ ਸੇ ਬਾਜ ਨਹੀਂ ਆਤੇ।" ਉਸ ਨੇ ਚੈਟਰਜੀ ਵਲ ਪਰਸੰਸਾ ਭਰੀ ਨਜਰਾਂ ਨਾਲ ਤਕਿਆ। ਟੋਮੀ ਉਠ ਕੇ ਬਹਿ ਗਿਆ। ਸਾਰੇ ਕੈਦੀ ਚੁੱਪ ਚਾਪ ਚੌਲ ਖਾਂਦੇ ਰਹੇ।

ਸਭ ਕੈਦੀਆਂ ਦਾ ਖਿਆਲ ਸੀ ਕਿ ਰਾਤ ਪੈਣ ਉਤੇ ਸਭ ਨੂੰ ਸੰਗਲ ਲਾਕੇ ਇਕੋ ਥਾਂ ਜੂੜ ਦਿਤਾ ਜਾਏਗਾ। ਦਿਨ ਹੁੰਦਿਆਂ ਹੀ ਉਨਾਂ ਨੂੰ ਰਾਤ ਦੇ ਚੌਲ ਮਿਲੇ। ਹਨੇਰਾ ਪੈ ਗਿਆ। ਨਾ ਟੋਮੀ ਉਧਰ ਆਇਆ ਤੇ ਨਾ ਹੀ ਸਿਆਮੀਆਂ ਨੇ ਉਨਾਂ ਨੂੰ ਇਕੋ ਸੰਗਲ ਵਿਚ ਨੂੜਿਆ। ਉਹ ਬਹਿੰਦੇ ਲੇਟਦੇ ਸੁਤੇ ਜਾਗਦੇ, ਗਲਾਂ ਕਰਦੇ ਸਵੇਰ ਦੇ ਸੂਰਜ ਨੂੰ ਉਡੀਕਦੇ ਰਹੇ। ਉਹ ਸਮੁੰਦਰ ਵਿਚ ਕੰਢੇ ਤੋਂ ਕਾਫੀ ਦੂਰ ਸਨ। ਹਵਾ ਰੁਮਕ ਰੁਮਕ ਵਗ ਰਹੀ ਸੀ। ਉਨਾਂ ਦੇ ਸਰੀਰਾਂ ਨੇ ਕੁਝ ਸੁਖ ਮਹਿਸੂਸ ਕੀਤਾ। ਸਾਰਾ ਦਿਨ ਪਹਿਲੇ ਦਿਨ ਵਾਂਗੂ ਹੀ ਲੰਘ ਗਿਆ। ਦੂਜੀ ਰਾਤ ਵੀ ਲੰਘ ਗਈ। ਸਵੇਰ ਸਾਰ ਉਨਾਂ ਨੂੰ ਕੰਢਾ ਦਿਸਣ ਲਗ ਪਿਆ। ਕੁਝ ਦੇਰ ਮਗਰੋਂ ਬੋਟ ਰੁਕ ਗਿਆ। ਦੋ ਬੇੜੀਆਂ ਬੋਟ ਦੇ ਨੇੜੇ ਆ ਢੁਕੀਆਂ। ਕੈਦੀਆਂ ਨੇ ਸਮੁੰਦਰ ਕੰਢੇ ਸਿਆਮੀ ਲੋਕ ਵੇਖ ਕੇ ਸਮਝ ਲਿਆ ਕਿ ਉਹ ਸਿਆਮ ਦੀ ਕਿਸੇ ਨਿੱਕੀ ਜਿਹੀ ਬੰਦਰਗਾਹ ਦੇ ਨੇੜੇ ਆ ਲਗੇ ਹਨ। ਟੋਮ ਪਹਿਲੀ ਬੇੜੀ ਵਿਚ ਉਤਰ ਗਿਆ। ਇਕ ਸਿਆਮੀ ਨੇ ਇਸ਼ਾਰੇ ਨਾਲ ਕੁਝ ਦਸਣਾ ਚਾਹਿਆ ਪਰ ਕਿਸੇ ਨੂੰ ਕੁਝ ਸਮਝ ਨਾ ਆਈ। ਫਿਰ ਉਸ ਨੇ ਸਿਆਮੀ ਵਿਚ ਬੰਦਰਗਾਹ ਦਾ ਨਾਮ ਦਸਿਆ ਤਾਂ ਭਾਈ ਸਾਹਿਬ ਬੋਲ ਪਏ — ਅਸੀਂ ਸੰਘੋਰੇ ਪਹੁੰਚ ਗਏ ਆਂ। ਸਿਆਮੀ ਸੌਂਖਲਾ ਕਹਿੰਦੇ ਐ। ਹਟਯਾਈ ਤੋਂ ਦੂਰ ਨਹੀਂ। ਅਸੀਂ ਏਸੇ ਰਾਹ ਗਏ ਹਾਂ।"

ਦਰਸੀ ਨੇ ਅੰਗਰੇਜੀ ਵਿਚ ਪੁਛਿਆ—"ਅਸੀਂ ਕ੍ਰਿਧਰ ਜਾ ਰਹੇ ਹਾਂ? ਮੇਰਾ ਤਾਂ ਖਿਆਲ ਸੀ ਕਿ ਇਹ ਸਾਨੂੰ ਕਿਸੇ ਜਹਾਜ ਵਿਚ ਚੜ੍ਹਾਕੇ ਇੰਡੀਆ ਭੇਜ ਦੇਣਗੇ।"

"ਇਥੋਂ ਮਲਾਯਾ ਦੀ ਹੱਦ ਦੂਰ ਨਹੀਂ। ਕਿਧਰੇ ਮਲਾਯਾ ਨੂੰ ਨਾ ਲੈ ਤੁਰਨ।"

"ਕੀ ਫਰਕ ਪੈਂਦੈ ਸਾਨੂੰ।" ਠਾਕਰ ਸਿੰਘ ਨੇ ਦ੍ਰਿੜਤਾ ਭਰੀ ਆਵਾਜ ਵਿਚ ਕਿਹਾ।

ਫਰਕ ਤਾਂ ਕੋਈ ਨਹੀਂ ਪੈਂਦਾ ਪਰ ਦੇਸ ਦੀ ਮਿਟੀ ਵਿਚ ਮਿਟੀ ਮਿਲੇ ਤਾਂ ਚੰਗੈ।"

ਭਾਈ ਸਾਹਿਬ ਦੀ ਗਲ ਸੁਣਕੇ ਠਾਕਰ ਸਿੰਘ ਬੋਲ ਪਿਆ—"ਮਿਟੀ ਮਿਟੀ ਵਿਚ ਮਿਲਣੀ ਐ। ਸਾਰੀ ਦੁਨੀਆਂ ਦੀ ਮਿਟੀ ਇਕੋ ਜਿਹੀ ਐ।" ਜੋਧ ਸਿੰਘ ਨੇ ਆਪਣੇ ਦੋਹਾਂ ਹੱਥਾਂ ਨਾਲ ਆਪਣਾ ਚਿਹਰਾ ਢਕਿਆ ਹੋਇਆ ਸੀ। ਸਭ ਨੂੰ ਪਤਾ ਸੀ ਕਿ ਜੋਧ ਸਿੰਘ ਨੇ ਕਮਜੋਰੀ ਵਿਖਾਈ ਸੀ। ਉਸੇ ਦੀ ਕਮਜੋਰੀ ਖਾਤਰ ਸਾਰੇ ਫੜੇ ਗਏ ਸਨ। ਚੈਟਰਜੀ ਨਾਲ ਉਸ ਦੀ ਹਥਕੜੀ ਜੁੜੀ ਰਹੀ ਪਰ ਚੈਟਰਜੀ ਵੀ ਉਸ ਨਾਲ ਨਹੀਂ ਸੀ ਬੋਲਿਆ। ਜੋਧ ਸਿੰਘ ਇਸ ਗਲੋਂ ਵੀ ਦੁਖੀ ਸੀ ਕਿ ਭਾਈ ਸਾਹਿਬ ਤੋਂ ਬਿਨਾਂ ਹੋਰ ਕੋਈ ਕੈਦੀ ਉਸ ਨਾਲ ਅੱਖਾਂ ਵੀ ਨਹੀਂ ਮਿਲਾਂਦਾ। ਉਸ ਦੀ ਕਮਜੋਰੀ ਦਾ ਉਸਨੂੰ ਕੋਈ ਲਾਭ ਨਹੀਂ ਸੀ ਹੋਇਆ। ਉਸ ਨਾਲ ਵੀ ਉਹੋ ਸਲੂਕ ਕੀਤਾ ਜਾ ਰਿਹਾ ਸੀ ਜੋ ਹੋਰ ਕੈਦੀਆਂ ਨਾਲ। ਇਕ ਗਲ ਵਾਧੂ ਸੀ ਕਿ ਸਾਰੇ ਕੈਦੀ ਉਸ ਨਾਲ ਨਫਰਤ ਕਰਨ ਲਗ ਪਏ ਸਨ।

ਦੁਪਿਹਰਾਂ ਹੋਣ ਲਗੀਆਂ ਸਨ ਪਰ ਅਜੇ ਤਕ ਟੋਮੀ ਨਹੀਂ ਸੀ ਮੁੜਿਆ। ਦੁਪਿਹਰਾਂ ਢਲ ਗਈਆਂ। ਸੂਰਜ ਡੁਬਣ ਉਤੇ ਆ ਗਿਆ। ਹਨੇਰਾ ਪੈ ਗਿਆ। ਇਕ ਦਮ ਸਮੁੰਦਰ ਦੇ ਕੰਢੇ ਉਤੇ ਕਈ ਬਤੀਆਂ ਚਮਕੀਆਂ। ਉਨਾਂ ਆਪਣੇ ਵਲ ਕਈ ਬੇੜੀਆਂ ਵਧਦੀਆਂ ਵੇਖੀਆਂ। ਲਗ ਭਗ ਡੇਢ ਦਰਜਨ ਮਲਾਈ ਪੁਲਸੀਏ ਉਨਾਂ ਦੇ ਬੋਟ ਉਤੇ ਆ ਚੜ੍ਹੇ। ਕੈਦੀਆਂ ਨੂੰ ਬੇੜੀਆਂ ਉਤੇ ਚੜ੍ਹਾਕੇ ਆਪਣੇ ਘੇਰੇ ਵਿਚ ਲੈਕੇ ਉਨਾਂ ਦੀਆਂ ਬੇੜੀਆਂ ਖੋਲ੍ਹ ਕੇ ਹੱਥਕੜੀਆਂ ਲਗੀਆਂ ਰਹਿਣ ਦਿਤੀਆਂ। ਉਹ ਸਾਰੀ ਰਾਤ ਤੁਰਦੇ ਰਹੇ। ਜਿਥੇ ਪੁਲਸੀਏ ਚਾਹੁੰਦੇ ਉਨਾਂ ਨੂੰ ਕੁਝ ਮਿੰਟਾਂ ਲਈ ਆਰਾਮ ਦੇ ਦਿੰਦੇ। ਉਹ ਸੂਰਜ ਦੀ ਟਿੱਕੀ ਨਿਕਲਣ ਤੁਰਦੇ ਰਹੇ। ਕੀ ਸਿਆਮੀ ਕੀ ਮਲਾਈ ਤੇ ਕੀ ਕੈਦੀ ਸਭ ਥੱਕੇ ਟੁੱਟੇ ਪਏ ਸਨ। ਇਕ ਪੁਲਸ ਥਾਣੇ ਵਿਚ ਪਹੁੰਚ ਕੇ ਉਨਾਂ ਕੁਝ ਮਿੰਟਾਂ ਲਈ ਸਭ ਦੀਆਂ ਹੱਥਕੜੀਆਂ ਖੋਲ੍ਹ ਦਿਤੀਆਂ। ਨਾਸ਼ਤਾ ਕਰਕੇ ਉਹ ਫਿਰ ਅਗੇ ਤੁਰ ਪਏ। ਕੁਝ ਮੀਲ ਜਾ ਕੇ ਉਹ ਇਕ ਹੋਰ ਥਾਂ ਜਾ ਰੁਕੇ। ਸਾਰਾ ਦਿਨ ਉਨਾਂ ਉਥੇ ਗੁਜਾਰਿਆ। ਰਾਤ ਪਈ ਉਹ ਇਕ ਸਟੇਸ਼ਨ ਉਤੇ ਜਾ ਪਹੁੰਚੇ। ਭਾਈ ਸਾਹਿਬ ਨੇ ਦੱਸਿਆ —"ਦਰਸੀ। ਅਸੀਂ ਹਟਯਾਈ ਪਹੁੰਚ ਗਏ ਹਾਂ। ਅਗੋਂ ਵੇਖੀਏ ਕਿਧਰ ਲਿਜਾਂਦੇ ਹਨ। ਜੇ ਪੀਨਾਂਗ ਵਲ ਲੈ ਤੁਰੇ ਤਾਂ ਇੰਡੀਆ ਵਾਲੇ ਜਹਾਜ ਉਤੇ ਚੜ੍ਹਾਉਣਗੇ।"

ਏਨੇ ਨੂੰ ਰੇਲ ਗੱਡੀ ਆ ਗਈ। ਉਸਦੇ ਇਕ ਡੱਬੇ ਵਿਚ ਕੈਦੀਆਂ ਨੂੰ ਚੜ੍ਹਾਇਆ ਗਿਆ। ਡੱਬੇ ਦੇ ਦੋਹਾਂ ਬੂਹਿਆਂ ਨੇੜੇ ਮਲਾਈ ਪੁਲਸੀਏ ਬਿਠਾ ਦਿਤੇ ਗਏ। ਭਾਈ ਸਾਹਿਬ ਤਾੜ ਗਏ ਕਿ ਉਹ ਕੋਤਾਬਰੂ ਵਲ ਲਿਜਾਏ ਜਾ ਰਹੇ ਹਨ ਪਰ ਮੂਹੋਂ ਕੁਝ ਨਾ ਬੋਲੇ ਕਿਉਂਕਿ ਟੋਮੀ ਉਨਾਂ ਦੇ ਸਾਹਮਣੇ ਫੱਟੇ ਉਤੇ ਲੇਟਿਆ ਹੋਇਆ ਸੀ।

ਕੋਤਾਬਰੂ ਪਹੁੰਚ ਕੇਉਨਾਂ ਨੂੰ ਬਖਸ਼ੀਸ਼ ਸਿੰਘ, ਚੰਦਾ ਸਿੰਘ, ਸ਼ੇਰ ਸਿੰਘ, ਨੱਥਾ ਸਿੰਘ, ਪਠਾਣ ਅਮਾਨਉਲਾ ਤੇ ਹੋਰ ਮਿਤਰ ਯਾਦ ਆਉਣ ਲਗ ਪਏ। ਉਹ ਮਿਤਰਾਂ ਦੀ ਯਾਦ ਵਿਚ ਉਂਘਲਾਉਣ ਲਗ ਪਏ। ਉਹ ਕਦੇ ਸੌਂ ਜਾਂਦੇ ਕਦੇ ਜਾਗ ਪੈਂਦੇ। ਰਾਤ ਲੰਘ ਗਈ। ਹੁਣ ਉਨਾਂ ਦਾ ਸ਼ਕ ਪੱਕਾ ਹੋ ਗਿਆ ਸੀ ਕਿ ਉਹ ਸਿੰਘਾਪੁਰ ਵਲ ਲਿਜਾਏ ਜਾ ਰਹੇ ਹਨ।

ਚਲਦਾ

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕਨੇਡਾ ਵਲੋਂ ਪਬਲਿਕ ਮੀਟਿੰਗ ਦੀ ਰੀਪੋਰਟ

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕਨੇਡਾ ਵਲੋਂ 18 ਸਤੰਬਰ 1983 ਨੂੰ ਇਕ ਪਬਲਿਕ ਮੀਟਿੰਗ ਵੈਨਕੂਵਰ ਵਿਖੇ ਕੀਤੀ ਗਈ। ਇਹ ਮੀਟਿੰਗ ਸੁਰਿੰਦਰ ਸਿੰਘ ਪ੍ਰਧਾਨ ਐਸੋਸੀਏਸ਼ਨ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੀਟਿੰਗ ਦਾ ਉਦੇਸ਼ ਭਾਰਤੀ ਲੋਕਾਂ ਨੂੰ ਬੀ. ਸੀ. ਦੇ ਸਮੁੱਚੇ ਲੋਕਾਂ ਵਲੋਂ ਕੀਤੇ ਗਏ ਸੋਕਰਡ ਸਰਕਾਰ ਦੇ ਲੋਕ ਵਿਰੋਧੀ ਬੱਜਟ ਸੰਬੰਧੀ ਦਸਣ ਲਈ ਕੀਤੀ ਗਈ।

ਇਸ ਮੀਟਿੰਗ ਵਿਚ ਸਭ ਤੋਂ ਪਹਿਲਾਂ ਭਾਰਤ ਦੇ ਹਾਲਾਤ ਬਾਰੇ ਸਾਥੀ ਜੀਤ ਸਿੰਘ ਅਣਖੀ ਨੇ ਦੱਸਿਆ। ਉਨ੍ਹਾਂ ਇੰਦਰਾ ਸਰਕਾਰ ਵਲੋਂ ਪੰਜਾਬੀ ਦੀਆਂ ਹੱਕੀ ਮੰਗਾਂ ਨਾ ਮੰਨਣ ਸੰਬੰਧੀ ਵਿਸਥਾਰ ਪੂਰਬਕ ਚਾਨਣਾ ਪਾਇਆ। ਉਨ੍ਹਾਂ ਸੂਬਿਆਂ ਨੂੰ ਵੱਧ ਅਧਿਕਾਰ ਦੇਣ, ਚੰਡੀਗੜ੍ਹ ਪੰਜਾਬ ਨੂੰ ਦੇਣ, ਪਾਣੀਆਂ ਦੇ ਝਗੜੇ ਬਾਰੇ ਕਮਿਸ਼ਨ ਬੈਠਾਉਣ ਅਤੇ ਪੰਜਾਬੀ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰਨ ਲਈ ਕਮਿਸ਼ਨ ਬੈਠਾਉਣ ਦੀ ਐਸੋਸੀਏਸ਼ਨ ਵਲੋਂ ਮੰਗ ਕੀਤੀ। ਉਨ੍ਹਾਂ 8 ਸਤੰਬਰ 1983 ਨੂੰ ਚੰਡੀਗੜ੍ਹ ਵਿਖੇ ਸੀ. ਪੀ. ਆਈ (ਮ) ਵਲੋਂ ਕੀਤੇ ਜ਼ਬਰਦਸਤ ਮੁਜ਼ਾਹਰੇ ਦਾ ਜ਼ਿਕਰ ਵੀ ਕੀਤਾ ਜੋ ਸਰਕਾਰ ਉਪਰ ਜ਼ੋਰ ਪਾਉਣ ਲਈ ਕੀਤਾ ਗਿਆ ਸੀ ਕਿ ਪੰਜਾਬੀਆਂ ਦੀਆਂ ਸਾਂਝੀਆਂ ਮੰਗਾਂ ਮੰਨੀਆਂ ਜਾਣ।

ਇਸ ਤੋਂ ਮਗਰੋਂ ਕਮਿਉਨਿਸਟ ਪਾਰਟੀ ਆਫ ਕਨੇਡਾ ਵਲੋਂ ਸਾਥੀ ਮੈਕਗਿੱਲ ਨੇ ਔਪਰੇਸ਼ਨ ਸੌਲੇਡੈਰਟੀ ਵਲੋਂ ਆਪਣੇ ਵਿਚ ਵਿਸਥਾਰ ਨਾਲ ਦੱਸੇ। ਉਨ੍ਹਾਂ ਕਿਹਾ ਕਿ ਔਪਰੇਸ਼ਨ ਸੌਲੇਡੈਰਟੀ ਦਾ ਹੋਂਦ ਵਿਚ ਆਉਣਾ ਕਨੇਡਾ ਦੇ ਇਤਿਹਾਸ ਵਿਚ ਇਕ ਵਿਸ਼ੇਸ਼ ਘਟਨਾ ਹੈ। ਉਨ੍ਹਾਂ ਸੋਕਰਡ ਸਰਕਾਰ ਦੇ ਬੱਜਟ ਨੂੰ ਲੋਕ-ਵਿਰੋਧੀ ਕਰਾਰ ਦਿੱਤਾ। ਉਨ੍ਹਾਂ ਹਿਊਮਨ ਰਾਈਟਸ ਕਮਿਸ਼ਨ ਦਾ ਖਾਤਮਾ ਕਰਨ, ਵਿਦਿਅਕ ਅਤੇ ਸਿਹਤ ਸੇਵਾਵਾਂ ਵਿਚ ਭਾਰੀ ਕਟੌਤੀ ਕਾਰਨ, ਸਰਕਾਰੀ ਮੁਲਾਜ਼ਮਾਂ ਨੂੰ ਬੇਕਿਰਕੀ ਨਾਲ ਕੰਮਾਂ ਤੋਂ ਹਟਾਉਣ ਦੇ ਜ਼ਬਰੀ ਕਦਮਾਂ ਦੀ ਸਖਤ ਨੁਕਤਾਚੀਨੀ ਕੀਤੀ। ਸਾਥੀ ਮੈਕਗਿੱਲ ਨੇ ਕਿਹਾ ਮੰਗਾਂ ਮੰਨੇ ਜਾਣ ਤੱਕ ਇਹ ਲੋਕਾਂ ਦਾ ਘੋਲ ਜਾਰੀ ਰਹੇਗਾ। ਉਨ੍ਹਾਂ ਇਸ ਗੱਲ ਉਪਰ ਸੀ. ਪੀ. ਸੀ ਵਲੋਂ ਅਤੇ ਔਪਰੇਸ਼ਨ ਸੌਲੇਡੈਰਟੀ ਵਲੋਂ ਖੁਸ਼ੀ ਪ੍ਰਗਟ ਕੀਤੀ ਕਿ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਬੀ. ਸੀ. ਦੇ ਲੋਕਾਂ ਦੇ ਸਾਂਝੇ ਕਾਜ ਲਈ ਮੀਟਿੰਗਾਂ ਅਤੇ ਪ੍ਰਾਪੇਗੰਡਾ ਕਰ ਰਹੀ ਹੈ। ਉਨ੍ਹਾਂ ਸਾਮਰਾਜੀਆਂ ਵਲੋਂ ਸੰਸਾਰ ਅਮਨ ਨੂੰ ਤਬਾਹ ਕਰਨ ਲਈ ਸਾਜ਼ਸ਼ਾਂ ਜਥੇਬੰਦ ਕਰਨ ਦੀ ਨਿਖੇਧੀ ਵੀ ਕੀਤੀ। ਸਾਥੀ ਪਿਆਰਾ ਸਿੰਘ ਬਾਸੀ ਨੇ ਸਾਥੀ ਮੈਕਗਿੱਲ ਦੀ ਸਪੀਚ ਦਾ ਪੰਜਾਬੀ ਤਰਜਮਾ ਕੀਤਾ।

ਐਸੋਸੀਏਸ਼ਨ ਦੇ ਜਨਰਲ ਸਕੱਤਰ 'ਸੂਫੀ' ਅਮਰਜੀਤ ਨੇ ਔਪਰੇਸ਼ਨ ਸੌਲੇਡੈਰਟੀ ਦੇ ਸਾਰੇ ਐਕਸ਼ਨਾਂ ਵਿਚ ਭਾਰਤੀਆਂ ਨੂੰ ਵਧ ਚੜ੍ਹ ਕੇ ਹਿਸਾ ਲੈਣ ਲਈ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਹਿਊਮਨ ਰਾਈਟਸ ਦਾ ਖਾਤਮਾ ਭਾਰਤੀ ਕਮਿਊਨਿਟੀ ਲਈ ਮਾਰੂ ਸਾਬਤ ਹੋਵੇਗਾ। ਉਨ੍ਹਾਂ ਬੀ. ਸੀ. ਸਰਕਾਰ ਨੂੰ ਲੋਕ ਵਿਰੋਧੀ ਅਤੇ ਜਮਹੂਰੀਅਤ ਵਿਰੋਧੀ ਸਰਕਾਰ ਕਿਹਾ। ਉਨ੍ਹਾਂ ਫਰੇਜ਼ਰ ਇਨਸਟੀਚੂਟ ਬਾਰੇ ਵੀ ਦੱਸਿਆ ਜਿਸਨੇ ਸਰਕਾਰ ਨੂੰ ਇਹ ਲੋਕ ਵਿਰੋਧੀ ਕਾਨੂੰਨ ਬਣਾਉਣ ਲਈ ਆਪਣੀ ਸਲਾਹ ਦਿਤੀ ਹੈ। ਸੂਫੀ ਹੋਰਾਂ ਸਿੱਖ ਸੌਲੇਡੈਰਟੀ ਬਣਾਉਣ ਦਾ ਸੁਆਗਤ ਕੀਤਾ ਪ੍ਰੰਤੂ ਗੁਰਦੁਆਰਾ ਕਮੇਟੀਆਂ ਨੂੰ ਅਪੀਲ ਕੀਤੀ ਕਿ ਉਹ ਸਿਰਫ ਬਿਲ 27 ਦੇ ਵਿਰੋਧ ਲਈ ਹੀ ਨਾ ਖਲੋਣ ਸਗੋਂ ਬਾਕੀ ਸਾਰੇ ਲੋਕ ਵਿਰੋਧੀ ਬਿਲਾਂ ਲਈ ਵੀ ਆਵਾਜ਼ ਉਚੀ ਕਰਨ। ਮੈਡੀਕਲ ਦੀ ਫੀਸ ਦਾ ਅਸਰ ਸਾਡੇ ਉਪਰ ਵੀ ਪਵੇਗਾ। ਹੋਰ ਕਟੌਤੀਆਂ ਅਤੇ ਟੈਕਸਾਂ ਦਾ ਬੋਝ ਵੀ ਸਾਡੇ ਉਪਰ ਪਵੇਗਾ।

ਅੰਤ ਵਿਚ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ ਜਾਰੀ ਕੀਤੀ ਪਰੈਸ ਰਲੀਜ਼ ਐਸੋ: ਦੇ ਪ੍ਰਧਾਨ ਸਾਥੀ ਸੁਰਿੰਦਰ ਸਿੰਘ ਸੰਘਾ ਨੇ ਪੜ੍ਹ ਕੇ ਰਲੀਜ਼ ਕੀਤੀ ਅਤੇ ਮੀਟਿੰਗ ਵਿਚ ਆਏ ਲੋਕਾਂ ਦਾ ਧੰਨਵਾਦ ਕੀਤਾ। ਐਸੋਸੀਏਸ਼ਨ ਦੇ ਸਹਾਇਕ ਸਕੱਤਰ ਸਾਥੀ ਮੁਹਿੰਦਰ ਸੂਮਲ ਨੇ ਸਟੇਜ ਦੀ ਕਾਰਵਾਈ ਬੜੇ ਸੁਚੱਜੇ ਢੰਗ ਨਾਲ ਨਿਭਾਈ।

ਸੂਫੀ ਅਮਰਜੀਤ
ਜ: ਸਕੱਤਰ ਈ: ਇੰਡੀਅਨ ਵਰਕਰਜ਼ ਐਸੋ: ਆਫ ਕਨੇਡਾ।

ਜਗਜੀਤ ਸਿੰਘ ਸਿੱਧੂ ਸੇਲਜ਼ ਮੈਨੇਜਰ ਬਰਮੂਡਾ ਕਨਵੈਨਸ਼ਨ ਵਿਚ



ਵੈਨਕੂਵਰ—ਨੈਸ਼ਨਲ ਲਾਈਫ ਆਫ ਕੈਨੇਡਾ ਦੀ ਹਰ ਦੋ ਸਾਲਾਂ ਪਿਛੋਂ ਹੋਣ ਵਾਲੀ ਕਨਵੈਨਸ਼ਨ 25 ਤੋਂ 28 ਸਤੰਬਰ ਤੱਕ ਬਰਮੂਡਾ ਵਿਚ ਹੋ ਰਹੀ ਹੈ। ਨੈਸ਼ਨਲ ਲਾਈਫ ਦੇ ਸਾਰੇ ਸੇਲਜ਼ ਮੈਨੇਜਰਾਂ ਵਿਚੋਂ ਇਕੱਲੇ ਜਗਜੀਤ ਸਿੰਘ ਸਿੱਧੂ ਹਨ ਜਿਨ੍ਹਾਂ ਨੂੰ ਬਰਮੂਡਾ ਕਨਵੈਨਸ਼ਨ ਲਈ ਚੁਣਿਆ ਗਿਆ ਹੈ। ਜਗਜੀਤ ਸਿੰਘ ਸਿੱਧੂ ਪਿਛਲੇ ਸਾਲ ਤੋਂ ਨੈਸ਼ਨਲ ਲਾਈਫ ਆਫ ਕੈਨੇਡਾ ਦੀ ਵੈਨਕੂਵਰ ਬਰਾਂਚ ਵਿਚ ਸੇਲਜ਼ ਮੈਨੇਜਰ ਵਜੋਂ ਕੰਮ ਕਰ ਰਹੇ ਹਨ। ਵੈਨਕੂਵਰ ਬਰਾਂਚ ਕੈਨੇਡਾ ਵਿਚ ਨੈਸ਼ਨਲ ਲਾਈਫ ਦੀ ਪਹਿਲੇ ਨੰਬਰ ਦੀ ਬਰਾਂਚ ਹੈ ਇਸੇ ਕਾਰਨ ਪਿਛਲੇ ਦਿਨੀਂ ਕੰਪਨੀ ਦੇ ਡਾਇਰੈਕਟਰਜ਼ ਦੀ ਮੀਟਿੰਗ ਪਹਿਲੀ ਵਾਰ ਵੈਨਕੂਵਰ ਵਿਚ ਹੋਈ ਸੀ। ਇੰਟਰਵਿਊ ਵਿਚ ਜਗਜੀਤ ਸਿੰਘ ਸਿੱਧੂ ਨੇ ਕਿਹਾ ਕਿ "ਮੈਨੂੰ ਮਾਣ ਹੈ ਕਿ ਮੈਂ ਨੈਸ਼ਨਲ ਲਾਈਫ ਵਰਗੀ ਉਚ ਕੋਟੀ ਦੀ ਇਨਸ਼ੋਰੈਂਸ ਕੰਪਨੀ ਨਾਲ ਸਬੰਧਤ ਹਾਂ।


ਪੈਨਸ਼ਨਾਂ ਬੈਂਕਾਂ ਤੋਂ ਮਿਲਣਗੀਆਂ

ਹੁਸ਼ਿਆਰਪੁਰ—ਡੀ. ਸੀ. ਹੁਸ਼ਿਆਰਪੁਰ ਸ੍ਰੀ ਐਚ. ਐਲ. ਸਿੱਕਾ ਨੇ ਦਸਿਆ ਹੈ ਕਿ ਹੁਣ ਜ਼ਿਲੇ ਦੇ ਪੈਨਸ਼ਨਰਾਂ ਨੂੰ ਆਪਣੇ ਨੇੜੇ ਦੇ ਬੈਂਕਾਂ ਵਿਚੋਂ ਹੀ ਆਪਣੀਆਂ ਪੈਨਸ਼ਨਾਂ ਮਿਲ ਜਾਇਆ ਕਰਨਗੀਆਂ। ਪਹਿਲਾਂ ਕੋਈ ਦੋ ਹਜ਼ਾਰ ਪੈਨਸ਼ਨਰਾਂ ਨੂੰ ਤਿੰਨ ਮਹੀਨੇ ਬਾਅਦ ਮਨੀਆਰਡਰ ਘੱਲੇ ਜਾਂਦੇ ਸਨ

ਸ੍ਰੀ ਸਿੱਕਾ ਨੇ ਦਸਿਆ ਕਿ ਸਬੰਧਤ ਭਲਾਈ ਅਫਸਰਾਂ ਨੂੰ ਪੈਨਸ਼ਨਰਾਂ ਦੇ ਸ਼ਨਾਖਤੀ ਕਾਰਡ ਬਣਾਉਣ ਲਈ ਕਹਿ ਦਿਤਾ ਗਿਆ ਹੈ ਤੇ ਇਹ ਕੰਮ ਅੱਜ ਤੋਂ ਹੀ ਸ਼ੁਰੂ ਕੀਤਾ ਜਾ ਰਿਹਾ ਹੈ। ਵੱਖ ਵੱਖ ਬਲਾਕਾਂ ਵਿਚ 23 ਸਤੰਬਰ ਤਕ ਸ਼ਨਾਖਤੀ ਕਾਰਡ ਬਣਾਉਣ ਦਾ ਕੰਮ ਮੁਕੰਮਲ ਕਰ ਲਿਆ ਜਾਏਗਾ।

ਵਧੀਆਂ ਪੈਨਸ਼ਨਾਂ ਲਾਗੂ ਨਾ ਹੋਈਆਂ ਤਾਂ ਮੈਡਲ ਵਾਪਸ

ਚੰਡੀਗੜ੍ਹ—ਆਲ ਇੰਡੀਆ ਐਕਸ ਸਰਵਿਸਿਜ਼ ਲੀਗ(ਪੰਜਾਬ-ਚੰਡੀਗੜ੍ਹ) ਦੇ ਜਨਰਲ ਸਕੱਤਰ ਸ: ਗਿਆਨ ਸਿੰਘ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿਤੀ ਹੈ ਕਿ ਜੇਕਰ ਸਾਬਕਾ ਪੈਨਸ਼ਨਰਾਂ ਨੂੰ ਅਪਰੈਲ 1979 ਤੋਂ ਵਧੀਆਂ ਪੈਨਸ਼ਨਾਂ ਦਾ ਸਤੰਬਰ 1983 ਤਕ ਕੇਂਦਰ ਨੇ ਭੁਗਤਾਨ ਨਾ ਕੀਤਾ ਤਾਂ ਸਾਰੇ ਦੇਸ਼ ਦੇ ਸਾਬਕਾ ਫੌਜੀਆਂ ਵਲੋਂ ਕੇਂਦਰ ਸਰਕਾਰ ਦੇ ਬੁਜ਼ਦਿਲੀ ਅਤੇ ਅਣਗਹਿਲੀ ਵਿਰੁਧ ਪ੍ਰੋਟੈਸਟ ਕਰਨ ਲਈ 26 ਜਨਵਰੀ 1984 ਨੂੰ ਰਾਸ਼ਟਰਪਤੀ ਨੂੰ ਮੈਡਲ ਵਾਪਸ ਕੀਤੇ ਜਾਣਗੇ।



ਬੈਂਕ ਦੇ ਦੋ ਲੱਖ ਰੁਪਏ ਲੁੱਟ ਲਏ

ਬੁਲੰਦ ਸ਼ਹਿਰ—ਏਥੇ ਤਿੰਨ ਵਿਅਕਤੀਆਂ ਨੇ ਏਥੋਂ ਇਕ ਕਾਰ ਵਿਚੋਂ ਜ਼ਿਲਾ ਕੋਆਪਰੇਟਿਵ ਬੈਂਕ ਦੇ ਦੋ ਲੱਖ ਰੁਪਏ ਲੁੱਟ ਲਏ। ਦਸਿਆ ਜਾਂਦਾ ਹੈ ਕਿ ਲੁਟਣ ਵਾਲਿਆਂ ਨੇ ਗੋਲੀ ਚਲਾ ਕੇ ਕਾਰ ਡਰਾਈਵਰ ਨੂੰ ਜ਼ਖਮੀ ਕਰ ਦਿਤਾ ਅਤੇ ਰਕਮ ਲੁਟ ਕੇ ਭਜ ਗਏ ਪੁਲਸ ਨੂੰ ਸ਼ੱਕ ਹੈ ਕਿ ਇਸ ਪਿਛੇ ਕਿਸੇ ਭੇਤੀ ਦਾ ਹੱਥ ਹੈ।

ਅਕਾਲੀ ਲੀਡਰ ਸ਼ੇਰੇਵਾਲਾ ਦਾ ਭਰਾ ਕਤਲ

ਖੋਜੀ ਕੁੱਤੇ ਉਹਨਾਂ ਦੀ ਕੋਠੀ ਤੋਂ ਸਿੱਧੇ ਘਰ ਗਏ।

ਮੁਕਤਸਰ—ਸੀਨੀਅਰ ਅਕਾਲੀ ਲੀਡਰ ਸ: ਕਿਰਪਾਲ ਸਿੰਘ ਸ਼ੇਰੇਵਾਲਾ ਸਾਬਕ ਐਕਟਿੰਗ ਪ੍ਰਧਾਨ ਸ਼ਰੋਮਣੀ ਕਮੇਟੀ ਦੇ ਵੱਡੇ ਭਾਈ ਮ: ਅਵਤਾਰ ਸਿੰਘ ਨੂੰ ਕੁਛ ਹਥਿਆਰਬੰਦ ਵਿਅਕਤੀਆਂ ਨੇ ਸੁਤ ਪਏ ਨੂੰ ਮੂੰਹ ਵਿਚ ਕਪੜਾ ਤੂੰਨ ਕੇ ਪੇਟ ਵਿਚ ਛੁਰਾ ਮਾਰ ਕੇ ਕਤਲ ਕਰ ਦਿਤਾ ਅਤੇ ਫੇਰ ਭੱਜ ਗਏ। ਘਟਨਾ ਵਾਲੇ ਸਮੇਂ ਉਹਨਾਂ ਕੋਲ ਇਕ ਨੌਕਰਾਣੀ ਤੇ ਡਰਾਈਵਰ ਵੀ ਸੁਤੇ ਪਏ ਸਨ ਅਤੇ ਖੜਾਕ ਸੁਣ ਕੇ ਜਦ ਨੌਕਰਾਣੀ ਜੋ ਗੇਟ ਤੇ ਸੁਤੀ ਸੀ ਉਠੀ ਅਤੇ ਡਰਾਈਵਰ ਵੀ ਜਾਗ ਪਿਆ ਤਾਂ ਹਮਲਾਆਵਰਾਂ ਨੇ ਉਹਨਾਂ ਨੂੰ ਬੰਦੂਕ ਵਿਖਾ ਕੇ ਚੁਪ ਕਰ ਜਾਣ ਲਈ ਕਿਹਾ।

ਮਕਤੂਲ ਦੀ ਇਕ ਲੜਕੀ ਹੈ ਜੋ ਇਕ ਆਈ. ਪੀ. ਐਸ. ਅਫਸਰ ਨਾਲ ਵਿਆਹੀ ਹੋਈ ਹੈ ਅਤੇ ਇਕ ਲੜਕਾ ਰਿਟਾਇਰਡ ਮੇਜਰ ਹੈ। ਦਸਿਆ ਜਾਂਦਾ ਹੈ ਕਿ ਪਿਉ ਪੁੱਤਰ ਵਿਚਕਾਰ ਕਚਹਿਰੀ ਵਿਚ ਝਗੜਾ ਵੀ ਚਲ ਰਿਹਾ ਹੈ ਅਤੇ ਪੁੱਤਰ ਨੇ ਪਿਓ ਦੇ ਬੈਂਕ ਅਕਾਉਂਟਾਂ ਉਤੇ ਅਦਾਲਤ ਵਲੋਂ ਰਕਮ ਕਢਾਉਣ ਦੀ ਪਾਬੰਦੀ ਲਾਈ ਹੋਈ ਸੀ। ਪੁਲਸ ਮੌਕੇ ਤੇ ਪੁਜ ਗਈ ਧਾਰਾ 302 ਅਧੀਨ ਕੇਸ ਦਰਜ ਕਰ ਲਿਆ ਹੈ। ਖਬਰ ਹੈ ਕਿ ਪੁਲਸ ਨੇ ਫੌਰੀ ਤੌਰ ਤੇ ਖੋਜੀ ਕੁੱਤੇ ਫੀਰੋਜ਼ਪੁਰ ਤੋਂ ਮੰਗਵਾ ਲਏ ਜੋ ਕੋਠੀ ਤੋਂ ਉਹਨਾਂ ਦੇ ਜ਼ੱਦੀ ਪਿੰਡ ਸ਼ੇਰੇਵਾਲਾ ਤੱਕ ਗਏ ਤੇ ਉਥੋਂ ਸਿੱਧੇ ਘਰ ਚਲੇ ਗਏ।

ਲਾਸ਼ ਦਾ ਪੋਸਟ ਮਾਰਟਮ ਕਰਾ ਕੇ ਵਾਰਸਾਂ ਨੂੰ ਦੇ ਦਿਤੀ ਗਈ ਹੈ ਅਤੇ ਅੰਤਮ ਸਸਕਾਰ ਉਹਨਾਂ ਦੇ ਜ਼ੱਦੀ ਪਿੰਡ ਸ਼ੇਰੇਵਾਲਾ ਕਰ ਦਿਤਾ ਗਿਆ ਹੈ। ਸਿਟੀ ਪੁਲਸ ਨੇ ਇਸ ਮਾਮਲੇ ਵਿਚ ਕੁਝ ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਲਿਆ ਹੈ।


ਮੋਗੇ ਵਿਚ ਦਸ ਹਜ਼ਾਰ ਬੋਰੀ ਕਣਕ ਗਾਇਬ

ਮੋਗਾ—ਭਾਰਤੀ ਖਾਦ ਨਿਗਮ ਦੇ ਸਾਇਲ ਮੋਗਾ ਵਿਚੋਂ ਲਗਭਗ ਦਸ ਹਜ਼ਾਰ ਕੁਇੰਟਲ ਕਣਕ ਦੀ ਘਾਟ ਹੋਣ ਦੀ ਸ਼ਕਾਇਤ ਕੀਤੀ ਗਈ ਹੈ। ਕਿਹਾ ਜਾਂਦਾ ਹੈ ਕਿ ਇਹ ਕਣਕ ਸ੍ਰੀ ਧੰਨਰਾਜ ਏ. ਜੀ. ਡੀਪੂ 1 ਵਲੋਂ ਦੂਸਰੇ ਸਟਾਫ ਦੀ ਮਦਦ ਨਾਲ ਵੇਚਿਆ ਗਿਆ। ਪਤਾ ਲੱਗਣ ਤੇ ਸ੍ਰੀ ਏ. ਏ. ਸਦੀਕੀ ਜੁਆਇੰਟ ਮੈਨੇਜਰ ਚੰਡੀਗੜ੍ਹ ਨੇ ਮੋਗੇ ਆ ਕੇ ਸਾਇਲ ਸੀਲ ਕਰ ਦਿੱਤਾ ਅਤੇ ਇਸਦੀ ਜਾਂਚ ਪੜਤਾਲ ਦੇ ਲਈ ਇਕ ਕਮੇਟੀ ਨਿਯੁਕਤ ਕਰ ਦਿੱਤੀ ਗਈ ਹੈ।

ਖੇਡ ਦਰਪਣ

ਵਿੰਨੀਪੈੱਗ ਵਿਚ ਹੋਏ ਟੂਰਨਾਮੈਂਟ ਵਿਚ

ਗੁਰਨਾਮ ਸਿੰਘ ਧਾਲੀਵਾਲ ਪ੍ਰਧਾਨ ਕਾਂਸ਼ੀਰਾਮ ਜਨਮ ਸ਼ਤਾਬਦੀ ਕਮੇਟੀ ਇਕ ਜੇਤੂ ਖਿਡਾਰੀ ਨੂੰ ਇਨਾਮ ਦਿੰਦੇ ਹੋਏ



ਰਾਜਿੰਦਰ ਸਿੰਘ ਧਾਲੀਵਾਲ, ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ ਸ਼ਹੀਦ ਨੂੰ ਸ਼ਰਧਾਂਜਲੀ ਭੇਂਟ ਕਰ ਰਹੇ ਹਨ ਅਤੇ ਨਾਲ ਹਨ ਗੁਰਨਾਮ ਸਿੰਘ ਧਾਲੀਵਾਲ ਅਤੇ ਨਾਲ ਅਜੀਤ ਕੌਰ ਦਿਉਲ ਸਟੇਜ ਸੈਕਟਰੀ।



ਕਰਿਕਟ — ਭਾਰਤ ਫੇਰ ਜੇਤੂ —

ਭਾਰਤ ਨੇ ਹੈਦਰਾਬਾਦ ਵਿਚ ਪਾਕਿਸਤਾਨ ਨੂੰ 4 ਵਿਕਟਾਂ ਨਾਲ ਪਹਿਲੇ ਇਕ ਦਿਨਾਂਇੰਟਰਨੈਸ਼ਨਲ ਕ੍ਰਿਕਟ ਮੈਚ ਵਿਚ ਹਰਾ ਦਿਤਾ। ਮੁਹਿੰਦਰ ਨੂੰ 'ਮੈਨ ਆਫ ਦੀ ਮੈਚ' ਚੁਣਿਆ ਗਿਆ

ਹਿੰਦ ਕੌਮਾਂਤਰੀ ਹਾਕੀ ਮੈਚ ਹਾਰ ਗਿਆ

ਵਾਂਗੇਰੀ (ਏ. ਪੀ. ਰਾਇਟਰ)—ਨਿਊਜ਼ੀਲੈਂਡ ਦੇ ਮੁੰਡਿਆਂ ਨੇ ਅਜ ਆਪਣੀ ਗਰਾਊਂਡ ਵਿਚ ਹਰ ਲਾਹਾ ਲੈਂਦਿਆਂ ਦੌਰੇ ਤੇ ਗਈ ਭਾਰਤੀ ਟੀਮ ਨਾਲ ਦੋ ਕੌਮਾਂਤਰੀ ਹਾਕੀ ਮੈਚਾਂ ਦੇ ਪਹਿਲੇ ਮੈਚ ਵਿਚ ਭਾਰਤੀ ਹਾਕੀ ਟੀਮ ਨੂੰ 3-0 ਨਾਲ ਹਰਾ ਦਿਤਾ.

ਅੱਧ ਤਕ ਨਿਊਜ਼ੀਲੈਂਡ 2-0 ਨਾਲ ਅਗੇ ਸੀ. ਇਹ ਗਲ ਇਆਨ ਰਿਆਦ, ਗਰੈਂਟ ਮੈਕਲਿਊਡ ਅਤੇ ਪੀਟਰ ਦਾਜੀ ਨੇ ਕੀਤੇ.

ਭਾਰਤੀ ਹਾਕੀ ਟੀਮ ਨੇ ਅਧ ਤੋਂ ਬਾਅਦ ਗੋਲ ਉਤਾਰਨ ਦਾ ਹਰ ਸੰਭਵ ਯਤਨ ਕੀਤਾ ਅਤੇ ਉਸਦੀ ਪੁਜ਼ੀਸ਼ਨ ਭਾਵੇਂ ਹਮਲਾਵਰ ਰਹੀ, ਪਰ ਗੋਲਕੀਪਰ ਗਰਾਈਮੇ ਸਲੀਮੇ ਦੀ ਸ਼ਾਨਦਾਰ ਖੇਡ ਨੇ ਜਫਰ ਇਕਬਾਲ ਦੀ ਟੀਮ ਦੀ ਇਕ ਨਾ ਚਲਣ ਦਿਤੀ.

ਪਹਿਲਾਂ ਭਾਰਤੀ ਹਾਕੀ ਟੀਮ ਨੇ ਸਾਰੇ ਖੇਤਰੀ ਮੈਚ ਨਿਊਜ਼ੀਲੈਂਡ ਕੋਲੋਂ ਜਿਤੇ ਸਨ.

ਨਿਊਜ਼ੀਲੈਂਡ ਨਾਲ ਦੂਜਾ ਕੌਮਾਂਤਰੀ ਹਾਕੀ ਮੈਚ ਕਲ ਨੂੰ ਹੋਵੇਗਾ.

ਅਸੀਂ ਨਹੀਂ, ਉਹ ਜ਼ੁਮੇਵਾਰ....!

ਜਲੰਧਰ 7 ਸਤੰਬਰ—(ਨ. ਜ਼.ਸ.) "ਕੇਂਦਰੀ ਖੇਡ ਮੰਤਰਾਲੇ ਤੋਂ ਖੇਡਾਂ ਦੇ ਵਿਕਾਸ ਦੀ ਆਸ ਕਰਨਾ ਫਜ਼ੂਲ ਹੈ. ਇਹ ਤਾਂ ਜ਼ਾਬਤੀ ਸ਼ਰ ਹੈ. ਇਸ ਦੇ ਅਧਿਕਾਰੀਆਂ ਨੂੰ ਖੇਡਾਂ ਦਾ ਕੋਈ ਗਿਆਨ ਨਹੀਂ. ਉਹ ਫਾਈਲਾਂ ਉਤੇ ਹੀ ਘੋੜੇ ਦੁੜਾਉਂਦੇ ਹਨ." ਇਹ ਗਲ ਭਾਰਤੀ ਹਾਕੀ ਫੈਡਰੇਸ਼ਨ ਦੇ ਉਪ ਪ੍ਰਧਾਨ ਤੇ ਏਕਾ ਐਮ.ਪੀ. ਗੁਫਰਾਨ-ਇ ਆਜ਼ਮ ਨੇ ਇਕ ਸਥਾਨਕ ਅਖਬਾਰ ਵਿਚ ਛਪੀ ਇੰਟਰਵਿਊ ਵਿਚ ਕਹੀ.

ਉਹਨਾਂ ਕਿਹਾ ਕਿ ਨਵੇਂ ਖੇਡ ਮੰਤਰਾਲੇ ਨੇ ਬੁਨਿਆਦੀ ਢਾਂਚੇ ਵਿਚ ਸੁਧਾਰ ਲਈ ਅਜੇ ਤਕ ਕੁਝ ਨਹੀਂ ਕੀਤਾ. ਇਸ ਦੇ ਅਧਿਕਾਰੀਆਂ ਨੂੰ ਖੇਡਾਂ ਨੂੰ ਉਚਿਆਂ ਚੁਕਣ ਲਈ ਸੋਚਣ ਦੀ ਫੁਰਸਤ ਹੀ ਨਹੀਂ ਮਿਲਦੀ.

ਉਹਨਾਂ ਖੇਡ ਮੰਤਰਾਲੇ ਦੀ ਥਾਂ ਖੁਦਮੁਖਤਾਰ ਖੇਡ ਕਾਰਪੋਰੇਸ਼ਨ ਬਣਾਉਣ ਦਾ ਸੁਝਾਅ ਦਿਤਾ ਹੈ.

ਕੌਮਾਂਤਰੀ ਹਾਕੀ ਮੁਕਾਬਲਿਆਂ ਵਿਚ ਹੁੰਦੀ ਦੁਰਗਤ ਦੀ ਜ਼ੁੰਮੇਵਾਰੀ ਭਾਰਤੀ ਹਾਕੀ ਫੈਡਰੇਸ਼ਨ ਸਿਰੋਂ ਟਾਲਣ ਦੇ ਯਤਨ ਵਿਚ ਉਪ ਪ੍ਰਧਾਨ ਨੇ ਦਲੀਲ ਦਿਤੀ ਕਿ ਭਾਰਤੀ ਟੀਮ ਦਾ ਖੇਡ ਪਧਰ ਨਾ ਡਿਗਿਆ ਹੈ ਤੇ ਨਾ ਹੀ ਇਸ ਵਿਚ ਕੋਈ ਵਰਨਣ-ਯੋਗ ਕਮਜ਼ੋਰੀ ਹੈ. 'ਅਸਲ ਗਲ' ਇਹ ਹੈ ਕਿ ਕੌਮਾਂਤਰੀ ਮੈਚਾਂ ਵਿਚ ਜਿਤ ਹਾਰ ਵਿਚ ਛਲਕਪਟ ਤੇ ਤਿਕੜਮਬਾਜ਼ੀ ਦਾ ਅਹਿਮ ਰੋਲ ਹੋ ਗਿਆ ਹੈ. ਪਾਕਿਸਤਾਨ ਟੀਮ ਦੇ ਨਾਲ ਮੇਜਰ ਆਤਿਫ ਤੇ ਉਹਨਾਂ ਦੇ ਚਾਰ-ਪੰਜ ਹੋਰ ਸਾਥੀ ਜਾਂਦੇ ਹਨ ਤੇ ਰੈਫਰੀਆਂ ਨੂੰ ਫਸਾ ਲੈਂਦੇ ਹਨ.

ਇਸ ਸੁਆਲ ਦੇ ਜੁਆਬ ਕਿ ਹਿੰਦ ਦੇ ਅਧਿਕਾਰੀ ਇਸ ਵਿਰੁਧ ਅਵਾਜ਼ ਕਿਉਂ ਨਹੀਂ ਉਠਾਉਂਦੇ, ਉਹਨਾਂ ਕਿਹਾ ਕੁਆਲਾਲੰਪੁਰ ਗਈ ਟੀਮ ਨਾਲ ਅਜਿਹਾ ਕੋਈ ਅਧਿਕਾਰੀ ਨਹੀਂ ਸੀ, ਜਿਹੜਾ ਅਵਾਜ਼ ਉਠਾਉਣ ਦਾ ਗਟਸ ਰਖਦਾ ਹੋਵੇ. ਟੀਮ ਤੁਰਨ ਦੇ 24 ਘੰਟੇ ਰਹਿ ਗਏ ਸੀ ਕਿ ਮੈਨੇਜਰ ਨਹੀਂ ਸੀ ਚੁਣਿਆ ਗਿਆ!

ਉਹਨਾਂ ਕਿਹਾ ਕਿ ਖੇਡ ਮੰਤਰਾਲੇ ਵਿਚ ਹਾਕੀ ਨਾਲ ਸੰਬੰਧਤ ਅਧਿਕਾਰੀ ਹਾਕੀ ਦੇ ਦੁਸ਼ਮਣ ਹਨ. ਇਹ ਆਪਣੀ ਅਫਸਰੀ ਹੀ ਝਾੜਦੇ ਰਹਿੰਦੇ ਹਨ ਹੋਰ ਕੁਝ ਇਹਨਾਂ ਨੂੰ ਆਉਂਦਾ ਨਹੀਂ.

ਉਹਨਾਂ ਇਹ ਦਲੀਲ ਵੀ ਦਿੱਤੀ ਕਿ ਫੈਡਰੇਸ਼ਨ ਨੂੰ ਹਾਰਾਂ ਲਈ ਜ਼ੁੰਮੇਵਾਰ ਇਸ ਕਰਕੇ ਨਹੀਂ ਠਹਿਰਾਇਆ ਜਾ ਸਕਦਾ ਕਿਉਂਕਿ ਇਸ ਦਾ ਕੰਮ ਕੇਵਲ ਟੀਮ ਚੁਣਨਾ ਤੇ ਕੌਮਾਂਤਰੀ ਟੂਰਨਾਮੈਂਟਾਂ ਵਿਚ ਭੇਜਣ ਤੋਂ ਪਹਿਲਾਂ ਉਸਦਾ ਕੈਂਪ ਲਾਉਣਾ ਹੈ.

ਉਹਨਾਂ ਕਿਹਾ ਕਿ ਹੇਠਲੀ ਪੱਧਰ 'ਤੇ ਹਾਕੀ ਲਈ ਕੁਝ ਨਹੀਂ ਕੀਤਾ ਜਾ ਰਿਹਾ. ਫੈਡਰੇਸ਼ਨ ਰਾਤੋ ਰਾਤ ਟੀਮ ਦੀ ਤਾਕਤ ਕਿਵੇਂ ਅਸਧਾਰਨ ਪੱਧਰ 'ਤੇ ਪੁਚਾ ਸਕਦੀ ਹੈ?

ਧਾਰਮਿਕ ਦਰਪਣ

"ਇਨ ਗਰੀਬ਼ ਸਿਖਨ ਕਉ ਦੂਊਂ ਪਾਤਸ਼ਾਹ"

—ਪ੍ਰੋ: ਸਾਹਿਬ ਸਿੰਘ ਡੀ. ਲਿਟ.

ਕਰਤਾਰ ਦੀ ਕੁਦਰਤ ਵਿਚ ਇਕ ਅਚਰਜ ਖੇਡ ਦੇਖਣ ਵਿਚ ਆਉਂਦੀ ਹੈ ਕਿ ਇਕੋ ਹੀ ਸ਼ੈ ਵਿਚ ਦੋ ਵਿਰੋਧੀ ਗੁਣ ਮਿਲਦੇ ਹਨ। ਗੁਲਾਬ ਦੇ ਬੂਟੇ ਨੂੰ ਤੱਕੋ, ਇਕੋ ਹੀ ਡਾਲੀ ਵਿਚੋਂ ਫੁੱਲ ਭੀ ਪੈਦਾ ਹੁੰਦੇ ਹਨ ਤੇ ਕੰਡੇ ਭੀ। ਵਰਖਾ ਵੇਲੇ ਤੁਸੀਂ ਨਿੱਤ ਤਮਾਸ਼ਾ ਵੇਖਦੇ ਹੋ ਕਿ ਜਿਹੜੇ ਬੱਦਲ ਮੀਂਹ ਵਰ੍ਹਾ ਕੇ ਹਰਿਆਵਲ ਪੈਦਾ ਕਰਦੇ ਹਨ, ਉਹਨਾਂ ਵਿਚੋਂ ਹੀ ਬਿਜਲੀ ਨਿਕਲ ਕੇ ਸਾੜ ਕੇ ਸੁਆਹ ਕਰ ਦੇਂਦੀ ਹੈ।

ਮਨੁੱਖ ਦੇ ਅੰਦਰ ਭੀ ਇਹ ਦੋਵੇਂ ਸ਼ਕਤੀਆਂ ਮੌਜੂਦ ਹਨ—ਸਖਤੀ ਅਤੇ ਕੋਮਲਤਾ। ਸਖਤੀ ਤੋਂ ਬਹਾਦਰੀ ਤੇ ਸੂਰਮਤਾ ਪੈਦਾ ਹੁੰਦੀ ਹੈ, ਤੇ ਦਇਆ ਤੋਂ ਪਿਆਰ ਆਦਿਕ ਗੁਣ ਪੈਦਾ ਹੁੰਦੇ ਹਨ।

ਇਹ ਦੋਵੇਂ ਤਾਕਤਾਂ ਜ਼ਰੂਰੀ ਹਨ, ਤੇ ਦੋਹਾਂ ਦੇ ਇਕੱਠੇ ਰਹਿਣ ਵਿਚ ਹੀ ਜਗਤ ਦੀ ਭਲਾਈ ਹੈ। ਜੇ ਕਿਸੇ ਇਕ ਗੁਣ ਵਲ ਬਹੁਤਾ ਝਕਾਉ ਹੋ ਜਾਏ, ਤਾਂ ਦੂਜਾ ਗੁਣ ਕਮਜ਼ੋਰ ਹੋ ਜਾਂਦਾ ਹੈ, ਤੇ ਜੀਵਨ 'ਆਦਰਸ਼ਕ ਜੀਵਨ' ਨਹੀਂ ਰਹਿ ਜਾਂਦਾ।

ਮਨੁੱਖਾ ਇਤਿਹਾਸ ਪੜ੍ਹ ਕੇ ਵੇਖੋ, ਜਿਨ੍ਹਾਂ ਨੇ ਸੁਰਤਿ ਬਹਾਦਰੀ ਵਿਚ ਜੋੜੀ, ਉਹ ਓੜਕ ਜਾਬਰ ਤੇ ਅਨਿਆਈਂ ਬਣ ਗਏ ; ਜੋ ਨਿਰੇ ਦਿਆ ਭਜਨ ਵਿਚ ਲਗੇ ਉਹ ਆਖਰ ਕਾਇਰ ਤੇ ਬੁਜ਼ਦਿਲ ਬਣਦੇ ਗਏ। ਹਿੰਦੂ ਅਹਿੰਸਾ ਦੇ ਪੁਜਾਰੀ ਅਤੇ ਮੁਸਲਮਾਨ ਜਹਾਦ ਦੇ ਆਸ਼ਕ-ਇਹ ਇਕ ਜਗਤ ਪ੍ਰਸਿਧ ਸਚਾਈ ਹੈ।

ਮਨੂੰ ਦੀ ਵਰਨ-ਵੰਡ ਨੇ ਇਨਸਾਨੀ ਗੁਣਾਂ ਨੂੰ ਵੀ ਵੰਡ ਦਿੱਤਾ। ਬ੍ਰਾਹਮਣ ਕੇਵਲ ਪਰਮਾਰਥ ਦੇ ਰਾਖੇ ਬਣ ਗਏ। ਵੈਸ਼ ਤੇ ਸ਼ੂਦਰ ਮਨੁੱਖਤਾ ਦੇ ਹੇਠਲੇ ਦਰਜੇ ਵਿਚ ਰਹਿ ਗਏ। ਬੋਧੀਆਂ ਤੇ ਜੈਨੀਆਂ ਨੇ ਆਪਣੇ ਸੇਵਕਾਂ ਨੂੰ ਭਿਖਸ਼ੂ ਬਣਨ ਤੇ ਹੀ ਜ਼ੋਰ ਦਿੱਤਾ।

ਸੋ, ਇਕ ਪਾਸੇ ਅਹੰਕਾਰੀ ਤੇ ਦੂਜੇ ਪਾਸੇ ਮੁਰਦਾ ਜਿਹਾ ਜੀਵਨ ਹੋ ਗਿਆ। ਨਤੀਜਾ ਇਹ ਨਿਕਲਿਆ ਕਿ ਭਜਨੀਕ, ਸੂਰਮੇ ਨਾ ਰਹੇ ਅਤੇ ਸੂਰਮੇ, ਭਜਨੀਕ ਨਾ ਬਣ ਸਕੇ। ਮਨੁੱਖਾ ਇਤਿਹਾਸ ਵਿਚ ਇਹ ਇਕ ਵਡੀ ਭਾਰੀ ਕਬੁਧਿ ਦੀ ਵਰਤੋਂ ਸੀ।

ਸਤਿਗੁਰੂ ਕਲਗੀਧਰ ਪਾਤਸ਼ਾਹ ਨੇ ਸੂਰਮਤਾ ਨੂੰ ਇਕ ਥਾਂ ਇਕੱਠਾ ਕੀਤਾ। ਜਾਤੀ-ਅਭਿਮਾਨ ਮਨੁੱਖ ਜਾਤੀ ਵਿਚ ਬਹੁਤ ਹੀ ਪੁਰਾਣਾ ਹੈ, ਪਰ ਸਿਪਾਹੀ-ਗਿਰੀ ਤਾਂ ਖਾਸ ਤੌਰ ਤੇ ਸਦਾ ਜਨਮ ਤੋਂ ਹੀ ਮੰਨੀ ਜਾ ਰਹੀ ਹੈ। ਸਕਾਚ ਲੋਕ, ਜਰਮਨ, ਮੁਗਲ, ਪਠਾਣ, ਗੋਰਖੇ ਮਰਹੱਟੇ ਇਹ ਜਨਮ ਤੋਂ ਹੀ ਬੀਰ ਜਾਤੀਆਂ ਮੰਨੀਆਂ ਚਲੀਆਂ ਆ ਰਹੀਆਂ ਹਨ।

ਉਂਜ ਇਸਦੇ ਨਾਲ ਨਾਲ ਇਹ ਖਿਆਲ ਭੀ ਪੁਰਾਣਾ ਹੀ ਤੁਰਿਆ ਆ ਰਿਹਾ ਹੈ ਕਿ ਸਿਪਾਹੀ ਸੂਰਮੇ ਦਾ ਜਨਮ ਤਲਵਾਰ ਤੋਂ ਹੈ।

ਕਹਿੰਦੇ ਹਨ ਕਿ ਜਦੋਂ ਨਾਦਰਸ਼ਾਹ ਨੇ ਮੁਹੰਮਦ ਸ਼ਾਹ ਰੰਗੀਲੇ ਨੂੰ ਹਾਰ ਦੇ ਕੇ ਦਿੱਲੀ ਨੂੰ ਜਾ ਮਿਲਿਆ, ਤਾਂ ਉਸ ਦੇ ਪੁਤਰ ਨਾਸਰ ਸ਼ਾਹ ਦੀ ਸ਼ਾਦੀ ਮੁਹੰਮਦ ਸ਼ਾਹ ਦੀ ਲੜਕੀ ਨਾਲ ਹੋਣ ਦਾ ਫੈਸਲਾ ਹੋਇਆ। ਨਾਸਰ, ਸ਼ਾਹੀ ਮਹੱਲਾਂ ਵਿਚ ਗਿਆ, ਰਾਜਕੁਮਾਰੀਆਂ ਨੇ ਮਖੌਲ ਨਾਲ ਨਾਸਰ ਤੋਂ ਉਸ ਦੀ ਬੰਸਾਵਲੀ ਪੁਛੀ। ਉਹ ਦਿਲ ਵਿਚ ਬੜਾ ਸ਼ਰਮਿੰਦਾ ਹੋਇਆ, ਕਿਉਂਕਿ ਨਾਦਰ ਤਾਂ ਪਹਿਲਾਂ ਭੇਡਾਂ ਹੀ ਚਾਰਦਾ ਸੀ।

ਵਾਪਸ ਆਪਣੇ ਡੇਰੇ ਤੇ ਆ ਕੇ ਨਾਸਰ ਨੇ ਨਾਦਰ ਸ਼ਾਹ ਨੂੰ ਇਹ ਗੱਲ ਸੁਣਾਈ। ਉਸ ਨੇ ਕਿਹਾ—ਕਿ ਭਲਕੇ ਜਾ ਕੇ ਤੂੰ ਸ਼ਾਹਜ਼ਾਦੀਆਂ ਤੋਂ ਉਹਨਾਂ ਦੀ ਬੰਸਾਵਲੀ ਪੁਛੀਂ। ਜਦੋਂ ਉਹ ਤੈਮੂਰ ਤੇ ਪਹੁੰਚਣ ਤਾਂ ਤੂੰ ਪੁੱਛੀਂ ਕਿ ਤੈਮੂਰ ਨੇ ਬਾਦਸ਼ਾਹੀ ਕਿਥੋਂ ਹਾਸਲ ਕੀਤੀ ? ਜੋ ਉਹਨਾਂ ਦਾ ਉਤਰ ਹੋਏਗਾ, ਉਹੀ ਤੇਰਾ ਹੈ।

ਦੂਜੇ ਦਿਨ ਸ਼ਾਹਜ਼ਾਦੀਆਂ ਨੇ ਦੱਸਿਆ—ਕਿ ਤੈਮੂਰ ਨੇ ਤਲਵਾਰ ਤੋਂ ਪ੍ਰਾਪਤ ਕੀਤੀ। ਤਾਂ ਨਾਸਰ ਨੇ ਕਿਹਾ — ਮੇਰਾ ਪਿਉ ਨਾਦਰ ਸ਼ਾਹ, ਤੇ ਨਾਦਰ ਸ਼ਾਹ ਨੇ ਰਾਜ-ਭਾਗ ਤਲਵਾਰ ਤੋਂ ਪਾਇਆ।

ਸੋ, ਸਖਸ਼ੀ ਤੌਰ ਤੇ ਇਹੀ ਮੰਨਿਆ ਜਾਂਦਾ ਹੈ ਕਿ ਖੱਤਰੀ ਤਲਵਾਰ ਦਾ ਪੁਤਰ ਹੈ। ਇਕ ਹੋਰ ਪੁਰਾਣੀ ਮਿਥਿਹਾਸਕ ਕਥਾ ਭੀ ਅਸੀਂ ਭਾਰਤ ਦੇ ਮਿਥਿਹਾਸ ਵਿਚ ਸੁਣਦੇ ਆ ਰਹੇ ਹਾਂ ਕਿ ਰਾਖਸ਼ਾਂ ਦਾ ਨਾਸ ਕਰਨ ਲਈ ਆਬੂ ਪਹਾੜ ਉਤੇ ਰਿਸ਼ੀਆਂ ਨੇ ਜੱਗ ਕੀਤਾ। ਹਵਨ ਕੁੰਡ ਵਿਚੋਂ ਚਾਰ ਪ੍ਰਤਾਪੀ ਪੁਰਖ ਜੰਮੇ—ਪਰਮਾਰ, ਚੋਹਾਨ, ਸੋਲੰਕ ਅਤੇ ਪਰਹਾਰ। ਇਹਨਾਂ ਚੌਹਾਂ ਤੋਂ ਚਾਰ ਰਾਜਪੂਤੀ ਖਾਨਦਾਨ ਬਣੇ। ਉਸ ਅਗਨੀਕੁੰਡ ਨੇ ਸਿਰਫ ਚਾਰ ਸੂਰਮੇ ਹੀ ਪੈਦਾ ਕੀਤੇ। ਅਗਾਂਹ ਸੂਰਮਤਾ ਵਿਚ ਜਨਮ ਤੇ ਹੀ ਆ ਟਿਕੀ। ਉਹਨਾਂ ਚਾਰ ਰਾਜਪੂਤਾਂ ਤੋਂ ਜੰਮੇ ਸਾਰੇ ਰਾਜਪੂਤ ਸੂਰਮੇ ਮੰਨੇ ਜਾਣ ਲਗ ਪਏ।

ਇਹ ਅਸੂਲ, ਕਿ ਹਰੇਕ ਮਨੁੱਖ ਸ਼ਸਤਰਧਾਰੀ ਹੋ ਕੇ ਸੂਰਮਾ ਬਣ ਸਕਦਾ ਹੈ, ਭੁਲਿਆ ਹੀ ਰਿਹਾ।

ਮਨੁੱਖ ਦਾ ਜੀਵਨ, ਆਦਰਸ਼ਕ ਜੀਵਨ ਬਣਾਉਣ ਲਈ ਸਤਿਗੁਰੂ ਜੀ ਨੇ ਜਿਥੇ ਭਗਤੀ ਦਾ ਹੱਕ ਹਰੇਕ ਮਨੁੱਖ ਨੂੰ ਦਿੱਤਾ, ਉਥੇ ਸੂਰਮਤਾ ਵੀ ਗੁਰੂ ਪਾਤਸ਼ਾਹ ਨੇ ਕਿਸੇ ਇਕ ਕੁਲ ਦਾ ਹੱਕ ਨਹੀਂ ਰਹਿਣ ਦਿਤਾ। ਖੰਡੇ ਦੀ ਭੇਟ ਸੀਸ ਮੰਗ ਕੇ, ਖੰਡੇ ਦਾ ਅੰਮ੍ਰਿਤ ਹਰੇਕ ਜਾਤਿ ਦੇ ਪ੍ਰਾਣੀ ਨੂੰ ਦੇ ਕੇ ਖਾਲਸਾ ਪੈਦਾ ਕੀਤਾ ਤੇ ਹੁਕਮ ਕੀਤਾ ਕਿ —

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹਉ ਕਰਉ ਨਿਵਾਸ।

ਨਾਈ, ਝੀਊਰ, ਜੱਟ, ਛੀਂਬੇ, ਤਰਖਾਣ ਆਦਿਕ ਪੁਰਾਣੀਆਂ ਮੰਨੀਆਂ ਵੈਸ਼ ਤੇ ਸ਼ੂਦਰ ਜਾਤੀਆਂ ਤੋਂ ਗੁਰੂ ਪਾਤਸ਼ਾਹ ਦੀ ਮਿਹਰ ਨਾਲ ਸੂਰਮੇ ਪੈਦਾ ਹੋ ਰਹੇ ਹਨ, ਉਹ ਸਮਾਂ ਮੁਕ ਹੀ ਨਹੀਂ ਗਿਆ, ਹੁਣ ਭੀ ਵੈਸੇ ਹੀ ਹੈ।

ਮੈਕਾਲਫ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸ਼ਖਸੀਅਤ ਬਿਆਨ ਕਰਦਾ ਹੋਇਆ ਲਿਖਦਾ ਹੈ ਕਿ—

"ਗੁਰੂ ਜੀ ਵਿਚ ਜਾਦੂਈ ਤਾਕਤ ਸੀ, ਉਹਨਾਂ ਦੇ ਉਪਦੇਸ਼ਾਂ ਦਾ ਜਾਦੂਈ ਅਸਰ ਆਮ ਲੋਕਾਂ ਤੇ ਹੋਇਆ, ਜਿਸ ਤੇ ਲਿਤਾੜੇ ਹੋਏ ਲੋਕਾਂ ਨੂੰ ਸੰਸਾਰ ਦੇ ਪ੍ਰਸਿਧ ਯੋਧੇ ਬਣਾ ਦਿੱਤਾ।"

ਮੈਕਾਲਫ ਦੇ ਇਹ ਅੱਖਰ ਪੜ੍ਹਨ ਨਾਲ ਸਬੰਧ ਰੱਖਦੇ ਹਨ—

"ਸਿੱਖ ਗੁਰੂਆਂ ਤੋਂ ਪਹਿਲਾਂ ਦੁਨੀਆਂ ਦੇ ਕਿਸੇ ਵੀ ਜਰਨੈਲ ਨੇ ਉਨ੍ਹਾਂ ਆਦਮੀਆਂ ਜਥੇਬੰਦ ਕਰਨ ਦਾ ਖਿਆਲ ਤਕ ਨਹੀਂ ਸੀ ਕੀਤਾ, ਜਿਨ੍ਹਾਂ ਨੂੰ ਗਵਾਂਢੀ ਜਨਮ ਤੋਂ ਦੂਰੇ ਦੂਰੇ ਕਰ ਦੁਰਕਾਰ ਰਹੇ ਸਨ। ਇਸ(ਗੁਰੂ ਗੋਬਿੰਦ ਸਿੰਘ) ਨੇ ਉਨ੍ਹਾਂ ਅਖੌਤੀ ਨਾਪਾਕਾਂ ਵਿਚ ਜਿਨ੍ਹਾਂ ਨੂੰ ਸੰਸਾਰ ਦੀ ਰਹਿੰਦ-ਖੂੰਹਦ ਕਿਹਾ ਜਾਂਦੀ ਸੀ, ਐਸੀ ਸ਼ਕਤੀ ਭਰੀ ਕਿ ਉਹ ਯੋਧੇ ਵੀ ਐਸੇ ਜਿਨ੍ਹਾਂ ਦੀ ਦ੍ਰਿੜਤਾ ਤੇ ਵਫਾਦਾਰੀ ਨੇ ਆਗੂ ਨੂੰ ਕਦੇ ਮਾਯੂਸ ਨਾ ਕੀਤਾ।"

ਗੋਕਲ ਚੰਦ ਨਾਰੰਗ ਨੇ ਉਹਨਾਂ ਹੀ ਸ਼ਬਦਾਂ ਨੂੰ ਦੁਹਰਾਇਆ ਹੈ ਕਿ—

"ਗੁਰੂ ਗੋਬਿੰਦ ਸਿੰਘ ਜੀ ਨੇ ਚਿੜੀਆਂ ਨੂੰ ਸ਼ਾਹੀ ਬਾਜਾਂ ਦਾ ਸ਼ਿਕਾਰ ਕਰਨ ਦੀ ਜਾਚ ਸਿਖਾਈ ਹੈ।"

ਲਾਲਾ ਦੌਲਤ ਰਾਇ ਨੇ ਵਿਸਥਾਰ ਸਹਿਤ ਇਕ ਕਰਣੀ ਦਾ ਜ਼ਿਕਰ ਕੀਤਾ ਹੈ। ਉਹ ਲਿਖਦੇ ਹਨ—

"ਜਿਨ੍ਹਾਂ ਸ਼ੂਦਰਾਂ ਦੀ ਬਾਤ ਵੀ ਕੋਈ ਨਹੀਂ ਸੀ ਪੁਛਦਾ, ਜਿਨ੍ਹਾਂ ਨੂੰ ਦੁਰਕਾਰਿਆਂ ਤੇ ਫਿਟਕਾਰਿਆਂ ਵਾਰ ਨਹੀਂ ਸੀ ਆਉਂਦੀ, ਜੋ ਜ਼ਿੱਲਤ ਤੇ ਗੁਲਾਮੀ ਵਿਚ ਜੀਵਨ ਗੁਜ਼ਾਰ ਰਹੇ ਸਨ, ਉਹਨਾਂ ਨੂੰ ਸੰਸਾਰ ਯੋਧਿਆਂ ਦੇ ਟਾਕਰੇ ਉਤੇ ਖੜਾ ਕਰਨ, ਨਿਰੋਲ ਤੇ ਇਕ ਮਾਤਰ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਕੰਮ ਸੀ, ਜੋ ਰਾਮ ਚੰਦਰ ਜੀ ਨਾ ਕਰ ਸਕੇ, ਜਿਸ ਪਾਸੇ ਸੋਚਣ ਲਈ ਕ੍ਰਿਸ਼ਨ ਜੀ ਨੂੰ ਖਿਆਲ ਤਕ ਨਾ ਆਇਆ, ਜਿਹੜਾ ਸ਼ੰਕਰ ਦੀ ਨਜ਼ਰ ਵਿਚ ਨੀਵਾਂ ਸੀ। ਜਿਹੜਾ ਕੰਮ ਸੂਰਜ ਤੇ ਚੰਦਰਬੰਸ਼ੀ ਰਾਜਿਆਂ ਤੇ ਬਹਾਦਰਾਂ ਨੂੰ ਨਾਂਹ ਸੁਝਿਆ, ਉਸ ਨੂੰ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਕਮਰ ਕੱਸ ਲਈ ਤੇ ਪੂਰਾ ਕਰ ਦਿਖਾਇਆ। ਹਜ਼ਰਤ ਮੁਹੰਮਦ ਸਾਹਿਬ ਨੇ ਕੁਝ ਉਪਰਾਲੇ ਕੀਤੇ, ਪਰ ਉਹ ਵੀ ਮੁਸਲਮਾਨਾਂ ਵਿਚੋਂ ਗੁਲਾਮੀ ਦਾ ਬਦਆਦਤ ਨਾਂਹ ਕੱਢ ਸਕੇ। ਇਕ ਮੁਸਲਮਾਨ, ਦੂਜੇ ਮੁਸਲਮਾਨ ਦਾ ਉਸੇ ਤਰ੍ਹਾਂ ਹੀ ਗੁਲਾਮ ਹੁੰਦਾ ਸੀ, ਜਿਵੇਂ ਕਿਸੇ ਹੋਰ ਕੌਮ ਦਾ ਕਾਫਰ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਨੂੰ ਪਹਿਲਾਂ ਭਾਈ ਤੇ ਫਿਰ ਸਰਦਾਰ ਬਣਾ ਕੇ ਆਖਰੀ ਇਟ ਰੱਖ ਦਿੱਤੀ।"

ਸਾਧੂ ਟੀ. ਐਲ. ਵਾਸਵਾਨੀ ਨੇ ਇਸੇ ਸਬੰਧ ਵਿਚ ਲਿਖਿਆ ਹੈ ਕਿ ਜੋ ਕੰਮ ਹਜ਼ਾਰਾਂ ਰਲ ਕੇ ਵੀ ਨਾ ਕਰ ਸਕੇ, ਉਹ ਇਕੋ ਹੀ ਕਰ ਦਿਖਾਇਆ। ਜੋ ਪੀਸ ਕੇ ਮਿੱਟੀ ਵਿਚ ਜਾ ਰਹੇ ਸਨ, ਤੇ ਹੀਣਿਆਂ ਵਾਂਗ ਰਹਿਣ ਉਤੇ ਮਜ਼ਬੂਰ ਕਰ ਦਿਤੇ ਜਾਂਦੇ ਸਨ, ਉਹਨਾਂ ਨੂੰ ਆਪਣੇ ਪੈਰਾਂ ਉਤੇ ਖੜਾ ਕੀਤਾ, ਗਲ ਨਾਲ ਲਗਾਇਆ ਤੇ 'ਗੁਰੂ ਕਾ ਬੇਟਾ' ਆਖਿਆ, ਉਹਨਾਂ ਨੂੰ ਅੰਮ੍ਰਿਤ ਨਾਲ ਨਿਵਾਜਿਆ, ਸਰਦਾਰ ਬਣਾਇਆ।

ਤੁਹੀ ਖੜਗ ਧਾਰਾ ਤੁਹੀ ਬਾਢ ਵਾਰੀ॥
ਤੁਹੀ ਤੀਰ ਤਰਵਾਰ ਕਾਤੀ ਕਟਾਰੀ॥
ਹਲੱਬੀ ਜੁਨੱਬੀ ਮਗਰਬੀ ਤੁਹੀ ਹੈਂ॥
ਨਿਹਾਰੋ ਜਹਾਂ, ਆਪੁ ਠਾਢੀ ਵਹੀ ਹੈਂ॥੧॥

ਫ਼ਿਲਮ ਦਰਪਣ

'ਕਭੀ ਕ੍ਰਿਕਟਰ ਥੇ', -ਸੰਦੀਪ ਪਾਟਿਲ



ਕ੍ਰਿਕਟ ਦਾ ਮੰਨਿਆ ਪ੍ਰਮੰਨਿਆ ਖਿਡਾਰੀ ਸੰਦੀਪ ਪਾਟਿਲ ਵੀ. ਕੇ. ਸਿੰਘ ਦੀ ਫਿਲਮ 'ਕਭੀ ਅਜਨਬੀ ਥੇ' ਵਿਚ ਪੂਨਮ ਢਿੱਲੋਂ ਨਾਲ ਹੀਰੋ ਵਜੋਂ ਸਾਈਨ ਕਰ ਲਿਆ ਗਿਆ ਹੈ। ਫਿਲਮ ਦੀ ਸ਼ੂਟਿੰਗ ਸ਼ੁਰੂ ਹੈ। ਸੰਦੀਪ ਪਾਟਿਲ ਵਾਂਗ ਹੋਰ ਵੀ ਕਈ ਖਿਡਾਰੀ ਫਿਲਮਾਂ ਵਿਚ ਆ ਚੁਕੇ ਹਨ।

ਜਿਹਨਾਂ ਵਿਚੋਂ ਦਾਰਾ ਸਿੰਘ, ਪ੍ਰਿਥਵੀ ਰਾਜ, ਪ੍ਰਾਣ ਆਦਿ ਵਰਗੇ ਕਈ ਤਾਂ ਸੁਪਰ ਸਟਾਰ ਬਣ ਗਏ ਤੇ ਕਈ ਮੂਧੇ ਮੂੰਹ ਡਿਗੇ। ਪਰ ਸੰਦੀਪ ਪਾਟਿਲ ਜਿਹੜਾ ਕਿ ਕ੍ਰਿਕਟ ਦੇ ਨਾਲ ਨਾਲ ਫਿਲਮਾਂ ਵੀ ਕਰਨੀਆ ਚਾਹੁੰਦਾ ਹੈ, ਦਾ ਖਿਆਲ ਹੈ ਕਿ ਉਹ ਕ੍ਰਿਕਟ ਵਾਂਗ ਫਿਲਮਾਂ ਵਿਚ ਵੀ ਆਪਣਾ ਨਾਂ ਬਣਾ ਲਏਗਾ। ਇਥੇ ਪੇਸ਼ ਹੈ ਉਸ ਨਾਲ ਕੀਤੀ ਇਕ ਤਾਜ਼ੀ ਮੁਲਾਕਾਤ—

? ਤੁਹਾਨੂੰ ਨਿਰਦੇਸ਼ਕ ਵੀ. ਕੇ. ਸਿੰਘ ਨੇ ਆਪਣੀ ਫਿਲਮ ਲਈ ਸਾਈਨ ਕਿਵੇਂ ਕੀਤਾ ?

—ਇਕ ਦਿਨ ਸਾਡੀ ਟੀਮ ਦੇ ਮੈਨੇਜਰ ਰਾਜ ਸਿੰਘ ਡੂੰਗਰਪੁਰ ਨੇ ਮੈਨੂੰ ਕਿਹਾ ਕਿ ਉਨ੍ਹਾਂ ਦਾ ਇਕ ਦੋਸਤ ਮੈਨੂੰ ਮਿਲਣ ਆਵੇਗਾ। ਉਹਨਾਂ ਦਾ ਇਹ ਦੋਸਤ ਹੋਰ ਕੋਈ ਨਹੀਂ, ਸਗੋਂ ਵੀ. ਕੇ. ਸਿੰਘ ਹੀ ਸੀ। ਦੂਜੇ ਦਿਨ ਵੀ. ਕੇ ਸਿੰਘ ਨੇ ਮੈਨੂੰ ਫਿਲਮ ਵਿਚ ਕੰਮ ਕਰਨ ਦੀ ਖਾਹਿਸ਼ ਬਾਰੇ ਪੁਛਿਆ ਤਾਂ ਮੈਂ ਹਾਂ ਕਰ ਦਿਤੀ।

? ਕੋਈ ਸਕਰੀਨ ਟੈਸਟ ਵਗੈਰਾ ਨਹੀਂ ਹੋਇਆ ?

—ਨਹੀਂ।

? ਫਿਰ ਤੁਸੀਂ ਪਹਿਲੇ ਸ਼ਾਟ ਵੇਲੇ ਘਬਰਾਏ ਨਹੀਂ ?

—ਬਿਲਕੁਲ ਨਹੀਂ, ਜਦ ਮੈਂ ਆਪਣੇ ਪਹਿਲੇ ਟੈਸਟ ਮੈਚ ਵੇਲੇ ਨਹੀਂ ਘਬਰਾਇਆ ਸੀ ਫਿਰ ਪਹਿਲੇ ਸ਼ਾਟ ਸਮੇਂ ਕਿਉਂ ਘਬਰਾਉਂਦਾ।

? ਤੁਸੀਂ ਉਦੋਂ ਵੀ ਨਹੀਂ ਸੀ ਘਬਰਾਏ ?

—ਬਿਲਕੁਲ ਨਹੀਂ। ਸਗੋਂ ਮੈਂ ਤਾਂ ਰਣਜੀ ਟਰਾਫੀ ਮੈਚ ਵਿਚ 200 ਦੌੜਾਂ ਬਣਾਈਆਂ ਸਨ ਤੇ ਇਸ ਤਰ੍ਹਾਂ ਮੇਰਾ ਆਤਮ-ਵਿਸ਼ਵਾਸ ਹੋਰ ਵੀ ਪੱਕਾ ਹੋ ਗਿਆ ਤੇ ਜਿਥੋਂ ਤਕ ਐਕਟਿੰਗ ਦਾ ਸਬੰਧ ਹੈ, ਇਸ ਯੂਨਿਟ ਨੇ ਮੈਨੂੰ ਕਦੀ ਨਵਾਂ ਚਿਹਰਾ ਹੋਣ ਬਾਰ ਮਹਿਸੂਸ ਹੀ ਨਹੀਂ ਕਰਾਇਆ।

ਯੂਨਿਟ ਵਾਲੇ ਮੇਰੇ ਨਾਲ ਇਸ ਤਰ੍ਹਾਂ ਹਾਸਾ ਮਜ਼ਾਕ ਕਰਦੇ ਹਨ ਜਿਵੇਂ ਕਿ ਉਹ ਮੇਰੇ ਕਲਾਸ-ਫੈਲੋ ਹੋਣ।

? ਤੁਸੀਂ ਸ਼ਿਫਟ ਅਤੇ ਰੈਸਟ ਦੀ ਤਰਤੀਬ ਕਿਸ ਤਰ੍ਹਾਂ ਕਰ ਰਹੇ ਹੋ ?

—ਬਿਲਕੁਲ ਉਸੇ ਤਰ੍ਹਾਂ ਜਿਵੇਂ ਕਿ ਕ੍ਰਿਕਟਰ ਸਮੇਂ ਸਾਰਾ ਦਿਨ ਤਪਦੇ ਸੂਰਜ ਹੇਠ ਆਨੰਦ ਮਾਨਣਾ ਅਤੇ ਹੁਣ ਲਾਈਟਾਂ ਦੀ ਰੋਸ਼ਨੀ ਵਿਚ ਸਾਰੀ ਰਾਤ ਸ਼ੂਟਿੰਗ ਕਰਦੇ ਰਹਿਣਾ।

? ਕ੍ਰਿਕਟਰਾਂ ਦੀ ਗੱਲ ਲੈਂਦਿਆਂ ਇਕ ਗੱਲ ਯਾਦ ਆ ਗਈ ਉਹ ਇਹ ਕਿ ਜਦੋਂ ਤੁਸੀਂ ਫਿਲਮਾਂ ਵਿਚ ਪ੍ਰਵੇਸ਼ ਹੋ ਗਏ ਤਾਂ ਤੁਹਾਡੇ ਸਾਥੀ ਖਿਡਾਰੀਆਂ ਦੀ ਕੀ ਪ੍ਰਤੀਕ੍ਰਿਆ ਸੀ ?

—ਉਹਨਾਂ ਪਾਕਿਸਤਾਨ ਟਰਿਪ ਸਮੇਂ ਮੇਰੀਆਂ ਲੱਤਾਂ ਵਧੇਰੀਆਂ ਪਿਛਾਂਹ ਨੂੰ ਖਿਚੀਆਂ ? ਗਾਵਸਕਰ ਤਾਂ ਬਹੁਤ ਹੀ ਗੁਸੇ ਵਿਚ ਆ ਗਿਆ। ਕਪਿਲ ਦੇਵ ਨੇ ਸ਼ਤਰੂਘਨ ਸਿਨਹਾ ਵਰਗਾ ਮੂੰਹ ਬਣਾਉਂਦਿਆਂ ਕਿਹਾ—'ਦੇਖੋ ਇਮਪਾਇਰ ਨੂੰ ਸੰਦੀਪ ਕਿਵੇਂ ਡਰਾ-ਧਮਕਾ ਰਿਹਾ ਹੈ।'

? ਕੀ ਤੁਸੀਂ ਬਹੁਤ ਸਾਰੀਆਂ ਹਿੰਦੀ ਫਿਲਮਾਂ ਦੇਖੀਆਂ ਹਨ ?

—ਨਹੀਂ, ਬਿਲਕੁਲ ਨਹੀਂ। ਮੇਰੇ ਪ੍ਰੀਵਾਰ ਦਾ ਕੋਈ ਵੀ ਮੈਂਬਰ ਫਿਲਮਾਂ ਦੇਖਣੀਆਂ ਪਸੰਦ ਨਹੀਂ ਕਰਦਾ।

? ਜਦੋਂ ਤੁਸੀਂ ਫਿਲਮ ਸਾਈਨ ਕਰ ਲਈ, ਫਿਰ ਤੁਹਾਡੇ ਪ੍ਰੀਵਾਰ ਦੀ ਕੀ ਪ੍ਰਤੀਕ੍ਰਿਆ ਸੀ ?

—ਮੇਰੇ ਮਾਤਾ ਪਿਤਾ ਨੇ ਹਮੇਸ਼ਾ ਮੈਨੂੰ ਅਗੇ ਵਧਣ ਲਈ ਕਿਹਾ ਹੈ। ਜਦੋਂ ਮੈਂ ਫਿਲਮ ਕੀਤੀ ਤਾਂ ਉਹਨਾਂ ਏਨਾ ਹੀ ਕਿਹਾ ਕਿ ਮੈਂ ਇਹ ਤਜਰਬਾ ਵੀ ਕਰਕੇ ਵੇਖ ਲਵਾਂ।

? ਫਿਰ ਤੁਹਾਡਾ ਮਤਲਬ ਹੈ ਕਿ ਹੁਣ ਤੁਸੀਂ ਫਿਲਮ ਵਿਚ ਆਉਣ ਦਾ ਕੇਵਲ ਤਜਰਬਾ ਹੀ ਕਰ ਰਹੇ ਹੋ ?

—ਬਿਲਕੁਲ ਠੀਕ। ਪਰ ਇਸ ਤੋਂ ਇਲਾਵਾ ਹੋਰ ਵੀ ਗੱਲ ਹੈ। ਮੈਂ ਕਿਸੇ ਨਵੀਂ ਚੀਜ਼ ਵਲ ਵਧਣ ਵੇਲੇ ਅੰਨ੍ਹੀ ਦੌੜ ਲਾ ਦਿੰਦਾ ਹਾਂ। ਜਦੋਂ ਮੈਂ ਕੋਈ ਕੰਮ ਕਰਨ ਸਮੇਂ ਇਕ ਵਾਰੀ ਫੈਸਲਾ ਕਰ ਲਵਾਂ, ਫਿਰ ਦੂਜੀ ਵਾਰ ਨਹੀਂ ਸੋਚਦਾ। ਇਸੇ ਕਰਕੇ ਮੈਂ ਅੱਜ ਤਕ ਬੈਟਿੰਗ ਵਿਚ ਮੁਸੀਬਤ ਭੋਗ ਰਿਹਾ ਹਾਂ।

? ਤੁਸੀਂ ਫਿਲਮਾਂ ਵਿਚ ਦੌੜ ਆਏ ਹੋ, ਕਿਤੇ ਇਸਦਾ ਮਤਲਬ ਵੀ......?

—ਨਹੀਂ, ਨਹੀਂ, ਮੇਰਾ ਫਿਲਮਾਂ ਵਿਚ ਆਉਣ ਦਾ ਇਹ ਮਕਸਦ ਨਹੀਂ। ਮੈਨੂੰ ਜਦੋਂ ਵੀ ਕੋਈ ਕਿਸੇ ਨਵੇਂ ਕੰਮ ਨੂੰ ਕਰਨ ਲਈ ਕਹਿੰਦਾ ਹੈ ਤਾਂ ਮੈਂ ਹਾਂ ਕਹਿ ਦਿੰਦਾ ਹਾਂ। ਪਿਛੇ ਜਿਹੇ ਮੇਰੇ ਇਕ ਦੋਸਤ ਨੇ ਮੈਨੂੰ ਆਪਣੇ ਨਾਲ ਬਿਜਨੈਸ ਵਿਚ ਲੈਣਾ ਚਾਹਿਆ ਤਾਂ ਮੈਂ ਹਾਂ ਕਰ ਦਿਤੀ ਸੀ।

? ਜਦੋਂ ਤੁਸੀਂ ਕੁੜੀਆਂ ਵਿਚ ਘਿਰ ਜਾਂਦੇ ਹੋ ਤਾਂ ਕੀ ਮਹਿਸੂਸ ਕਰਦੇ ਹੋ ?

—ਬਹੁਤ ਮਜ਼ਾ ਆਉਂਦਾ ਹੈ। ਮੈਂ ਕੁੜੀਆਂ ਦੀ ਭੀੜ ਵਿਚ ਅਕਸਰ ਹਲਕਾ-ਫੁਲਕਾ ਮਹਿਸੂਸ ਕਰਦਾ ਹਾਂ।

? ਫਿਲਮੀ ਮੈਗਜ਼ੀਨਾਂ ਵਿਚ ਰੁਮਾਂਸ ਬਾਰੇ ਉਡਦੀਆਂ ਅਫਵਾਹਾਂ ਤੋਂ ਤੁਸੀਂ ਕੀ ਅਨੁਭਵ ਕਰਦੇ ਹੋ ?

—ਮੈਨੂੰ ਗੌਸਿਪ ਨਾਲ ਮੁਹੱਬਤ ਹੈ। ਸਾਰੇ ਕ੍ਰਿਕਟਰਜ਼ ਫਿਲਮੀ ਮੈਗਜ਼ੀਨ ਪਸੰਦ ਕਰਦੇ ਹਨ। ਜਦੋਂ ਅਸੀਂ ਕਿਤੇ ਢਾਣੇ ਦਾ ਢਾਣਾ ਹੀ ਟੈਸਟ ਲੜੀ ਲਈ ਜਾ ਰਿਹਾ ਹੁੰਦਾ ਸੀ ਤਾਂ ਮੈਗਜ਼ੀਨ ਵਿਚ ਅਫਵਾਹਾਂ ਪੜ੍ਹਕੇ ਬਹੁਤ ਮਜ਼ਾ ਆਉਂਦਾ ਸੀ ਜਿਵੇਂ ਕਿ ਅੱਜ ਰੇਖਾ ਅਮਿਤਾਭ ਨਾਲ ਤੇ ਕਲ੍ਹ ਰੇਖਾ ਕਿਸੇ ਹੋਰ......।

? ਕੀ ਤੁਸੀਂ ਆਪਣੀ ਹੀਰੋਇਨ ਪੂਨਮ ਨਾਲ ਕੋਈ ਰੁਮਾਂਟਿਕ ਸ਼ਾਟ ਦਿਤਾ ਹੈ ?

—ਹਾਲੇ ਨਹੀਂ, ਪਰ ਮੈਂ ਉਸ ਨਾਲ ਰੁਮਾਂਟਿਕ ਕਈ ਫੋਟੋਆਂ ਜ਼ਰੂਰ ਖਿਚਵਾਈਆ ਹਨ। ਪੂਨਮ ਢਿਲੋਂ ਬਹੁਤ ਮਿਲਣ ਸਾਰ ਅਭਿਨੇਤਰੀ ਹੈ। ਮੈਨੂੰ ਲਗਦਾ ਹੈ ਸ਼ੂਟਿੰਗ ਕਰਨ ਸਮੇਂ ਉਹ ਮੈਨੂੰ ਸਹਿਯੋਗ ਦੇਵੇਗੀ। ਫਿਰ ਵੀ ਸ਼ੂਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਮੈਂ ਉਸ ਨੂੰ ਹੋਰ ਚੰਗੀ ਤਰ੍ਹਾਂ ਘੋਖਾਂਗਾ।

? ਕੀ ਤੁਸੀਂ ਜਾਣਦੇ ਹੋ ਕਿ ਫਿਲਮਾਂ ਵਿਚ ਦਾੜ੍ਹੀ ਨਾਲ ਪ੍ਰਵੇਸ਼ ਕਰਨ ਵਾਲੇ ਤੁਸੀਂ ਪਹਿਲੇ ਵਿਅਕਤੀ ਹੋ ?


—ਉਹ ਇਹ ਠੀਕ ਹੈ, ਨਹੀਂ ਨਹੀਂ—ਸੰਜੇ ਖਾਂ ਵੀ ਦਾੜ੍ਹੀ ਰਖਦਾ ਹੈ। ■

'ਖ਼ੁਦਦਾਰ' ਵਿਚ ਅਮਿਤਾਭ ਬੱਚਨ। ਨਿਰਮਾਤਾ ਹਨ ਅਨਵਰ ਅਲੀ ਤੇ ਐਫ. ਕੇ. ਰਤਸੇ ਅਤੇ ਨਿਰਦੇਸ਼ਕ ਹਨ ਰਵੀ ਟੰਡਨ



2 ਅਕਤੂਬਰ ਦਾ ਦਿਨ ਫਿਲਮੀ ਪਰੇਮੀਆਂ ਲਈ ਅਤੇ ਅਮੀਤਾਭ ਬਚਨ ਦੇ ਪ੍ਰਸ਼ੰਸਕਾਂ ਲਈ ਚਾਵਾਂ ਭਰਿਆ ਦਿਨ ਹੋਵੇਗਾ। ਆਪਣੀਆਂ ਟਿਕਟਾਂ ਦਾ ਹੁਣੇ ਪ੍ਰਬੰਧ ਕਰ ਲਵੋ।

ਪਾਹਲ ਬ੍ਰਦਰਜ਼ ਦੀ 'ਰੂਪ ਸ਼ੁਕੀਨਣ ਦਾ'



ਯਸ਼ ਸ਼ਰਮਾ, ਸੁਧਾ ਚੋਪੜਾ, ਰਜਨੀ ਬਾਲਾ (ਫੋਟੋ : ਸਤਨਾਮ ਪਾਹਲ ਤੋਂ ਧੰਨਵਾਦ ਸਹਿਤ)

ਪੰਜਾਬ ਵਿੱਚ ਰਲੀਜ਼ ਹੋ ਗਈ -

ਭਾਰਤ ਦੀ ਆਜ਼ਾਦੀ ਲਹਿਰ

ਗੁਰਨਾਮ ਸਿੰਘ ਸੰਘੇੜਾ

ਤੀਜੀ ਕਿਸ਼ਤ

1927 ਵਿਚ ਮਦਰਾਸ ਕਾਂਗਰਸ ਸੈਸ਼ਨਵਿਚ ਨੌਜੁਆਨਾਂ ਵਿਚ ਖੱਬੀ ਰੁਚੀ ਸਾਮਣੇ ਆਈ ਅਤੇ ਪੂਰਨ ਆਜ਼ਾਦੀ ਦਾ ਮਤਾ ਪਾਸ ਹੋਗਿਆ ਜੋ ਪਹਿਲਾਂ ਗਾਂਧੀ ਜੀ ਰੱਦ ਕਰਦੇ ਰਹੇ। ਸਾਈਮਨ ਕਮਿਸ਼ਨ ਦੇ ਬਾਈਕਾਟ ਦਾ ਫੈਸਲਾ ਹੋਇਆ। ਕਾਂਗਰਸ ਨੂੰ ਸਾਮਰਾਜ ਵਿਰੁਧ ਇੰਟਰਨੈਸ਼ਨਲ ਲੀਗ ਨਾਲ ਜੋੜ ਦਿਤਾ। ਪਰ ਇਹ ਰੁਝਾਨ ਆਰਜੀ ਸੀ। ਹੁਣ ਜਦੋਂ ਸਾਈਮਨ ਕਮਿਸ਼ਨ ਵਿਰੁਧ ਮੁਜ਼ਾਹਰੇ ਹੜਤਾਲਾਂ ਦਾ ਜ਼ੋਰ (ਜਿਵੇਂ ਗਿਰਨੀ ਕਾਮਗਰ ਯੂਨੀਅਨ ਜਾਂ ਲਾਲ ਝੰਡਾ ਯੂਨੀਅਨ ਬੰਬਈ) ਨਵੀਂ ਬਣੀ ਆਜ਼ਾਦੀ ਲੀਗ ਅਤੇ ਯੂਥ ਤੇ ਵਿਦਿਆਰਥੀ ਜੱਥੇਬੰਦੀਆਂ ਨੇ ਪੁਰਾਣੀ ਲੀਡਰਸ਼ਿਪ ਨੂੰ ਡਰ ਪਾ ਦਿਤਾ ਕਿ ਜੇ ਇਹ ਰੁਝਾਨ ਰਿਹਾ ਤਾਂ ਕਾਂਗਰਸ ਨੂੰ ਹੂੰਝਾ ਫਿਰ ਜਾਏਗਾ।

ਨੌਜੁਆਨਾਂ ਨੇ ਨੌਜੁਆਨ ਭਾਰਤ ਸਭਾ ਬਣਾਈਆਂ ਅਤੇ ਹਿੰਦੋਸਤਾਨ ਰੀਪਬਲੀਕਨ ਆਰਮੀ ਦਾ ਨਾਮ ਬਦਲ ਕੇ ਹਿੰਦੋਸਤਾਨ ਸੋਸ਼ਲਿਸਟ ਰੀਪਬਲੀਕਨ ਆਰਮੀ ਰਖ ਦਿਤਾ। ਇਸ ਦਾ ਨੇਤਾ ਸਰਦਾਰ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਦੱਤ ਆਦਿ ਸਨ। ਇਹਨਾਂ ਨੇ ਆਪਣਾ ਸਾਰਾ ਫਲਸਫਾ ਤੇ ਇਨਕਲਾਬ ਬਾਰੇ "ਬੰਬੋਂ ਕਾ ਦਰਸ਼ਨ" (ਬੰਬ ਦਾ ਫਲਸਫਾ) ਨਾਮ ਦੀ ਕਿਤਾਬ ਲਿਖੀ, ਬੰਗਾਲ ਵਲ "ਜੁਗੰਤਰ" ਅਤੇ "ਅਨੂਸ਼ਿਲਨ" ਗਰੁਪ ਵੀ ਜਾਨ ਦੀਆਂ ਬਾਜੀਆਂ ਲਾਕੇ ਗੁਲਾਮੀ ਦੇ ਸੰਗਲ ਕੱਟਣ ਦੀ ਕੋਸ਼ਿਸ਼ ਕਰ ਰਹੇ ਸਨ। "ਚਟਾਗਾਂਗ ਰੀਪਬਲੀਕਨ ਆਰਮੀ" ਨੇ ਵੀ ਅੰਗਰੇਜੀ ਸਾਮਰਾਜ ਨੂੰ ਵਖਤ ਪਾ ਰਖਿਆ ਸੀ। ਸ੍ਰ.ਭਗਤ ਸਿੰਘ ਹੁਰਾਂ ਦੀ ਜਥੇਬੰਦੀ ਪੰਜਾਬ, ਯੂ ਪੀ, ਬਿਹਾਰ ਤੇ ਰਾਜਸਥਾਨ ਵਿਚ ਲੋਕਾਂ ਵਿਚ ਜਾ ਰਹੀ ਸੀ। ਹੁਣ ਮਹਾਰਾਸ਼ਟਰ ਤੇ ਕੇਰਲ ਵਿਚ ਵੀ ਹਲਚਲ ਸੀ। ਹੁਣ ਭਾਰਤ ਮੁੜ 1920 ਵਾਲੀ ਜੋਸ਼ ਭਰੀ ਥਾਂ ਉਤੇ ਆ ਖੜਾ ਹੋਇਆ।

ਇਸ ਨਾਜਕ ਹਾਲਤ ਅਤੇ ਨਾਜਕ ਤਾਕਤਾਂ ਦੇ ਤੋਲ ਵਿਚ ਕਿ ਕੰਮ ਹੁਥੋਂ ਨਿਕਲ ਚਲਿਆ, ਸੱਜ ਪਿਛਾਖੜ ਨੇ ਮੁੜ ਮਹਾਤਮਾ ਗਾਂਧੀ ਨੂੰ ਮੈਦਾਨ ਵਿਚ ਲਿਆਂਦਾ। 1928 ਵਿਚ ਕਲਕੱਤਾ ਸੈਸ਼ਨ ਪਿਛੋਂ ਮਹਾਤਮਾਂ ਜੀ ਫਿਰ ਫਕੀਰ ਅਤੇ ਧਰਮ ਦੇ ਟੇਡੇ ਬੁਰਕੇ ਆਏ। ਕਾਂਗਰਸ ਨੇ ਨਰਮ ਦਲ ਅਤੇ ਸੱਜ ਪਿਛਾਕੜ ਨੂੰ ਨਾਲ ਰਲਾਕੇ ਬਰਤਾਨਵੀ ਸਲਤਨਤ ਅੰਦਰ ਜੁਮੇਂਵਾਰ ਹਕੂਮਤ (Responsible Government] ਦਾ ਵਿਧਾਨ ਅੱਗੇ ਲਿਆਂਦਾ ਜਿਸਨੂੰ "ਨਹਿਰੂ ਰੀਪੋਰਟ" ਆਖਿਆ ਜਾਂਦਾ ਹੈ। ਪਰ ਪਾਸ ਕਰਾਉਣ ਵਿਚ ਮੁਸ਼ਕਲ ਆਈ। ਗਾਂਧੀ ਜੀ ਨੇ ਮਤਾ ਪਾਸ ਕਰਵਾ ਲਿਆ ਕਿ ਇਹ ਰੀਪੋਰਟ ਪੂਰਨ ਆਜਾਦੀ ਦੇ ਮੰਤਵ ਨੂੰ ਵਾਪਸ ਨਹੀਂ ਲੈ ਰਹੀ (ਇਸ ਰੀਪੋਰਟ ਰਾਹੀਂ) ਅਤੇ ਆਖਿਆ ਕਿ ਜੇ ਸਰਕਾਰ ਨੇ ਨਹਿਰੂ ਰੀਪੋਰਟ ਦਸੰਬਰ 1929 ਤਕ ਨਾ ਸਵੀਕਾਰ ਕੀਤੀਤਾਂ ਫਿਰ "ਅਹਿੰਸਾ ਤੇ ਨਾ ਮਿਲ-ਵਰਤਣ ਲਹਿਰ" ਚਲਾਵਾਂਗੇ। ਪਰ ਨਹਿਰੂ ਰੀਪੋਰਟ ਤਾਂ ਪੂਰਨ ਆਜਾਦੀ ਹੀ ਨਹੀਂ ਮੰਗਦੀ ਸੀ। ਸ੍ਰੀ ਸੁਭਾਸ਼ ਚੰਦਰ ਬੋਸ ਨੇ ਇਸ ਬਾਰੇ ਆਖਿਆ, "ਕਲਕੱਤਾ ਕਾਂਗਰਸ ਦਾ ਇਹ ਟਾਲ ਮਟੋਲ ਵਾਲੇ ਮਤੇ ਨੇ ਕੀਮਤੀ ਸਮੇਂ ਨੂੰ ਕਤਲ ਕਰਨ ਦਾ ਕੰਮ ਕੀਤਾ।" (ਭਾਰਤੀ ਜੱਦੋ ਜਹਿਦ: ਸਫਾ 181) ਪਰ ਜਦੋਂ ਇਹ ਮਤਾ ਪਾਸ ਹੋ ਰਿਹਾ ਸੀ ਤਾਂ ਪੰਡਾਲ ਤੋਂ ਬਾਹਰ ਪੰਜਾਹ ਹਜ਼ਾਰ ਮਜ਼ਦੂਰ ਪੂਰਨ ਆਜ਼ਾਦੀ ਦੇ ਹੱਕ ਵਿਚ ਮੁਜਾਹਰਾ ਕਰ ਰਹੇ ਸਨ।

1929 ਦੇ ਲਾਹੌਰ ਕਾਂਗਰਸ ਸੈਸ਼ਨ ਵਿਚ "ਪੂਰਨ ਸਵਰਾਜ" ਦਾ ਨਾਅਰਾ ਅਤੇ ਐਕਸ਼ਨ ਕਰਨ ਦਾ ਫੈਸਲਾ ਹੋਇਆ। 26 ਜਨਵਰੀ 1930 ਹੈ ਆਜ਼ਾਦੀ ਦਿਨ ਮਨਾਇਆ, ਮੁਜਾਹਰੇ ਹੋਏ ਅਤੇ ਪੂਰਨ ਆਜ਼ਾਦੀ ਲਈ ਜਦੋ ਜਹਿਦ ਦਾ ਵਾਅਦਾ ਹੋਇਆ। ਇਹ ਵੀ ਆਖਿਆ ਕਿ "ਹੁਣ ਅਗੇ ਨੂੰ ਚੁਪ ਜਾਂ ਅਧੀਨਗੀ ਮੰਨਣਾ ਇਨਸਾਨ ਅਤੇ ਪ੍ਰਮਾਤਮਾ ਵਿਰੁਧ ਜੁਰਮ ਹੋਵੇਗਾ।"

ਸਾਈਮਨ ਕਮਿਸ਼ਨ ਦਾ ਬਾਈਕਾਟ, ਮੁਜਾਹਰੇ ਤੇ ਲਾਠੀ ਚਾਰਜ ਹੋਏ,। ਇਸ ਨਾਲ ਲਾਲਾ ਲਾਜਪਤ ਰਾਏ ਦੀ ਮੌਤ ਪਰ ਕਾਂਗਰਸ ਉਸ ਬਦਲੇ ਕੁਝ ਨਾ ਕਰ ਸਕੀ। ਸਗੋਂ ਕਈ ਉਘੇ ਕੌਮੀ ਨੇਤਾਵਾਂ ਨੇ ਨੌਜੁਆਨ ਸਭਾਵਾਂ ਤੇ ਨੌਜੁਆਨ ਨੇਤਾਵਾਂ ਨੂੰ ਕੁਝ ਕਰਨ ਲਈ ਆਖਿਆ। ਭਗਤ ਸਿੰਘ ਹੁਰਾਂ ਨੇ ਤੇਜੀ ਨਾਲ ਹਿੰਸਕ ਕੰਮ ਸ਼ੁਰੂ ਕੀਤਾ। ਆਖਰ ਕਤਲ ਅਤੇ ਦਿੱਲੀ ਬੰਬ ਕੇਸ ਪਿਛੋਂ ਫੜੇ ਗਏ। ਇਨਾਂ ਦੇ ਇਸ ਦੂਜੇ ਲਾਹੌਰ ਸਾਜਿਸ਼ ਕੇਸ ਬਾਰੇ ਧੁੰਮਾਂ ਪੈ ਗਈਆਂ। ਅੰਗਰੇਜਾਂ ਨੇ ਨੌਜੁਆਨ ਲਹਿਰ ਅਤੇ ਅਗਾਂਹਵਧੂ ਲਹਿਰ ਨੂੰ ਮਾਰਨ ਦਾ ਫੈਸਲਾ ਕੀਤਾ। ਅਕਤੂਬਰ 1929 ਵਿਚ ਅੰਗਰੇਜਾਂ ਨੇ ਭਾਰਤ ਨੂੰ ਡੁਮੀਨੀਅਨ ਦਰਜਾ ਦੇਣ (ਭਵਿਖ ਵਿਚ) ਦਾ ਐਲਾਨ ਕੀਤਾ। ਕਾਂਗਰਸ ਨੇ "ਦਿੱਲੀ ਐਲਾਨ ਨਾਮੇ" ਰਾਹੀਂ ਇਕ ਦਮ ਹਾਂ ਭਰ ਦਿਤੀ ਅਤੇ ਪੂਰਨ ਆਜਾਦੀ ਦੇ ਡਰਾਫਟ ਭੁਲਾ ਦਿਤੇ। ਇਸ ਐਲਾਨ ਨਾਮੇ ਉਪਰ ਨਹਿਰੂ, ਗਾਂਧੀ, ਮੋਤੀ ਲਾਲ ਨਹਿਰੂ, ਤੇ ਤੇਜ ਬਹਾਦਰ ਸਪਰੂ ਆਦਿ ਦੇ ਦਸਖਤ ਸਨ। ਦਸੰਬਰ 1929 ਦੇ ਲਾਹੌਰ ਕਾਂਗਰਸ ਸੈਸ਼ਨ ਵਿਚ ਫਿਰ ਪੂਰਨ ਸਵਰਾਜ ਲਈ ਵਾਅਦਾ ਹੋਇਆ।

ਪਰ ਇਸ ਹੀ ਸਮੇਂ ਚੜ੍ਹਦੀ ਕਾਂਗ ਵੇਖ ਕੇ ਕਾਂਗਰਸ ਨੇ ਆਪਣੇ ਝੰਡੇ ਦਾ ਰੰਗ ਬਦਲ ਦਿਤਾ - ਹੁਣ ਤਕ ਇਹ ਲਾਲ ਚਿੱਟਾ ਤੇ ਹਰੇ ਰੰਗ ਦਾ ਸੀ। ਪਰ ਹੁਣ ਲਾਲ ਰੰਗ ਚੁਭਣ ਲੱਗਾ ਕਿਉਂਕਿ ਇਹ ਖਾੜਕੂ ਸਪਿਰਟ ਤੇ ਇਨਕਲਾਬ ਦਾ ਚਿੰਨ ਬਣ ਚੁੱਕਾ ਸੀ। ਸੋ ਇਸ ਰੰਗ ਦੀ ਥਾਂ "ਸੰਧੂਰੀ" ਰੰਗ ਕਰ ਦਿਤਾ। ਦੂਜਾ ਇਸ ਸੈਸ਼ਨ ਵਿਚ ਸੁਭਾਸ਼ ਚੰਦਰ ਬੋਸ ਦਾ ਅੰਗਰੇਜ਼ਾਂ ਦੇ ਮੁਕਾਬਲੇ ਤੇ ਸਰਕਾਰ ਬਨਾਉਣ ਦਾ ਮਤਾ ਰੱਦ ਕੀਤਾ। 1930 ਵਿਚ ਸਾਰਸਮਤੀ ਵਿਚ ਮਹਾਤਮਾ ਗਾਂਧੀ ਨੂੰ ਸਭ ਹਕ ਸੌਂਪ ਦਿਤੇ ਗਏ ਅਤੇ ਕਾਂਗਰਸ ਦਾ ਡਿਕਟੇਟਰ ਬਣ ਗਿਆ। 12 ਮਾਰਚ 1930 ਨੂੰ "ਡੰਡੀ ਮਾਰਚ" ਤੇ ਸਮੁੰਦਰ ਵਿਚੋਂ ਲੂਣ ਪੈਦਾ ਕਰਨ ਦਾ ਸਤਿਆ ਗ੍ਰਹਿ ਆਰੰਭ ਦਿਤਾ। ਸੋ ਜਦੋਂ ਵੀ ਲੋਕ ਉਭਾਰ ਇਨਾਂ ਦੇ ਕਬਜੇ ਤੋਂ ਬਾਹਰ ਹੋਕੇ ਤੁਰਨਾ ਚਾਹੁੰਦਾ ਇਹ ਦੋਹਰੇ ਕਿਰਦਾਰ ਕਰਕੇ ਉਸਨੂੰ ਬਰੇਕਾਂ ਲਾਉਣ ਤੇ ਮੱਠਾ ਪਾਉਣ ਲਈ ਇਹੋ ਜਿਹਾ ਪਰਪੰਚ ਰਚਾ ਦਿੰਦੇ ਜੇ ਵਾਕਿਆ ਹੀ ਲੋਕੀ ਪੂਰਨ ਆਜਾਦੀ ਦੇ ਲੋਕ ਹਿੱਤ ਲਈ ਪ੍ਰਾਪਤ ਕਰਨਾ ਸੀ ਤਾਂ ਇਹ ਸਿਰਫ ਮਜਦੂਰ ਕਿਸਾਨ ਨੂੰ ਨਾਲ ਲੈਕੇ ਅੱਗੇ ਤੁਰਨਾ ਚਾਹੀਦਾ ਸੀ। ਇਹ ਆਮ ਬਹੁ ਗਿਣਤੀ ਦੀ ਸ਼ਮੂਲੀਅਤ ਨਹੀਂ ਚਾਹੁੰਦੇ ਸਨ। ਸਤਿਆ ਗ੍ਰਹਿ ਵਧੀ ਕੁਝ ਬੰਦਿਆਂ ਤੇ ਕਈ ਬਾਰ ਇਕੱਲੇ ਇਕੱਲੇ ਦੀ ਗ੍ਰਿਫਤਾਰੀ ਜਾਂ ਕੁਝ ਹਲਕੇ ਤਕ ਹੀ ਸੀਮਤ ਰਖਦੇ ਸਨ।

1929 ਵਿਚ "ਵਿਟਲੇ ਕਮਿਸ਼ਨ" ਭਾਰਤ ਵਿਚ ਕਮਿਊਨਿਸਟ ਅਸਰ ਨੂੰ ਜਾਚਣ ਦੀ ਉਸ ਪੜਤਾਲ ਲਈ ਆਇਆ। ਟਰੇਡ ਡਿਸਪਿਊਟਿਸ ਐਕਟ ਆਦਿ ਮਜਦੂਰ ਵਿਰੁਧ ਬਣਾਏ। 20 ਮਾਰਚ 1929 ਨੂੰ ਕਮਿਊਨਿਸਟਾਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਅਤੇ 33 ਕਮਿਊਨਿਸਟ ਲੀਡਰਾਂ ਉਪਰ "ਮੇਰਠ ਸਾਜਸ਼ ਕੇਸ" ਦੇ ਨਾਮ ਉਤੇ ਅੰਗਰੇਜੀ ਸਰਕਾਰ ਨੂੰ ਉਲਟਾਉਣ ਦੇ ਦੋਸ਼ ਤੇ ਚਲਾਇਆ ਉਮਰ ਕੈਦਾਂ ਹੋਈਆਂ।

ਸ੍ਰ.ਭਗਤ ਸਿੰਘ ਹੁਰਾਂ ਅਤੇ ਇਨਾਂ ਸਾਜਕ ਕੇਸਾਂ ਬਾਰੇ ਮਹਾਤਮਾ ਗਾਂਧੀ ਜੀ ਚੁੱਪ ਰਹੇ। ਪਰ ਆਖਰ ਮਜਬੂਰ ਹੋਕੇ ਕੁਝ ਕਹਿਣਾ ਪਿਆ। ਮਾਰਚ 1930 ਵਿਚ ਮਹਾਤਮਾ ਜੀ ਨੇ ਵਾਇਸਰਾਏ ਨੂੰ ਚਿੱਠੀ ਲਿਖੀ, "ਹਿੰਸਾਵਾਦੀ ਪਾਰਟੀ ਮਜਬੂਤ ਹੋ ਰਹੀ ਹੈ ਅਤੇ ਲੋਕਾਂ ਤਕ ਪਹੁੰਚ ਰਹੀ ਹੈ — ਮੇਰਾ ਮੰਤਵ ਉਸ ਤਾਕਤ ਨੂੰ ਹਰਕਤ ਵਿਚ ਲਿਆਉਣਾ ਹੈ ਜਿਹੜੀ ਅੰਗਰੇਜੀ ਹਕੂਮਤ ਦੀ ਜਥੇਬੰਦ ਹਿੰਸਾ ਅਤੇ ਵਧ ਰਹੀ ਹਿੰਸਾ ਦੀ ਪਾਰਟੀ ਦੇ ਗੈਰ ਜਥੇਬੰਦ ਹਿੰਸਾਵਾਦ ਦੇ ਵਿਰੁਧ ਹਵੇ-" ਸੋ ਦੋ ਮੂਹੀਂ ਅਤੇ ਦੂਹਰੇ ਕਿਰਦਾਰ ਦੀ ਗਲ ਸੀ ਅਤੇ ਨਾਲ ਹੀ ਆਪਣੇ ਆਜ਼ਾਦੀ ਘੁਲਾਟੀਆਂ ਨੂੰ ਹਿੰਸਕ ਯਰਕਾਊ ਅਤੇ ਅਫਰਾ ਦਫਰੀ ਵਾਲੇ ਆਖਕੇ ਲੋਕ ਲਹਿਰ (ਜੋ ਕਾਂਗਰਸ ਜੋ ਕਾਂਗਰਸ ਦੇ ਕਬਜੇ ਤੋਂ ਬਾਹਰ ਸੀ) ਦੀ ਨਿੰਦਿਆ ਅਤੇ ਅੰਗਰੇਜੀ ਸਰਕਾਰ ਦੀ ਮਦਦ ਕੀਤੀ। ਅੰਗਰੇਜ਼ਾਂ ਨੇ ਇਸ ਬਿਆਨ ਨੂੰ ਕਾਫੀ ਉਛਾਲਿਆ ਤੇ ਵਰਤਿਆ।

ਜਿਨਾਂ ਨੇ ਹਸ ਹਸ ਫਾਂਸੀ ਦੇ ਰੱਸੇ ਚੁੰਮੇ ਅਤੇ ਮੌਤ ਨਾਲ ਕਲੋਲਾਂ ਕੀਤੀਆਂ ਇਹ ਗੱਲਾਂ ਉਨਾਂ ਉਪਰ ਸੱਟ ਸਨ। ਪਰ ਲੋਕ ਅੱਜ ਵੀ ਉਨਾਂ ਦੀਆਂ ਮੜੀਆਂ ਨੂੰ ਪੂਜਦੇ ਹਨ। ਪਰ ਕਾਂਗਰਸ ਨੇ ਇਹ ਤੇ ਹਰ ਨੂੰ ਡਕ ਲਾਉਣ ਵਾਲੀ ਗਲ ਸੀ।

"ਜਿਸ ਮਰਨੇ ਤੇ ਜਗ ਡਰੇ ਮੇਰੇ ਮਨ ਆਨੰਦ
ਮਰਨੇ ਤੇ ਹੀ ਪਾਈਏ ਪੂਰਨ ਪਰਮਾ ਨੰਦ"

ਹਿੰਸਾ ਤਾਂ ਅੰਗਰੇਜ਼ ਕਰਦਾ ਸੀ। ਲੋਕ ਤਾਂ ਸਿਰਫ ਆਪਣੀ ਡੀਫੈਂਸ ਕਰਦੇ ਸਨ। ਦੂਜੇ ਦੇਸੀ ਹਿੰਸਾ ਦਾ ਮੰਤਵ ਤਾਂ ਜੁਲਮ ਦਾ ਮੁਕਾਬਲਾ ਕਰਨ ਲਈ ਤੇ ਹੱਕੀ ਮੰਗਾਂ ਲਈ ਹਥਿਆਰ ਸੀ। ਸੋ ਇਹ ਹਿੰਸਾ ਅਗਾਂਹ ਵਧੂ ਸੀ। ਹੋਰ ਹਿੰਸਾ ਤੇ ਹਥਿਆਰ ਹਾਲਾਤ ਤੇ ਨਿਰਭਰ ਕਰਦੇ ਹਨ। ਸੁਰਵੀਰ ਲੋਕ ਸਮਾਨ ਨੂੰ ਦੁਸ਼ਟਾਂ ਤੋਂ ਬਚਾਉਂਦੇ ਹਨ। ਮਹਾਂਭਾਰਤ ਵਿਚ ਹੈ, "ਜੋ ਪੁਰਸ਼ ਸ਼ਕਤੀ ਅਤੇ ਯੋਗਤਾ ਦੇ ਹੁੰਦਿਆਂ ਆਪਣੀ ਅੱਖਾਂ ਦੇ ਸਾਹਮਣੇ ਹੋ ਰਹੇ ਅਤਿਆਚਾਰ, ਜੁਲਮ ਤੇ ਜਬਰ ਨੂੰ ਦੂਰ ਕਰਨ ਦਾ ਯਤਨ ਨਹੀਂ ਕਰਦਾ, ਉਹ ਪਾਪਾਂ ਦਾ ਭਾਗੀ ਹੈ।"

ਗੁਰੂ ਗੋਬਿੰਦ ਸਿੰਘ ਜੀ ਨੇ ਸ਼ਕਤੀ ਨੂੰ ਸ਼ਸਤਰਾਂ ਦੇ ਨਾਮ ਦੇਕੇ ਸਿਮਰਨ ਕੀਤਾ।

"ਅਸ ਕ੍ਰਿਪਾਨ ਖੰਡੋ ਖੜਗ ਤੁਪਕ ਅਰ ਤੀਰ।
ਸੈਫ ਸਰੋਹੀ ਸੈਥੀ ਯਹੈ ਹਮਾਰੇ ਪੀਰ।"

ਮਹਾਤਮਾਂ ਗਾਂਧੀ ਨੇ ਤਾਂ ਭਗਤ ਸਿੰਘ ਦੇ ਵਿਚਾਰਾਂ ਨੂੰ ਗੁੰਡਾਵਾਦ ਪੈਦਾ ਕਰਨ ਵਾਲੇ ਦਸਿਆ (Gandhi - Bhagat Singh;s creed breeds goondaism]

18 ਅਪਰੈਲ 1930 ਨੂੰ ਸੂਰੀਆ ਸੈਨ ਦੀ ਅਗਵਾਈ ਵਿਚ ਇੰਡੀਅਨਰੀਪਬਲੀਕਨ ਆਰਮੀ ਨੇ ਚਿਟਾਗਾਂਗ ਦਾ ਵਰੂਦ ਖਾਨਾ ਤੇ ਸ਼ਹਿਰ ਕਬਜੇ ਵਿਚ ਕਰ ਲਿਆ ਪਰ ਅੰਗਰੇਜੀ ਫੌਜ ਨੇ ਘੇਰਾ ਤੇ ਕਬਜਾ ਤੋੜ ਦਿਤਾ। 1930 ਵਿਚ ਉਸਦੇ 30 ਸਾਥੀ ਫੜ ਲਏ। ਸੂਰੀਆ ਸੈਨ ਨੂੰ ਸ਼ਹੀਦ ਕੀਤਾ ਗਿਆ ਤੇ ਗਨੇਸ਼ ਘੋਸ਼, ਅਨੰਤ ਸਿੰਘ, ਅੰਬੀਕਾ ਚਕੱਰਵਰਤੀ ਤੇ ਹੋਰਾਂ ਨੂੰ ਅੰਡੇਮਾਨ ਵਿਚ ਜਲਾਵਤਨ ਕੀਤਾ।

ਮਈ 1930 ਵਿਚ ਸ਼ੋਲਾਪੁਰ ਵਿਚ ਪੁਲਸ ਤੇ ਲੋਕਾਂ ਵਿਚਕਾਰ ਟੱਕਰ ਹੋਈ ਤੇ ਮੌਤਾਂ ਹੋਈਆਂ। ਪਰ ਅਗਲੇ ਦਿਨ ਪੰਜਾਹ ਹਜ਼ਾਰ ਮਜਦੂਰ ਮੈਦਾਨ ਵਿਚ ਆ ਗਿਆ। ਥਾਣੇ, ਅੰਗਰੇਜੀ ਦਫਤਰ, ਸ਼ਰਾਬ ਦੇ ਠੇਕੇ ਆਦਿ ਅੱਗ ਦੀ ਭੇਂਟ ਕਰ ਦਿਤੇ। ਇਨਕਲਾਬੀ ਕਮੇਟੀ ਬਣਾਈ ਗਈ ਅਤੇ ਸ਼ੋਲਾਪੁਰ ਕਮਿਊਨ ਦਾ ਐਲਾਨ ਕੀਤਾ। 1930 ਵਿਚ ਹੀ "ਨਾਗਾ" ਲੋਕਾਂ ਨੇ "ਨਾਗਾ ਸਟੇਟ" ਬਨਾਉਣ ਲਈ ਬਗਾਵਤ ਕੀਤੀ। ਉਨਾਂ ਦੇ ਨੇਤਾ "ਯਦੂਮਾਂਗ" ਨੂੰ ਫਾਂਸੀ ਤੇ ਲਟਕਾਇਆ ਪਰ ਇਸ ਨਾਗਾ ਲਹਿਰ ਨੂੰ ਦੋ ਸਾਲ ਲੱਗੇ ਅਤੇ ਇਸ ਦੀ ਨੇਤਾ ਸ੍ਰੀਮਤੀ ਗੁਇਡਲੀਉ ਜਿਸ ਨੂੰ "ਨਾਗਾ ਰਾਨੀ" ਪੀ ਆਖਦੇ ਹਨ ਨੂੰ 1932 ਵਿਚ ਉਮਰ ਕੈਦ ਕੀਤੀ।

ਇਸ ਹੀ ਤਰਾਂ 23 ਅਪਰੈਲ 1930 ਨੂੰ "ਪਿਸ਼ਾਵਰ" ਵਿਚ ਗੜਬੜ ਅਤੇ ਫੌਜੀ ਬਗਾਵਤ, ਲੋਕ ਲੀਡਰ ਨੂੰ ਗ੍ਰਿਫਤਾਰ ਕਰਨ ਤੇ ਹਲਚਲ, ਗੋਲੀ ਚੱਲ ਗਈ, ਸਾਰਾ ਸ਼ਹਿਰ ਬਾਗੀ ਹੋ ਗਿਆ। "ਗੜਵਾਲੀ" ਫੌਜ ਨੂੰ ਲੋਕਾਂ ਉਪਰ ਗੋਲੀ ਚਲਾਉਣ ਲਈ ਆਖਿਆ। ਪਰ ਉਹਨਾਂ ਨੇ ਆਪਣੇ ਦੇਸ਼ ਵਾਸੀਆਂ ਉਪਰ ਗੋਲੀ ਚਲਾਉਣ ਤੋਂ ਨਾਂਹ ਕਰ ਦਿਤੀ। ਉਹ ਸਗੋਂ ਲੋਕਾਂ ਦੇ ਨਾਲ ਹੋ ਗਏ। ਫਿਰ ਹਿੰਦੂ ਫੌਜ ਨੇ ਭੀ ਨਾਂਹ ਕਰ ਦਿਤੀ, ਫਿਰ ਸਭ ਭਾਰਤੀ ਫੌਜਾਂ ਹੱਦ ਤੋਂ ਕੱਢ ਲਈਆਂ ਤੇ ਅੰਗਰੇਜੀ ਫੌਜ ਭੇਜ ਕੇ ਪਿਸ਼ਾਵਰ ਕਬਜੇ ਵਿਚ ਕੀਤਾ। ਇਥੇ ਪੰਜਾਹ ਸ਼ਹੀਦ ਹੋਏ ਤੇ ਗੜਵਾਲੀ ਸਿਪਾਹੀਆਂ ਨੂੰ ਲੰਬੀ ਕੈਦ। ਪਰ ਇਹਨਾਂ ਗੜਵਾਲੀ ਫੌਜੀਆਂ ਉਤੇ ਕਾਂਗਰਸੀ ਨੇਤਾ ਗਾਂਧੀ ਜੀ ਅਤਿ ਨਾਰਾਜ ਹੋਏ ਕਿਉਂਕਿ ਉਨਾਂ ਨੂੰ ਆਪਣੀ ਚੌਧਰ ਖਤਰੇ ਵਿਚ ਦਿਸਦੀ ਸੀ। ਗਾਂਧੀ ਜੀ ਨੇ ਇਉਂ ਇੰਟਰਵਿਊ ਵਿਚ ਆਖਿਆ, "ਇਕ ਫੌਜੀ ਜੋ ਗੋਲੀ ਚਲਾਉਣ ਤੋਂ ਨਾਂਹ ਕਰਦਾ ਹੈ ਉਹ ਸੌਂਹ ਤੋੜਦਾ ਹੈ ਅਤੇ ਇਸ ਤਰਾਂ ਹੁਕਮ ਅਦੂਲੀ ਦੇ ਜੁਰਮ ਦਾ ਦੋਸ਼ੀ ਹੈ (guilty of criminal disobedience] ਮੈਂ ਅਫਸਰਾਂ ਤੇ ਸਿਪਾਹੀਆਂ ਨੂੰ ਹੁਕਮ ਨਾ ਮੰਨਣ ਲਈ ਨਹੀਂ ਆਖਦਾ। ਕਿਉਂਕਿ ਜਦੋਂ ਮੈਂ ਤਾਕਤ ਵਿਚ ਆਇਆ ਮੈਂ ਵੀ ਉਨਾਂ ਅਫਸਰਾਂ ਤੇ ਸਿਪਾਹੀਆਂ ਤੋਂ ਕੰਮ ਲੈਣਾ ਹੈ।" (ਫਰਵਰੀ 20,1932)

ਕੀ ਇਹ ਉਪਰਲਾ ਬਿਆਨ ਗਾਂਧੀ ਜੀ ਦੇ ਸਾਰੀ ਸਿਆਸਤ, ਮੌਕਾਪ੍ਰਸਤੀ ਅਤੇ ਅਹਿੰਸਾ ਦੇ ਪਾਜ ਨਹੀਂ ਉਧੇੜਦਾ? 90000 ਲੋਕ ਧੜਾ ਧੜ ਜੇਲਾਂ ਵਿਚ ਗਏ ਅਤਿ ਦੀ ਚੜਤ ਸੀ। ਪਰ 1930 ਦੀ ਲੰਡਨ ਗੋਲ ਮੇਜਕਾਨਫਰੰਸ ਉਤੇ ਕਾਂਗਰਸ ਨਾ ਗਈ ਪਰ ਇਸ ਨੂੰ ਕਾਂਗਰਸ ਤੇ ਅੰਗਰੇਜ ਵਿਚਕਾਰ ਕਾਨਫਰੰਸ ਦੇ ਉਪਰਾਲੇ ਹੋਣ ਲੱਗੇ। ਅੰਗਰੇਜ ਡਰ ਗਏ। ਗਾਂਧੀ ਜੀ ਨੇ ਵਾਇਸਰਾਏ ਇਰਵਨ ਨਾਲ ਗਲ ਬਾਤ ਕੀਤੀ। ਇਰਵਨ ਨੇ ਲਹਿਰ ਵਾਪਸ ਲੈਣ ਲਈ ਆਖਿਆ ਤੇ ਸਭ ਕਾਂਗਰਸੀ ਛੱਡਣ ਲਈ ਵਾਅਦਾ ਦਿਤਾ ਪਰ ਨਾਲ ਹੀ ਆਖ ਦਿਤਾ ਕਿ ਲਾਹੌਰ ਸਾਜਸ਼ ਕੇਸ ਵਾਲੇ (ਭਾਵ ਭਗਤ ਸਿੰਘ, ਰਾਜਗੁਰੂ ਸੁਖਦੇਵ ਤੇ ਉਸ ਦੇ ਸਾਥੀ) ਮੇਰਠ ਸਾਜਸ਼ ਕੇਸ ਵਾਲੇ (ਭਾਵ ਕਮਿਊਨਿਸਟ) ਅਤੇ ਅਨੁਸ਼ਿਲਨ ਆਦਿ ਨੂੰ ਨਹੀਂ ਛਡਣਾ। ਗਾਂਧੀ ਜੀ ਮੰਨ ਗਏ। ਫਿਰ ਸ੍ਰ.ਭਗਤ ਸਿੰਘਹੋਰਾਂ ਨੂੰ ਛੇਤੀ ਕਾਂਗਰਸ ਦੇ ਕਰਾਂਚੀ ਸੈਸ਼ਨ ਤੋਂ ਪਹਿਲਾਂ ਫਾਂਸੀ ਦੇਣ ਲਈ ਆਖਿਆ। ਇਓਂ ਹੀ ਹੋਇਆ।

ਗਾਂਧੀ ਇਰਵਨ ਸਮਝੌਤਾ ਹੋ ਗਿਆ ਤੇ ਲੰਡਨ ਦੀ ਗੋਲ ਮੇਜ ਕਾਨਫਰੰਸ ਵਿਚੋਂ ਗਾਂਧੀ ਜੀ ਖਾਲੀ ਹੱਥੀਂ ਮੁੜੇ। ਪਰ ਇਧਰ ਅਗਾਂਹ ਵਧੂਆਂ ਦਾ ਜਰੂਰ ਕਚੂਮਰ ਕਢਵਾਇਆ, ਇਕ ਵੇਰ ਫਿਰ ਲੋਕਾਂ ਨਾਲ ਛਲ ਹੋਗਿਆ। ਲੋਕਾਂ ਦਾ ਮੂੰਹ ਪੂਜਣ ਤੇ ਪਰਦਾ ਪੋਸ਼ੀ ਕਰਾਚੀ ਸੈਸ਼ਨ (ਜੋ ਭਗਤ ਸਿੰਘ ਹੋਰਾਂ ਦੇ ਸਿਰਾਂ ਦਾ ਸੈਸ਼ਨ ਬਣ ਗਿਆ ਜੋ ਗਾਂਧੀ ਜੀ ਨਹੀਂ ਚਾਹੁੰਦੇ ਸਨ) ਵਿਚ ਸਮਾਜਕ ਤੇ ਆਰਥਕ ਪ੍ਰੋਗਰਾਮ "ਬੁਨਿਆਦੀ ਹੱਕਾਂ" ਦੇ ਮਤੇ ਵਿਚ ਪਾਸ ਕੀਤਾ। ਪਰ ਇਹ ਪ੍ਰੋਗਰਾਮ ਅੱਜ 1980 ਤਕ ਲਾਗੂ ਨਹੀਂ ਹੋਇਆ (ਹੋ ਹੀ ਨਹੀਂ ਸੀ ਸਕਦਾ ਕਿਉਂਕਿ ਕਾਂਗਰਸ ਦੇ ਜਮਾਤੀ ਹਿੱਤ ਸਰਮਾਏਦਾਰ ਜਾਗੀਰਦਾਰ ਜਮਾਤ ਨਾਲ ਹਨ) ਇਹ ਗਾਂਧੀ ਇਰਵਨ ਸਮਝੌਤਾ ਅੰਗਰੇਜਾਂ ਅੱਗੇ ਗੋਡੇ ਟੇਕਣਾ ਸੀ। ਇਹ ਗੱਲ ਹੋਈ "ਸ਼ਾਹ ਮੁਹੰਮਦਾ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ" (ਅਸਲ ਵਿਚ ਹਰਵਾਈਆਂ ਗਈਆਂ)

ਅੰਗਰੇਜ਼ਾਂ ਨੇ ਤਸ਼ਦਦ ਵਧਾ ਦਿਤਾ। 1933 ਵਿਚ ਇਕ ਲੱਖ ਵੀਹ ਹਜ਼ਾਰ ਭਾਰਤੀ ਜੇਲਾਂ ਵਿਚ ਡੱਕੇ ਗਏ। ਕਾਂਗਰਸ ਨੇ ਜਿਮੀਦਾਰਾਂ ਨੂੰ ਮਤਾ ਭੇਜਿਆ ਤੇ ਯਕੀਨ ਦੁਆਇਆ ਕਿ ਉਨਾਂ ਦੇ ਹਿਤਾਂ ਵਿਰੁਧ ਕੋਈ ਮੁਹਿਮ ਨਹੀਂ ਚਲਾਈ ਜਾਏਗੀ। ਹੁਣ 1932 ਦੇ ਆਖਰ ਵਿਚ ਮਹਾਤਮਾ ਗਾਂਧੀ ਜੀ ਮੁੜ ਕੌਮੀ ਜੱਦੋ ਜਹਿਦ ਵਿਚੋਂ ਹਟਕੇ ਹਰੀਜਨ ਮਸਲੇ ਨਾਲ ਹੋਗਏ। "ਮਰਨ ਵਰਤ" ਆਦਿ ਵੀ ਕੌਮੀ ਆਜਾਦੀ ਲਈ ਨਹੀਂ ਬਲਕਿ ਹੋਰ ਸਮਾਜੀ ਮਸਲੇ ਉਤੇ (ਸਤੰਬਰ 1932 ਦੀ ਗੱਲ) ਗਾਂਧੀ ਜੀ ਦੇ 42 ਦਿਨ ਦੇ ਵਰਤ ਨੂੰ ਖੂਬ ਧਮਾਇਆ ਜਾਂਦਾ ਹੈ। ਪਰ ਬਾਬਾ ਗੁਰਮੁਖ ਸਿੰਘ ਦੇ 96 ਦਿਨ ਦੇ ਵਰਤ ਬਾਰੇ ਕੋਈ ਗਲ ਨਹੀਂ ਦੱਸੀ ਜਾਂਦੀ।

ਆਖਰ ਮਈ 1934 ਵਿਚ ਆਲ ਇੰਡੀਆ ਕਾਂਗਰਸ ਕਮੇਟੀ ਨੇ ਪਟਨਾ ਮੀਟਿੰਗ ਵਿਚ "ਸਿਵਲ ਨਾ ਫਰਮਾਨੀ" ਦੀ ਮੁਹਿਮ ਨੂੰ ਬਿਨਾਂ ਸ਼ਰਤ ਤੋਂ ਵਾਪਸ ਲੈ ਲਿਆ। ਕਾਂਗਰਸ ਪਾਰਟੀ ਉਤੋਂ ਸਭ ਪਾਬੰਦੀਆਂ ਹਟਾ ਦਿਤੀਆਂ (ਜੂਨ 1934

(ਬਾਕੀ ਸਫਾ 8 ਤੇ)

ਅੱਜ ਦੇ ਭਾਰਤ ਦੀ ਤਸਵੀਰ

● ਭਾਰਤ ਵਿਚ 90,500 ਤੋਂ ਵਧ ਪਿੰਡਾਂ ਦੇ ਲੋਕਾਂ ਨੂੰ 1.6 ਕਿਲੋਮੀਟਰ ਤੋਂ ਵਧ ਫਾਸਲੇ ਤੋਂ ਪਾਣੀ ਲਿਆਉਣੀ ਪੈਂਦਾ ਹੈ। 37,000 ਤੋਂ ਵਧ ਪਿੰਡਾਂ ਵਿਚ ਪੀਣ ਵਾਲੇ ਪਾਣੀ ਨਾਲ ਹੈਜ਼ਾ ਆਦਿ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ। 24,800 ਤੋਂ ਵਧ ਪਿੰਡਾਂ ਦੇ ਪਾਣੀ ਵਿਚ ਲੂਣ, ਲੋਹਾ ਅਤੇ ਫਲੋਰਾਈਡ ਦੀ ਭਾਰੀ ਮਾਤਰਾ ਹੈ।

● ਭਾਰਤ ਦੀ ਧਰਤੀ ਬੜੀ ਤੇਜ਼ੀ ਨਾਲ ਬੰਜਰ ਬਣਦੀ ਜਾ ਰਹੀ ਹੈ। 50 ਪ੍ਰਤੀਸ਼ਤ ਤੋਂ ਵਧ ਜ਼ਮੀਨ ਦੇ ਖੁਰ ਜਾਣ ਦਾ ਖਤਰਾ ਹੈ। ਜ਼ਮੀਨ ਦਾ ਬਹੁਤ ਸਾਰਾ ਹਿੱਸਾ ਖੁਰਣ, ਵਧ ਲੂਣ ਅਤੇ ਸੇਮ ਨਾਲ ਜ਼ਾਇਆ ਹੋ ਰਿਹਾ ਹੈ। 10 ਲਖ ਹੈਕਟਰ ਤੋਂ ਵਧ ਜ਼ਮੀਨ ਵਿਚੋਂ ਹਰ ਸਾਲ ਜੰਗਲ ਕਟੇ ਜਾਂਦੇ ਹਨ। ਦੇਸ਼ ਦੀਆਂ 70 ਪ੍ਰਤੀਸ਼ਤ ਤੋਂ ਵਧ ਝੀਲਾਂ ਅਤੇ ਦਰਿਆਵਾਂ ਦਾ ਪਾਣੀ ਬਹੁਤ ਦੂਸ਼ਤ ਹੈ।

● 30 ਸਾਲਾਂ ਪਿਛੋਂ ਵੀ 60 ਪ੍ਰਤੀਸ਼ਤ ਬੱਚੇ (11 ਤੋਂ 14 ਸਾਲਾਂ ਦੇ) ਸਕੂਲ ਜਾਣ ਦੇ ਯੋਗ ਨਹੀਂ।

● 1951 ਵਿਚ ਅਨਪੜ੍ਹਾਂ ਦੀ ਗਿਣਤੀ 30 ਕਰੋੜ ਤੇ 20 ਲਖ ਸੀ। ਇਹ ਗਿਣਤੀ 1981 ਦੀ ਮਰਦਮਸ਼ੁਮਾਰੀ ਅਨੁਸਾਰ 44 ਕਰੋੜ ਤੇ 60 ਲਖ ਹੋ ਗਈ ਹੈ।

● ਦੇਸ਼ ਵਿਚ 2937 ਅਜਿਹੇ ਸਕੂਲ ਹਨ ਜਿਥੇ ਇਕ ਵੀ ਅਧਿਆਪਕ ਨਹੀਂ। ਇਨ੍ਹਾਂ ਸਕੂਲਾਂ ਦੀ ਬਹੁਤੀ ਗਿਣਤੀ ਪੇਂਡੂ ਖੇਤਰਾਂ ਵਿਚ ਹੈ। ਲਗਭਗ 1,65,000 ਸਕੂਲਾਂ ਵਿਚ ਕੇਵਲ ਇਕ ਇਕ ਅਧਿ-ਆਪਕ ਹੈ।

● ਪੇਂਡੂ ਖੇਤਰ ਦੇ 51.4 ਪ੍ਰਤੀਸ਼ਤ ਘਰਾਂ ਦੇ ਅਤੇ 20.4 ਪ੍ਰਤੀਸ਼ਤ ਸ਼ਹਿਰੀ ਖੇਤਰ ਦੇ ਘਰਾਂ ਦੇ ਛਤ ਘਾਹ, ਪਤਿਆਂ, ਸਿਰਕੀਆਂ, ਲਕੜ ਜਾਂ ਬਾਂਸਾਂ ਦੇ ਬਣੇ ਹੋਏ ਹਨ। ਇਸੇ ਤਰ੍ਹਾਂ ਪੇਂਡੂ ਖੇਤਰ ਦੇ 73.1 ਪ੍ਰਤੀਸ਼ਤ ਘਰਾਂ ਦੀਆਂ ਕੰਧਾਂ ਅਤੇ ਸ਼ਹਿਰੀ ਖੇਤਰ ਦੇ 28.4 ਪ੍ਰਤੀਸ਼ਤ ਘਰਾਂ ਦੀਆਂ ਕੰਧਾਂ ਘਾਹ, ਪੱਤਿਆਂ, ਸਿਰਕੀਆਂ, ਬਾਂਸਾਂ, ਮਿੱਟੀ, ਕੱਚੀਆਂ ਇੱਟਾਂ ਜਾਂ ਲਕੜੀ ਦੀਆਂ ਬਣੀਆਂ ਹੋਈਆਂ ਹਨ।

● 1985 ਵਿਚ ਗੰਦੀਆਂ ਬਸਤੀਆਂ ਵਿਚ ਰਹਿਣ ਵਾਲੇ ਲੋਕਾਂ ਦੀ ਗਿਣਤੀ 3 ਕਰੋੜ 30 ਲਖ ਹੋ ਜਾਵੇਗੀ।

● ਡਾਇਰੀਆ (ਟਟੀਆਂ ਲਗਣੀਆਂ) ਨਾਲ ਭਾਰਤ ਵਿਚ ਇਕ ਮਿੰਟ ਵਿਚ 3 ਬੱਚੇ ਮਰ ਜਾਂਦੇ ਹਨ। ਇਕ ਸਾਲ ਵਿਚ ਇਹ ਗਿਣਤੀ 15 ਲਖ ਬਣਦੀ ਹੈ। ਹਰ ਇਕ ਸੈਕੰਡ ਪਿਛੋਂ ਇਕ ਬੱਚੇ ਨੂੰ ਇਹ ਬਿਮਾਰੀ ਲਗਦੀ ਹੈ।

● ਭਾਰਤ ਵਿਚ ਤਪਦਿਕ ਨਾਲ ਹਰ ਸਾਲ 5 ਲਖ ਲੋਕ ਮਰ ਜਾਂਦੇ ਹਨ ਅਤੇ 1 ਕਰੋੜ 40 ਲਖ ਲੋਕਾਂ ਨੂੰ ਇਹ ਬਿਮਾਰੀ ਹੈ। ਪਰ ਇਸ ਦੇ ਇਲਾਜ ਲਈ ਵਰਤੀ ਜਾਣ ਵਾਲੀ ਦਵਾਈ, ਸਟਰੈਪਟੋਮਾਇਸਿਨ ਦੀ ਵਿਕਰੀ ਸਾਰੀਆਂ ਕੀਟਾਣੂ ਨਾਸ਼ਕ ਦਵਾਈਆਂ ਦੀ ਵਿਕਰੀ ਨਾਲੋਂ ਘਟ ਹੈ।

● 1980 ਵਿਚ ਰੁਜ਼ਗਾਰ ਦਫਤਰ ਦੇ ਰਜਿਸਟਰਾਂ ਵਿਚ ਰੁਜ਼ਗਾਰ ਢੂੰਡਣ ਵਾਲਿਆਂ ਦੀ ਗਿਣਤੀ 1 ਕਰੋੜ 62 ਲਖ ਸੀ ਜਿਹੜੀ 1982 ਵਿਚ 1 ਕਰੋੜ 92 ਲਖ ਹੋ ਗਈ।

● ਇੰਜੀਨੀਅਰਿੰਗ ਅਤੇ ਟੈਕਨਾਲੋਜੀ ਦੇ ਗਰੈਜੂਏਟਾਂ ਦੀ ਗਿਣਤੀ 22,700 ਹੈ। 17,100 ਮੈਡੀਕਲ ਗਰੈਜੂਏਟ ਹਨ। ਇੰਜੀਨੀਅਰਿੰਗ ਅਤੇ ਟੈਕਨਾਲੋਜੀ ਵਿਚ ਬੇਰੁਜ਼ਗਾਰ ਪੋਸਟ ਗਰੈਜੂਏਟਾਂ ਦੀ ਗਿਣਤੀ ਕ੍ਰਮਵਾਰ 15,000 ਅਤੇ 900 ਹੈ। 1981 ਵਿਚ ਇੰਜੀਨੀਅਰਿੰਗ ਅਤੇ ਟੈਕਨਾਲੋਜੀ ਵਿਚ ਡਿਪਲੋਮਾ ਹੋਲਡਰਾਂ ਦੀ ਗਿਣਤੀ 1,06,200 ਸੀ।

● ਬੇਰੁਜ਼ਗਾਰਾਂ ਵਿਚ ਖੇਤੀਬਾੜੀ ਦੇ ਗਰੈਜੂਏਟਾਂ ਦੀ ਗਿਣਤੀ 12,000 ਅਤੇ ਲਾਅ ਗਰੈਜੂਏਟਾਂ ਦੀ ਗਿਣਤੀ 5000 ਹੈ।

● ਲਗਭਗ 2,00,000 ਭਾਰਤੀ ਬੱਚੇ ਬੋਲੇ ਹਨ। ਇਨ੍ਹਾਂ ਵਿਚੋਂ 68 ਪ੍ਰਤੀਸ਼ਤ ਬਹੁਤ ਹੀ ਬੋਲੇ ਹਨ। (80 ਪ੍ਰਤੀਸ਼ਤ ਤੋਂ ਵਧ ਬਿਲਕੁਲ ਸੁਣ ਨਹੀਂ ਸਕਦੇ) ਅਤੇ 26 ਪ੍ਰਤੀਸ਼ਤ ਅੱਧ ਪਚਦੇ ਬੋਲੇ ਹਨ।

● 70 ਪ੍ਰਤੀਸ਼ਤ ਤੋਂ ਵਧ ਲੜਕੀਆਂ (11-14 ਸਾਲ) ਸਕੂਲ ਨਹੀਂ ਜਾਂਦੀਆਂ। ਦੇਸ਼ ਦੀਆਂ 78 ਪ੍ਰਤੀਸ਼ਤ ਔਰਤਾਂ ਹਾਲੇ ਤਕ ਅਨਪੜ੍ਹ ਹਨ। ਅਨਪੜ੍ਹ ਔਰਤਾਂ ਦੀ ਗਿਣਤੀ ਵਿਚ 1951 ਵਿਚ 16 ਕਰੋੜ 10 ਲਖ ਸੀ ਜਿਹੜੀ 1981 ਵਿਚ ਵਧਕੇ 25 ਕਰੋੜ 10 ਲਖ ਹੋ ਗਈ।

● ਦੇਸ਼ ਵਿਚ ਹਰ ਦੋ ਘੰਟਿਆਂ ਪਿਛੋਂ ਇਕ ਔਰਤ ਨਾਲ ਬਲਾਤਕਾਰ ਹੁੰਦਾ ਹੈ। ਹਰ ਸਾਲ 20 ਲੱਖ ਔਰਤਾਂ ਨਾਲ ਬਲਾਤਕਾਰ ਹੁੰਦਾ ਹੈ। ਭਾਰਤ ਦੀ ਰਾਜ-ਧਾਨੀ ਦਿੱਲੀ ਵਿਚ ਪ੍ਰਤੀ ਦਿਨ ਦਹੇਜ਼ ਦੇ ਸੰਬੰਧ ਵਿਚ ਇਕ ਲੜਕੀ ਦੀ ਮੌਤ ਹੋ ਜਾਂਦੀ ਹੈ ਭਾਵੇਂ ਅਜਿਹੀਆਂ ਬਹੁਤੀਆਂ ਮੌਤਾਂ ਦਾ ਪਤਾ ਨਹੀਂ ਲਗਦਾ।

● ਦਿੱਲੀ ਵਿਚ ਸੜ ਕੇ ਮਰਨ ਵਾਲੀਆਂ ਔਰਤਾਂ ਦੀ ਗਿਣਤੀ ਬਾਕੀ ਕੇਂਦਰੀ ਖੇਤਰਾ ਵਿਚ ਇਸ ਤਰ੍ਹਾਂ ਮਰਨ ਵਾਲੀਆਂ ਔਰਤਾਂ ਦੀ ਗਿਣਤੀ ਨਾਲੋਂ ਪੰਜ ਛੇ ਗੁਣਾ ਵਧ ਹੈ। ਦਿੱਲੀ ਵਿਚ 1977 ਵਿਚ 311 ਔਰਤਾਂ ਸੜ ਕੇ ਮਰੀਆਂ। 1982 ਵਿਚ ਇਹ ਗਿਣਤੀ 610 ਸੀ।

● 1981 ਵਿਚ ਦੇਸ਼ ਦੇ ਰੁਜ਼ਗਾਰ ਦਫਤਰਾਂ ਵਿਚ 20 ਲਖ 60 ਹਜ਼ਾਰ ਔਰਤਾਂ ਨੇ ਆਪਣੇ ਨਾਂ ਦਰਜ ਕਰਵਾਏ ਪਰ 1980 ਵਿਚ ਇਹ ਗਿਣਤੀ 20 ਲਖ 32 ਹਜ਼ਾਰ ਸੀ। ਇਨ੍ਹਾਂ ਵਿਚੋਂ ਕੇਵਲ 50 ਹਜ਼ਾਰ ਔਰਤਾਂ ਨੂੰ ਹੀ ਰੁਜ਼ਗਾਰ ਮਿਲ ਸਕਿਆ ਅਤੇ ਬਾਕੀ ਦੀਆਂ ਬਹੁਤੀਆਂ ਔਰਤਾਂ ਨੂੰ ਮਜਬੂਰ ਹੋ ਕੇ ਬਹੁਤ ਘਟ ਪੈਸਿਆਂ ਤੇ ਗੈਰ ਜਥੇਬੰਦਕ ਅਦਾਰਿਆਂ ਵਿਚ ਨੌਕਰੀ ਕਰਨੀ ਪਈ।

● ਹਰ ਸਾਲ ਹਜ਼ਾਰਾਂ ਔਰਤਾਂ ਨੂੰ ਸਮਾਜਕ ਦਬਾਅ, ਗੁਲਾਮ ਬਣਾਕੇ ਵੇਚਣ ਅਤੇ ਅਤਿ ਦੀ ਗਰੀਬੀ ਕਾਰਨ ਮਜਬੂਰ ਹੋ ਕੇ ਵੇਸਵਾਵਾਂ ਦਾ ਕੰਮ ਕਰਨਾ ਪੈਂਦਾ ਹੈ। ਕਰਨਾਟਕ ਦੇ ਇਕ ਮੰਦਰ ਵਿਚ ਹੀ 5000 ਤੋਂ ਵਧ ਲੜਕੀਆਂ ਦੇਵਦਾਸੀਆਂ ਦੇ ਤੌਰ ਤੇ ਕੰਮ ਕਰ ਰਹੀਆਂ ਹਨ।

● ਇਸ ਵੇਲੇ ਦੁਨੀਆ ਵਿਚ 5 ਕਰੋੜ 20 ਲਖ ਮਜ਼ਦੂਰ ਬੱਚੇ ਹਨ ਜਿਨ੍ਹਾਂ ਵਿਚੋਂ 3 ਕਰੋੜ 20 ਲਖ ਏਸ਼ੀਆ ਦੀ ਬੱਚੇ ਹਨ। ਇਨ੍ਹਾਂ ਵਿਚੋਂ ਤੀਜੇ ਹਿੱਸੇ ਤੋਂ ਵਧ ਭਾਰਤੀ ਹਨ।

● 1 ਕਰੋੜ 50 ਲਖ ਤੋਂ ਵਧ ਭਾਰਤੀ ਬੱਚੇ ਬਹੁਤ ਘਟੀਆ ਖੁਰਾਕ ਖਾਣ ਕਰਕੇ ਮਰ ਜਾਂਦੇ ਹਨ।

● ਭਾਰਤ ਦੇ ਲਗਭਗ 30 ਹਜ਼ਾਰ ਬੱਚੇ ਹਰ ਸਾਲ ਇਸ ਲਈ ਅੰਨ੍ਹੇ ਹੋ ਜਾਂਦੇ ਹਨ ਕਿ ਵਿਟਾਮਿਨ ਏ ਦੀ ਘਾਟ ਕਰਕੇ ਉਨ੍ਹਾਂ ਦਾ ਸਮੇਂ ਸਿਰ ਇਲਾਜ ਨਹੀਂ ਹੁੰਦਾ।

● 1982-83 ਵਿਚ ਕੀਮਤਾਂ ਵਿਚ 6.3 ਪ੍ਰਤੀਸ਼ਤ ਦਾ ਵਾਧਾ ਹੋਇਆ। ਇਹ ਵਾਧਾ ਪਿਛਲੇ ਸਾਲ ਨਾਲੋਂ ਦੂਣੇ ਤੋਂ ਵਧ ਸੀ ਜਿਹੜਾ ਉਦੋਂ 2.4 ਪ੍ਰਤੀਸ਼ਤ ਸੀ। ਇਸਦਾ ਸਭ ਤੋਂ ਮਾੜਾ ਪੱਖ ਇਹ ਸੀ ਕਿ ਉਸ ਸਾਲ ਖਾਣ-ਪਣੀ ਦੀਆਂ ਚੀਜ਼ਾਂ ਵਿਚ 11.4 ਪ੍ਰਤੀਸ਼ਤ ਦਾ ਵਾਧਾ ਹੋਇਆ ਅਤੇ ਇਸ ਨਾਲ ਇਕ ਆਮ ਆਦਮੀ ਤੇ ਬਹੁਤ ਮਾੜਾ ਅਸਰ ਪਿਆ।

● ਅਜਿਹੀਆਂ ਕੰਪਨੀਆਂ ਜਿਹੜੀਆਂ ਮੋਨਾਪਲੀਜ਼ ਐਂਡ ਰੈਸਟਰਿਕਟਿਵ ਟਰੇਡ ਪਰੈਕਟਿਸਿਜ਼ ਐਕਟ ਅਧੀਨ ਚਲ ਰਹੀਆਂ ਸਨ ਤੇ ਜਿਨ੍ਹਾਂ ਦਾ ਕੰਟਰੋਲ ਸਨਅਤੀ ਘਰਾਣੇ ਕਰ ਰਹੇ ਸੀ, ਉਨ੍ਹਾਂ ਦੀ 1981 ਵਿਚ ਕੁਲ ਸੰਪਤੀ 124,26 ਕਰੋੜ ਤੋਂ ਵਧਕੇ 174,43 ਕਰੋੜ ਹੋ ਗਈ। ਇਨ੍ਹਾਂ ਕੰਪਨੀਆਂ ਦਾ 1981 ਵਿਚ ਕੁਲ ਲਾਭ 972 ਕਰੋੜ ਤੋਂ ਵਧਕੇ 1384 ਕਰੋੜ ਹੋ ਗਿਆ।

● 1981 ਵਿਚ 20 ਵੱਡੇ ਘਰਾਣਿਆਂ ਦੀ ਸੰਪਤੀ 8987 ਕਰੋੜ ਦੀ ਸੀ। 120,20 ਕਰੋੜ ਰੁਪਏ ਦਾ ਮਾਲ ਤਿਆਰ ਹੋਇਆ। ਟੈਕਸ ਤੋਂ ਬਿਨਾਂ 658 ਕਰੋੜ ਦਾ ਲਾਭ ਹੋਇਆ। ਅਦਾਸ਼ੁਦਾ ਸਰ-ਮਾਇਆ 995 ਕਰੋੜ ਦਾ ਸੀ।

● 1982 ਵਿਚ ਫਿਰਕੂ ਖਿਚਾਅ ਸਿਖਰ ਤੇ ਸੀ, 1982 ਵਿਚ ਫਿਰਕੂ ਦੰਗਿਆਂ ਦੀ ਗਿਣਤੀ 230 ਤੋਂ ਵਧਕੇ 474 ਤਕ ਹੋ ਗਈ। ਇਸ ਤਰ੍ਹਾਂ ਇਹ ਵਾਧਾ 100 ਪ੍ਰਤੀਸ਼ਤ ਸੀ। 1982 ਵਿਚ ਦੰਗਿਆਂ ਵਿਚ ਮਰਨ ਵਾਲਿਆਂ ਦੀ ਗਿਣਤੀ 196 ਤੋਂ 238 ਹੋ ਗਈ ਅਤੇ ਇਸ ਤਰ੍ਹਾਂ ਇਹ ਵਾਧਾ 20 ਪ੍ਰਤੀਸ਼ਤ ਸੀ। ਦੰਗਿਆਂ ਵਿਚ 1982 ਵਿਚ 3025 ਆਦਮੀ ਜ਼ਖਮੀ ਹੋਏ ਜਦੋਂਕਿ 1981 ਵਿਚ ਇਹ ਗਿਣਤੀ 2613 ਸੀ। ਇਸ ਤਰ੍ਹਾਂ 1978 ਵਿਚ ਜ਼ਖਮੀਆਂ ਦੀ ਗਿਣਤੀ (1853) ਨਾਲੋਂ 40 ਪ੍ਰਤੀਸ਼ਤ ਵਧ ਸੀ।

● ਜਨਵਰੀ 1980 ਤੋਂ ਦਸੰਬਰ 1982 ਤਕ ਫਿਰਕੂ ਦੰਗਿਆਂ ਨਾਲ 3.94 ਕਰੋੜ ਦੀ ਸੰਪਤੀ ਨਸ਼ਟ ਹੋਈ। 1980-82 ਵਿਚਕਾਰ 1200 ਤੋਂ ਵਧ ਫਿਰਕੂ ਝਗੜੇ ਹੋਏ ਅਤੇ ਇਸ ਤਰ੍ਹਾਂ 800 ਆਦਮੀ ਮਾਰੇ ਗਏ।

● 1978-80 ਵਿਚਕਾਰ ਫਿਰਕੂ ਝਗ-ੜਿਆਂ ਦਾ ਵੇਰਵਾ ਇਸ ਤਰ੍ਹਾਂ ਹੈ: 1978 ਵਿਚ 219 ਫਿਰਕੂ ਘਟਨਾਵਾਂ ਹੋਈਆਂ। ਇਨ੍ਹਾਂ ਵਿਚ 108 ਆਦਮੀ ਮਰੇ ਅਤੇ 1853 ਜ਼ਖਮੀ ਹੋਏ। 1979 ਵਿਚ 304 ਅਜਿਹੀਆਂ ਘਟਨਾਵਾਂ ਹੋਈਆਂ ਅਤੇ 261 ਹਲਾਕ ਅਤੇ 2379 ਜ਼ਖਮੀ ਹੋਏ। 1980 ਵਿਚ 417 ਫਿਰਕੂ ਘਟਨਾਵਾਂ ਹੋਈਆਂ ਅਤੇ 375 ਹਲਾਕ ਅਤੇ 2838 ਜ਼ਖਮੀ ਹੋਏ।

● ਜਨਵਰੀ 1981 ਅਤੇ ਦਸੰਬਰ 1982 ਵਿਚਕਾਰ ਫਿਰਕੂ ਘਟਨਾਵਾਂ ਦਾ ਵੇਰਵਾ ਇਸ ਤਰ੍ਹਾਂ ਹੈ: 1981 ਵਿਚ 319 ਘਟ-ਨਾਵਾਂ ਹੋਈਆਂ ਜਿਨ੍ਹਾਂ ਵਿਚ 196 ਮੌਤਾਂ ਅਤੇ 4859 ਆਦਮੀ ਜ਼ਖਮੀ ਹੋਏ। 1982 ਵਿਚ ਅਜਿਹੀਆਂ 474 ਘਟਨਾਵਾਂ ਹੋਈਆਂ ਜਿਨ੍ਹਾਂ ਵਿਚ 238 ਆਦਮੀ ਹਲਾਕ ਅਤੇ 3025 ਜ਼ਖਮੀ ਹੋਏ।

● ਇਕ ਸਰਕਾਰੀ ਅਨੁਮਾਨ ਅਨੁਸਾਰ ਕੇਵਲ ਅਸਾਮ ਵਿਚ ਹੀ ਜਨਵਰੀ 1983 ਤੋਂ ਲੈਕੇ ਅਪਰੈਲ 1983 ਤਕ ਫਿਰਕੂ ਦੰਗਿਆਂ ਵਿਚ 1344 ਮੌਤਾਂ ਹੋਈਆਂ।

● 1982 ਵਿਚ 550 ਤੋਂ ਵਧ ਹਰੀਜਨ ਔਰਤਾਂ ਨਾਲ ਬਲਾਤਕਾਰ ਹੋਇਆ।

● 1976 ਵਿਚ ਸਰਕਾਰੀ ਅੰਕੜਿਆਂ ਅਨੁਸਾਰ ਪੱਟੀ ਦਰਜ ਜਾਤੀਆਂ ਤੇ 6197 ਅਤਿਆਚਾਰ ਹੋਏ, ਉਸ ਤੋਂ ਅਗਲੇ ਸਾਲ 10987 ਅਜਿਹੇ ਅਤਿਆ-ਚਾਰ ਹੋਏ ਜਿਸ ਦਾ ਭਾਵ ਹੈ ਕਿ 75.55 ਪ੍ਰਤੀਸ਼ਤ ਵਾਧਾ ਹੋਇਆ। 1978 ਵਿਚ ਇਹ ਗਿਣਤੀ 15053 ਹੋ ਗਈ ਅਤੇ ਇਸ ਤਰ੍ਹਾਂ ਇਹ ਵਾਧਾ 1976 ਦੇ ਮੁਕਾਬਲੇ ਵਿਚ 142.91 ਪ੍ਰਤੀਸ਼ਤ ਸੀ।

● ਪਰ 1978 ਵਿਚ ਭਾਰਤ ਵਿਚ ਗਰੀਬਾਂ ਦੀ ਕੁਲ ਗਿਣਤੀ 29 ਕਰੋੜ ਸੀ (ਅਮਰੀਕਾ ਦੀ ਵਸੋਂ ਨਾਲੋਂ ਵਧ)। ਇਨ੍ਹਾਂ ਵਿਚੋਂ ਲਗਭਗ 16 ਕਰੋੜ ਲੋਕ ਗਰੀਬੀ ਦੀ ਲਾਈਨ ਤੋਂ ਵੀ 75 ਪ੍ਰਤੀਸ਼ਤ ਹੇਠਾਂ ਦੀ ਪੱਧਰ ਤੇ ਰਹਿ ਰਹੇ ਹਨ।

● ਸਰਕਾਰੀ ਅੰਕੜਿਆਂ ਅਨੁਸਾਰ ਗਰੀਬੀ ਦੀ ਲਾਈਨ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਗਿਣਤੀ 30 ਕਰੋੜ 40 ਲਖ ਹੈ ਜਿਹੜਾ ਕੁਲ ਵਸੋਂ ਦੀ 48 ਪ੍ਰਤੀਸ਼ਤ ਹੈ।



AMITABH BACHCHAN

H.D. Datta Enterprises

HD

THEY'RE COMING TOO





Disco Melody Queen
NAZIA HASSAN

Singing Sensation of U.K.
ZOHEB HASSAN



Gorgeous
RATI AGNIHOTRI

Along With Popular Singers
Manhar, Anwar, Alka Yagnik
Sadhna Sargam and Your
Favorite Film Stars of India

- AND -
KALYANJI-ANANDJI



Listen to the super star Amitabh Bachchan — actor, singer, showman *par excellence* sing and entertain you at Pacific Coliseum.

Amitabh is a phenomenon. In the Indian Film world, he, no doubt, occupies the top position. It's a once in a lifetime opportunity to see him performing live on the stage. It should not be missed!

*Editor Promod Puri in **The Link**, Vancouver, Canada.*

"That man walks on stage and dominates it with a charismatic magic of Elvis Presley or the Beatles."
— Cine Blitz

"Amitabh Bachchan, India's Superstar, his cult following verges on the incredible."
— Readers Digest

"Amitabh Bachchan, today's premier superstar."
— Sunday Times

"Amitabh's towering personality captivates the audience . . . his singing and dancing thrills the young and the old alike. It's a fantastic experience!"
— The Overseas Times

"Amitabh takes Houston by storm. I have never seen so much excitement in the Indian community here."
— India West



Tickets: ~~$7~~, ~~$12~~, $15, ~~$20~~, ~~$25~~, ~~$30~~, ~~$50~~ SOLD OUT

Available at the following locations:

VANCOUVER
PARADISE MUSIC CENTRE
PH: 321-4064
FRIENDLY TRAVELS
PH: 324-4480
WALIA GROCERY
PH: 321-7262
A & G INSURANCE
PH: 875-6288
MAIN FOOD CENTRE
PH: 324-4185
ASHOKA TRADING
PH: 324-7521
INDIA SARI PALACE
PH: 324-2565
GOYAL VIDEO KING
PH: 873-8309
ROXY VIDEO
PH: 321-8661
MANN MUSIC & VIDEOS
PH: 321-6667
TASLEEM VIDEO
PH: 873-2132

SURREY-DELTA
PARAMOUNT VIDEO
PH: 584-5668

ABBOTSFORD
BHAGAT ENT
PH: 853-4312
AMAR FOODS
PH: 853-6458

PORT COQUITLAM
RELIANT AUTO SALES
PH: 464-3725

To Order Tickets By Mail, Send Your Money Order/Cheque to

H.D. Datta Enterprises Ltd.
525 Lyn-court
Coquitlam, B.C. V3J 5N3
Ph.(604)931-8476